ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

# SATJUG


ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

1920 ਤੋਂ
ਸਾਲ 100 ਵਾਂ

੧ ਤੋਂ ੩੦ ਪੋਹ ੨੦੭੭ ਬਿ.
15 Dec. To 13 Jan. 2021

Price: Rs.5/-

ਜਿਲਦ 28
ਨੰਬਰ 22-23
Total Pages 52




# ਸਿੰਘੂ ਬਾਡਰ 'ਤੇ ਕਿਸਾਨੀ ਮੋਰਚੇ ਦੀਆਂ ਝਲਕੀਆਂ












# ਸਤਿਜੁਗ

੧ ਤੋਂ ੩੦ ਪੋਹ ੨੦੭੭ ਬਿ.

15 ਦਸੰਬਰ ਤੋਂ 13 ਜਨਵਰੀ 2021 ਈ:

ਜਿਲਦ 28, ਵੀਰਵਾਰ ਨੰਬਰ 22-23

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015



**Advisory Board:**
*Harvendra Singh Hanspal*
*Gurbhej Singh Guraya*

**Editorial Board:**
*Suwarn Singh 'Virk'*
*Sukhwinder Singh 'Lyall'*
***Sant Nishan Singh***
***Jaswant Singh 'Mast'***
***Bhajan Singh***
***Gurlal Singh***



*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ USD ਡਾਲਰ

***Designed and Typeset:***
***Hakam Singh***
***Taran Singh 'Bal'***
***Vishav Namdhari Sangat, Sri Bhaini Sahib***

***Satjug@sribhainisahib.com***



<u>ਪੱਤਰ ਵਿਹਾਰ ਦਾ ਪਤਾ :</u>
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 99147-02201
98155-75099


# ਤਤਕਰਾ


* ਸੰਪਾਦਕੀ- ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ
ਜਸਵੰਤ ਸਿੰਘ ਮਸਤ................................4

* ਮਾਤਾ ਗੁਜਰੀ ਜੀ ਦੀ ਸ਼ਹੀਦੀ
ਡਾ. ਤ੍ਰਿਲੋਚਨ ਸਿੰਘ...............................6

* ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ: ਇਕ ਨਵਾਂ ਦ੍ਰਿਸ਼ਟੀਕੋਣ
ਦਵਿੰਦਰ ਸਿੰਘ ਗਿੱਲ..............................10

* ਨਾਮਧਾਰੀ ਹਾਕੀ ਟੀਮ ਦੀ ਦਾਸਤਾਨ
ਭਜਨ ਸਿੰਘ.......................................16

* ਵਕਤ ਦੀ ਕਦਰ
ਗੁਰਬਖਸ਼ ਸਿੰਘ ਪ੍ਰੀਤਲੜੀ........................33

* ਵਧੇਰੇ ਪ੍ਰੋਟੀਨ ਗੁਣਵੱਤਾ ਵਾਲੀ ਮੱਕੀ
ਡਾ. ਆਲਾ ਸਿੰਘ, ਡਾ. ਧਰਮਪਾਲ................35

* The Dampness in the eyes
Taranjit singh Namdhari............................36

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਕਵੀ ਪ੍ਰੀਤਮ ਸਿੰਘ ਜੀ................37

* A Saga of Sri Satguru Jagjit Singh ji
Dr. Sharada Jayagovind .............41

* ਸੁੱਚੇ ਮੋਤੀ ..............................................44

* ਬੱਚਿਆਂ ਦਾ ਪੰਨਾ...........................................46

* ਖ਼ਬਰਨਾਮਾ.................................................47


ਨੋਟ: ਲੇਖਕਾਂ ਦੇ ਵਿਚਾਰ ਨਿੱਜੀ ਹੋ ਸਕਦੇ ਹਨ, ਉਹਨਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ

ਇੱਕ ਗੱਲ ਵਾਰ-ਵਾਰ ਜ਼ਿਹਨ ਵਿੱਚ ਆਉਂਦੀ ਹੈ ਕਿ ਕਿਸਾਨਾਂ ਨਾਲ ਹਰ ਸਰਕਾਰ ਮਤਰੇਈ ਮਾਂ ਵਾਲਾ ਸਲੂਕ ਕਿਉਂ ਕਰਦੀ ਹੈ? ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਅੰਗਰੇਜ਼ ਸਰਕਾਰ ਤੋਂ ਲੈ ਕੇ ਹੁਣ ਤੱਕ ਦੀਆਂ ਸਾਰੀਆਂ ਸਰਕਾਰਾਂ ਕਿਸਾਨਾਂ ਨਾਲ ਬੇਗਾਨਿਆਂ ਵਾਲਾ ਸਲੂਕ ਕਰਦੀਆਂ ਆ ਰਹੀਆਂ ਨੇ। ਹੋਰ ਤਾਂ ਹੋਰ, ਕਿਸਾਨਾਂ ਦੇ ਘਰਾਂ ਵਿੱਚ ਜੰਮੇ-ਪਲੇ ਬੱਚੇ ਵੀ ਅਕਸਰ ਹੀ ਲੀਡਰ ਬਨਣ ਤੋਂ ਬਾਅਦ ਕਿਸਾਨਾਂ ਦੇ ਦੁੱਖ ਦਰਦ ਭੁੱਲ ਜਾਂਦੇ ਹਨ ਤੇ ਕੋਈ ਵਿਰਲਾ ਹੀ ਕਿਸਾਨਾਂ ਦੇ ਭਲੇ ਲਈ ਕੰਮ ਕਰਦਾ ਹੈ। ਵੋਟਾਂ ਤੋਂ ਪਹਿਲਾਂ ਕਿਸਾਨਾਂ ਦਾ ਭਲਾ ਕਰਨ ਲਈ ਵੱਡੇ-ਵੱਡੇ ਦਾਅਵੇ ਕੀਤੇ ਜਾਂਦੇ ਹਨ ਤੇ ਵੋਟਾਂ ਖ਼ਤਮ ਹੋਣ ਤੋਂ ਬਾਅਦ ਸਿਆਸੀ ਧਿਰਾਂ ਕਿਸਾਨੀ ਮੁੱਦੇ ਤੇ ਚੁੱਪੀ ਸਾਧ ਲੈਂਦੀਆਂ ਹਨ। ਜੇ ਕੋਈ ਲੀਡਰ ਕਿਸਾਨੀ ਮੁੱਦੇ ਦੀ ਗੱਲ ਕਰਦਾ ਹੈ ਤਾਂ ਬਾਕੀ ਸਿਸਟਮ ਉਸ ਨੂੰ ਚੁੱਪ ਕਰਾ ਦਿੰਦਾ ਹੈ। ਜਦੋਂ ਕਿਸਾਨ ਸੰਗਠਨ ਆਪਣੀਆਂ ਮੰਗਾਂ ਨੂੰ ਮੁੱਖ ਰੱਖ ਕੇ ਪ੍ਰਦਰਸ਼ਨ ਕਰਦੇ ਹਨ ਤਾਂ ਉਨ੍ਹਾਂ ਤੇ ਪਰਚੇ ਦਰਜ ਕਰਨੇ, ਜੇਲ੍ਹਾਂ ਵਿੱਚ ਡੱਕਣਾ ਤਾਂ ਆਮ ਰਵਾਇਤ ਹੈ। ਜਿਹੜੇ ਲੀਡਰ ਜਾਂ ਉਨ੍ਹਾਂ ਦੇ ਚਮਚੇ ਵੋਟਾਂ ਤੋਂ ਪਹਿਲਾਂ ਕਿਸਾਨਾਂ ਨੂੰ ਅੰਨਦਾਤਾ ਕਹਿੰਦੇ ਹਨ, ਉਹੀ ਲੀਡਰ ਜਿੱਤਣ ਤੋਂ ਬਾਅਦ ਕਿਸਾਨਾਂ ਦੁਆਰਾ ਹੱਕ ਮੰਗਣ ਤੇ ਉਨ੍ਹਾਂ ਨੂੰ ਬਦਨਾਮ ਕਰਨ ਲਈ ਦੇਸ਼-ਧਰੋਹੀ, ਅੱਤਵਾਦੀ, ਅਰਾਜਕਤਾਵਾਦੀ, ਮਾਓਵਾਦੀ, ਖਾਲਿਸਤਾਨੀ ਜਾਂ ਫਿਰ ਜੇ ਕੋਈ ਹੋਰ ਗੱਲ ਨਾ ਲੱਭੇ ਤਾਂ ਚੀਨ ਤੇ ਪਾਕਿਸਤਾਨ ਦੇ ਏਜੰਟ ਹੀ ਕਹਿ ਦਿੰਦੇ ਹਨ, ਨੈਸ਼ਨਲ ਪੱਧਰ ਦੇ ਬਹੁਤ ਸਾਰੇ ਵੱਡੇ ਚੈਨਲ ਵੀ ਇਹੋ ਕੂੜ ਪ੍ਰਚਾਰ ਕਰਦੇ ਹਨ। ਪਤਾ ਨਹੀਂ ਦੇਸ਼ ਦੇ ਆਗੂਆਂ ਨੂੰ ਆਪਣੇ ਹੀ ਦੇਸ਼ ਵਾਸੀਆਂ ਨਾਲ ਅਜਿਹਾ ਸਲੂਕ ਕਰਕੇ ਕੀ ਮਿਲਦਾ ਹੈ। ਪ੍ਰਸ਼ਾਸਨ ਨੇ ਆਪਣੇ ਅਜਿਹੇ ਕੋਝੇ ਚਰਿੱਤਰ ਦਾ ਪ੍ਰਦਰਸ਼ਨ ਕਈ ਵਾਰ ਕੀਤਾ ਹੈ। ਆਮ ਕਿਸਾਨਾਂ ਨਾਲ ਤਾਂ ਕਿਸੇ ਨੇ ਕੀ ਘੱਟ ਕਰਨੀ ਹੈ। ਸਗੋਂ ਨਾਮੀ ਬੰਦਿਆਂ ਨਾਲ ਵੀ ਕਦੀ ਘੱਟ ਨਹੀਂ ਕੀਤੀ ਗਈ। ਪ੍ਰਸਿੱਧ ਦੇਸ਼ ਭਗਤ ਤੇ ਗਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਵਰਗਿਆਂ ਨੂੰ ਵੀ ਅਜਿਹੇ ਕੂੜ ਪ੍ਰਚਾਰ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਵੀ ਕਿਸਾਨੀ ਮੁੱਦਿਆਂ ’ਤੇ ਕਈ ਵਾਰ ਜ਼ੇਲ ਕੱਟੀ ਪਰ ਅਫਸੋਸ ਦੀ ਗੱਲ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਭਕਨਾ ਜੀ ਵਰਗੇ ਲੋਕਾਂ ਦੀਆਂ ਕਿਸਾਨੀ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ।

ਕਿਸਾਨ ਸਾਰੇ ਦੇਸ਼ ਦਾ ਢਿੱਡ ਭਰਦਾ ਹੈ। ਜਿਸ ਵੇਲੇ ਭਾਰਤ ਵਿੱਚ ਭੁੱਖਮਾਰੀ ਦੇ ਆਮ ਹਾਲਾਤ ਪੈਦਾ ਹੋ ਜਾਂਦੇ ਸਨ ਤਾਂ ਕੇਂਦਰ ਸਰਕਾਰ ਨੇ 20 ਵੀਂ ਸਦੀ ਦੇ ਸੱਤਵੇਂ ਦਹਾਕੇ ਤੋਂ ਜ਼ੋਰ-ਸ਼ੋਰ ਨਾਲ ਹਰੀ ਕ੍ਰਾਂਤੀ ਦਾ ਪ੍ਰਬੰਧ ਖੜਾ ਕੀਤਾ ਤਾਂ ਕਿਸਾਨਾਂ ਨੇ ਸਰਕਾਰ ਦਾ ਭਰਪੂਰ ਸਾਥ ਦਿੱਤਾ ਤੇ ਪੂਰੇ ਦੇਸ਼ ਦੇ ਲੋਕਾਂ ਦਾ ਢਿੱਡ ਭਰਿਆ ਬੇਸ਼ੱਕ ਬਾਅਦ ਵਿੱਚ ਇਸ ਹਰੀ ਕ੍ਰਾਂਤੀ ਦੇ ਕਈ ਨੁਕਸਾਨ ਸਾਹਮਣੇ ਆਏ ਪਰ ਦੇਸ਼ ਨੂੰ ਭੁੱਖਮਰੀ ਤੋਂ ਬਚਾਉਣ ਲਈ ਕਿਸਾਨਾਂ ਨੇ ਦਿਨ-ਰਾਤ ਇੱਕ ਕਰ ਦਿੱਤਾ ਤੇ ਪੰਜਾਬ-ਹਰਿਆਣੇ ਨੇ ਹੀ ਇੰਨਾ ਅਨਾਜ ਪੈਦਾ ਕੀਤਾ ਕਿ ਸਾਰਾ ਦੇਸ਼ ਢਿੱਡ ਭਰ ਕੇ ਖਾ ਸਕਦਾ ਸੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਭੁੱਖਮਰੀ ਦੀ ਮੁਸੀਬਤ ਸਮੇਂ ਕਿਸਾਨਾਂ ਨੇ ਤਾਂ ਨੁਕਸਾਨਾਂ ਦੇ ਬਾਵਜੂਦ ਵੀ ਸਰਕਾਰ ਦਾ ਸਾਥ ਦਿੱਤਾ। ਪਰ ਸਰਕਾਰ ਕਿਸਾਨਾਂ ਨੂੰ ਮੁਸੀਬਤ ਸਮੇਂ ਕਦੀ ਵੀ ਉਨ੍ਹਾਂ ਦੀ ਬਾਂਹ ਨਹੀਂ ਫੜਦੀ ਸਗੋਂ ਅਜਿਹੀਆਂ ਨੀਤੀਆਂ ਬਣਾਉਂਦੀ ਰਹਿੰਦੀ ਹੈ ਜਿਸ ਨਾਲ ਉਨ੍ਹਾਂ ਦੀਆਂ ਮੁਸੀਬਤਾਂ ਵਿੱਚ ਹੋਰ ਵਾਧਾ ਹੁੰਦਾ ਹੈ।

ਸਰਕਾਰੀ ਵਿਅਕਤੀ ਕਹਿੰਦੇ ਨੇ ਕਿ ਅਨਾਜ ਬਹੁਤ ਹੋ ਜਾਂਦਾ ਹੈ ਇੰਨੇ ਅਨਾਜ ਦਾ ਕੀ ਕਰੀਏ। ਇਹ ਬਹਾਨੇ ਸਰਕਾਰ ਸਿਰਫ਼ ਇਸ ਲਈ ਲਾਉਂਦੀ ਹੈ ਕਿਉਂਕਿ ਉਹ ਕਿਸੇ ਵੀ ਜ਼ਿੰਮੇਵਾਰੀ ਵਿੱਚ ਨਹੀਂ ਪੈਣਾ ਚਾਹੁੰਦੀ। ਪੰਜਾਬ ਵਿੱਚ ਕਿਸੇ ਸਮੇਂ ਅੰਬਾਂ ਦੇ ਬਾਗ਼ (ਦੁਆਬੇ ਵਿੱਚ) ਤੇ ਹੋਰ ਫਲਦਾਰ ਬੂਟਿਆਂ ਦੇ ਬਾਗ, ਗੰਨਾ, ਦਾਲਾਂ, ਨਰਮਾ-ਕਪਾਹ ਆਦਿ ਫਸਲੀ ਵਿਭੰਨਤਾ ਆਮ ਸੀ। ਪਰ ਸਰਕਾਰ ਨੇ ਪੰਜਾਬ ਵਿੱਚ ਦੂਸਰੀਆਂ ਫਸਲਾਂ ਦੇ ਮੁਕਾਬਲੇ ਕਣਕ-ਝੋਨੇ ਦਾ ਵਧੀਆ ਰੇਟ ਤੇ ਵਧੀਆ ਮੰਡੀ ਸਿਸਟਮ ਖੜਾ ਕਰ ਦਿੱਤਾ ਤੇ ਇੱਕ ਅਜਿਹਾ ਮਾਹੌਲ ਬਣਾ ਦਿੱਤਾ ਗਿਆ ਕਿ ਕਿਸਾਨ ਦੂਸਰੀਆਂ ਫਸਲਾਂ ਛੱਡ ਕਣਕ-ਝੋਨੇ ਦੀ ਬਿਜਾਈ ਹੀ ਕਰਨ ਲੱਗ ਗਏ। ਕਿਉਂਕਿ ਉਸ ਸਮੇਂ ਦੇਸ਼ ਨੂੰ ਇਸ ਦੀ ਬਹੁਤ ਜ਼ਰਰੂਤ ਸੀ ਜੇ ਸਰਕਾਰ ਸੱਚਮੁੱਚ ਹੀ ਫ਼ਸਲ ਵਿੰਭਿੰਨਤਾ ਚਾਹੁੰਦੀ ਹੈ ਤਾਂ ਕਣਕ-ਝੋਨੇ ਦੇ ਮੁਕਾਬਲੇ ਦੂਸਰੀਆਂ ਫਸਲਾਂ ਦੇ ਵੀ ਵਧੀਆ ਰੇਟ ਤੇ ਮੰਡੀ ਸਿਸਟਮ ਦੇਵੇ, ਕਿਸਾਨ ਆਪਣੇ ਆਪ ਫਸਲੀ ਵਿਭਿੰਨਤਾ ਵੱਲ ਝੁਕ ਜਾਣਗੇ।

ਜਦ ਅਸੀਂ ਬਾਕੀ ਸਮਾਜ ਵੱਲ ਦੇਖਦੇ ਹਾਂ ਤਾਂ ਅੱਜ ਹਰ ਸਰਕਾਰੀ ਨੌਕਰੀ ਤੇ ਵੱਡੀਆਂ ਪ੍ਰਾਈਵੇਟ ਕੰਪਨੀਆਂ ਵਿੱਚ ਵੀ ਵਧੀਆ ਤਨਖਾਹਾਂ, ਬੀਮੇ, ਟੀ.ਏ.ਡੀ.ਏ. ਆਦਿ ਨਾਲ ਕਰਮਚਾਰੀ ਨੂੰ ਜੀਵਨ ਸੁਰੱਖਿਆ ਦਿੱਤੀ ਜਾਂਦੀ ਹੈ। ਜਿਵੇਂ ਮਹਿੰਗਾਈ ਵੱਧਦੀ ਹੈ ਰੁਪਏ ਦੀ ਕੀਮਤ ਘੱਟਦੀ ਹੈ ਉਸੇ ਤਰ੍ਹਾਂ ਸਮੇਂ ਦੇ ਨਾਲ ਲਗਾਤਾਰ ਹਰ ਸਾਲ ਤਨਖਾਹਾਂ ਵਿੱਚ ਵਾਧੇ ਹੋ ਜਾਂਦੇ ਹਨ। ਸਮੇਂ-ਸਮੇਂ ਤੇ ਸਰਕਾਰ ਤਨਖਾਹ ਵਧਾਉਣ ਲਈ ਪੇਅ ਕਮਿਸ਼ਨ ਵੀ ਲਿਆਉਂਦੀ ਹੈ ਪਰ ਕਿਸਾਨਾਂ ਵੱਲ ਅਜਿਹਾ ਧਿਆਨ ਸੁਪਨੇ ਵਿੱਚ ਵੀ ਨਹੀਂ ਦਿੱਤਾ ਜਾਂਦਾ। ਹੋਰ ਤਾਂ ਹੋਰ ਹਰ ਸਾਲ ਖਾਧਾਂ ਤੇ ਸਪਰੇਆਂ ਦੇ ਰੇਟ ਵੀ ਵੱਧਦੇ ਹਨ ਪਰ ਉਸ ਹਿਸਾਬ ਨਾਲ ਫਸਲ ਦਾ ਰੇਟ ਨਹੀਂ ਵੱਧਦਾ। ਕਿਸਾਨ ਦਿਨ-ਰਾਤ ਇੱਕ ਕਰਕੇ ਮਿੱਟੀ ਨਾਲ ਮਿੱਟੀ ਹੁੰਦਾ ਹੈ। ਗਰਮੀਆਂ ਵਿੱਚ ਹਾੜ ਦੀ ਰੁੱਤ ਦੇ ਉਹ ਦਿਨ ਜਦੋਂ ਮੰਤਰੀ/ਸੰਤਰੀ ਤੇ ਇਨ੍ਹਾਂ ਨਾਲ ਸਬੰਧਿਤ ਸਾਰੇ ਸਰਕਾਰੀ ਤੇ ਕਾਰਪੋਰੇਟ ਦੇ ਬਾਬੂ ਏ.ਸੀ. ਵਿਚੋਂ ਬਾਹਰ ਨਿੱਕਲ ਕੇ ਰਾਜ਼ੀ ਨਹੀਂ ਹੁੰਦੇ ਤਾਂ ਉਸ ਵੇਲੇ ਵੀ ਕਿਸਾਨ ਖੇਤ ਵਿੱਚ ਇੰਨੀ ਸਖ਼ਤ ਗਰਮੀ ਦੇ ਨਾਲ-ਨਾਲ ਫਸਲ ਦੀ ਭੜਾਸ ਦੀ ਪ੍ਰਵਾਹ ਕੀਤੇ ਬਿਨਾਂ ਅਨਾਜ ਉਗਾਉਂਦਾ ਹੈ। ਇਸੇ ਤਰ੍ਹਾਂ ਦੇ ਨਾਲ ਸਰਦ ਰੁੱਤ ਦੌਰਾਨ ਲੋਹੜੇ ਦੀ ਠੰਡ ਵਿੱਚ ਕੱਕਰ ਵਰਸਾਉਂਦੀਆਂ ਪੋਹ ਦੀਆਂ ਰਾਤਾਂ ਵਿਚ ਵੀ ਕਿਸਾਨ ਖੇਤ ਨੂੰ ਪਾਣੀ ਲਾਉਂਦਾ ਹੈ ਤੇ ਦੇਸ਼ ਭਰ ਦੇ ਲੋਕਾਂ ਦਾ ਢਿੱਡ ਭਰਨ ਦੇ ਨਾਲ-ਨਾਲ ਕਿਸਾਨ ਵਿਰੋਧੀ ਨੀਤੀਆਂ ਬਣਾਉਣ ਵਾਲੀ ਬਾਬੂ ਸ਼ਾਹੀ ਦਾ ਢਿੱਡ ਵੀ ਭਰਦਾ ਹੈ। ਇੰਨੀ ਮਿਹਨਤ ਦੇ ਬਾਵਜੂਦ ਕਈ ਵਾਰ ਖੜੀ ਹੋਈ ਪੱਕੀ ਫਸਲ ਬਿਜਲੀ ਮਹਿਕਮਿਆਂ ਦੇ ਬਾਬੂਆਂ ਦੀ ਅਣਗਹਿਲੀ ਦਾ ਸ਼ਿਕਾਰ ਹੋ ਜਾਂਦੀ ਹੈ ਤੇ ਅੱਗ ਦੀ ਭੇਟਾ ਚੜਨ ਨਾਲ ਸੜਕੇ ਸੁਆਹ ਹੋ ਜਾਂਦੀ ਹੈ। ਇਸੇ ਤਰ੍ਹਾਂ ਕਦੀ ਹੜ ਤੇ ਕਦੀ ਕੁੱਝ। ਪਰ ਅਜਿਹੀਆਂ ਕਰੋਪੀਆਂ ਸਮੇਂ ਸਰਕਾਰ ਫਸਲ ਦਾ ਲਾਗਤ ਮੁੱਲ ਵੀ ਸਹੀ ਤਰੀਕੇ ਨਾਲ ਨਹੀਂ ਮੋੜਦੀ। ਫਸਲ ਦਾ ਸਹੀ ਰੇਟ ਤਾਂ ਸਰਕਾਰ ਨੇ ਦੇਣਾ ਹੀ ਕੀ ਹੈ। ਫਿਰ ਕਿਸਾਨ ਹਕੂਮਤ ਤੋਂ ਆਪਣੇ ਹੱਕ ਨਾ ਮੰਗੇ ਤਾਂ ਹੋਰ ਕੀ ਕਰੇ?

ਬਜ਼ਾਰ ਵਿੱਚ ਵਪਾਰੀ ਹਰ ਚੀਜ਼ ਨੂੰ ਲਾਗਤ ਤੋਂ ਕਈ ਗੁਣਾਂ ਵਧਾ ਕੇ ਵੇਚਦਾ ਹੈ, ਜੋ ਪ੍ਰਤੱਖ ਹੈ। ਜੇ ਸਰਕਾਰ ਦੇ ਆਮਦਨ ਢੰਗ ਦੀ ਗੱਲ ਕਰੀਏ ਤਾਂ ਉਹ ਵੀ ਹੈਰਾਨੀ ਵਾਲਾ ਹੈ। ਹਸਪਤਾਲ ਵਿੱਚ ਕਿਸੇ ਮਰੇ ਬੰਦੇ ਦਾ ਕਫ਼ਨ ਲੈਣਾ ਹੋਵੇ ਜਾਂ ਕੋਈ ਅਜਿਹਾ ਮਾੜਤ ਬੰਦਾ ਜੋ ਆਪਣੇ ਬਜ਼ੁਰਗ ਪਿਉ ਦਾ ਇਲਾਜ ਆਪਣੀ ਜਾਇਦਾਦ ਵੇਚ ਕੇ ਕਰਾ ਰਿਹਾ ਹੋਵੇ ਤਾਂ ਉਸ ਲਈ ਖਰੀਦੀ ਜਾਣ ਵਾਲੀ ਦਵਾਈ ਤੇ ਵੀ ਜੀ.ਐਸ.ਟੀ. ਲੱਗਦਾ ਹੈ। ਬਿਮਾਰ ਜਾਂ ਮ੍ਰਿਤਕ ਬੰਦੇ ਲਈ ਖ਼੍ਰੀਦੇ ਗਏ ਸਮਾਨ ਤੇ ਵਰਤੋਂਕਾਰ ਨੇ ਕੋਈ ਕਮਾਈ ਤੇ ਨਹੀਂ ਕੀਤੀ ਤੇ ਨਾ ਹੀ ਸਰਕਾਰ ਨੇ ਕੁਝ ਕੀਤਾ ਹੈ ਪਰ ਸਰਕਾਰ ਫਿਰ ਵੀ ਟੈਕਸ ਲੈ ਰਹੀ ਹੈ।

ਦੂਸਰੇ ਪਾਸੇ ਜੇ ਕਿਸਾਨ ਆਪਣੀ ਮਿਹਨਤ ਦਾ ਸਿਰਫ ਮੁੱਲ ਮੰਗਦਾ ਹੈ ਤਾਂ ਕੀ ਗੁਨਾਹ ਹੈ? ਉਹ ਕਾਰਪੋਰੇਟ ਜਾਂ ਸਰਕਾਰੀ ਟੈਕਸ ਵਾਂਗ ਲੁੱਟ ਤਾਂ ਨਹੀਂ ਕਰਨੀ ਚਾਹੁੰਦਾ। ਜੇ ਸਰਕਾਰ ਕਿਸਾਨ ਦੀ ਮਿਹਨਤ ਦਾ ਮੁੱਲ ਮੋੜਨ ਲਈ ਦੇਸ਼ ਭਰ ਦੇ ਕਿਸਾਨਾਂ ਨੂੰ M.S.P ਦੀ ਅਦਾਇਗੀ ਲਾਜ਼ਮੀ ਕਰ ਦੇਣ ਵਾਲਾ ਕਾਨੂੰਨ ਲਿਆ ਕੇ ਕਿਸਾਨਾਂ ਦੀ ਹਾਲਤ ਸੁਧਾਰ ਦੇਵੇ ਤਾਂ ਸਰਕਾਰ ਦਾ ਕੀ ਘੱਟਦਾ ਹੈ? ਬੱਸ ਸਰਕਾਰ ਨੂੰ ਸੂਝ-ਬੂਝ ਤੋਂ ਕੰਮ ਲੈਣਾ ਹੋਵੇਗਾ ਤੇ ਮੰਡੀ ਦੀ ਲੁੱਟ ਤੇ ਕੰਟਰੋਲ ਕਰਨਾ ਹੋਵੇਗਾ।

ਪਰ ਸਰਕਾਰ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਤੇ ਕਿਸਾਨਾਂ ਨੂੰ ਕਈ ਤਰੀਕਿਆਂ ਦੇ ਨਾਲ ਬਦਨਾਮ ਕਰਦੀ ਰਹਿੰਦੀ ਹੈ ਤੇ ਆਰਥਿਕ ਤੌਰ 'ਤੇ ਕਮਜ਼ੋਰ ਵੀ। ਇਹ ਨੀਤੀਆਂ ਇਹੋ ਸਾਬਤ ਕਰਦੀਆਂ ਹਨ ਕਿ ਸਰਕਾਰ ਹਮੇਸ਼ਾਂ ਹੀ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੀ ਰਹਿੰਦੀ ਹੈ।

**– ਜਸਵੰਤ ਸਿੰਘ ਮਸਤ**

# ਮਾਤਾ ਗੁਜਰੀ ਜੀ ਦੀ ਸ਼ਹੀਦੀ

-ਡਾ. ਤ੍ਰਿਲੋਚਨ ਸਿੰਘ

ਭਾਈ ਜੈਤਾ ਗੁਰੂ ਤੇਗ ਬਹਾਦਰ ਦਾ ਸੀਸ ਲੈ ਕੇ ਕੀਰਤਪੁਰ ਪਹੁੰਚਾ। ਏਥੋਂ ਸੁਨੇਹਾ ਆਨੰਦਪੁਰ ਸਾਹਿਬ ਪਹੁੰਚਾ ਕਿ ਅਕਾਲ ਪੁਰਖ ਦੀ ਮਿਹਰ ਨਾਲ ਗੁਰੂ ਸਾਹਿਬ ਦਾ ਸੀਸ ਮੁਗਲਾਂ ਦੇ ਹੱਥੋਂ ਬੇਅਦਬੀ ਤੋਂ ਬਚਾ ਕੇ ਲੈ ਆਇਆ। ਮਾਤਾ ਨਾਨਕੀ, ਮਾਤਾ ਗੁਜਰੀ ਤੇ ਗੁਰੂ ਗੋਬਿੰਦ ਸਿੰਘ ਤਾਬੜ ਤੋੜ ਕੀਰਤਪੁਰ ਪਹੁੰਚੇ। ਮਾਤਾ ਨਾਨਕੀ ਜੀ ਆਪਣੇ ਅਨੋਖੇ ਪੁੱਤਰ ਦੀ ਅਨੋਖੀ ਸ਼ਹੀਦੀ ਦਾ ਇਹ ਦ੍ਰਿਸ਼ ਦੇਖ ਕੇ ਅੱਥਰੂ ਨਾ ਰੋਕ ਸਕੇ। ਜਿਸ ਤੇਗ ਬਹਾਦਰ ਨੂੰ ਗੋਦ ਖਿਲਾਇਆ, ਪਾਲਿਆ, ਆਸਾਂ ਉਮੰਗਾਂ ਨਾਲ ਸੇਵਾ ਕੀਤੀ, ਜਿਸ ਲਈ ਤਾਂਘ ਸੀ ਕਿ ਕਦ ਉਹ ਪੰਥ ਦਾ ਗੁਰੂ ਬਣੇ ਅਜ ਉਸੇ ਤੇਜਸ੍ਵੀ ਤੇ ਤਪੱਸ੍ਵੀ ਪੁੱਤਰ ਦਾ ਸੀਸ ਉਨ੍ਹਾਂ ਦੀ ਗੋਦ ਵਿਚ ਆ ਪਹੁੰਚਾ। ਕੈਸੀ ਮੰਜ਼ਿਲ ਸੀ ਉਨ੍ਹਾਂ ਦੇ ਇਸ ਸ਼ਹੀਦ ਪੁੱਤਰ ਦੀ ਤੇ ਕਿਵੇਂ ਸ਼ਾਂਤ ਚਿਤ, ਅਡੋਲ ਬ੍ਰਹਮ ਗਿਆਨ ਵਿੱਚ ਸਥਿਤ ਉਹ ਇਸ ਮੰਜ਼ਿਲ ਤੇ ਪਹੁੰਚਾ, ਇਹ ਮਾਤਾ ਜੀ ਦੀਆਂ ਅੱਖਾਂ ਅੱਗੋਂ ਮੁੜ-ਮੁੜ ਯਾਦਾਂ ਦੇ ਚਿੱਤਰ ਬਣ-ਬਣ ਲੰਘਣ। ਮਾਤਾ ਗੁਜਰੀ ਜੀ ਨੇ ਮੱਥਾ ਟੇਕਿਆ, ਗੁਰੂ ਗੋਬਿੰਦ ਸਿੰਘ ਜੀ ਨੇ ਮੱਥਾ ਟੇਕਿਆ ਅਤੇ ਭਾਈ ਜੈਤਾ ਨੂੰ "ਰੰਗਰੇਟਾ ਗੁਰੂ ਕਾ ਬੇਟਾ" ਕਹਿ ਕੇ ਗਲੇ ਲਾਇਆ। ਧੰਨ ਤੇਰੀ ਕੁਰਬਾਨੀ ਜੈਤਾ ਜੀ ਤੇ ਧੰਨ ਤੇਰਾ ਸਿਦਕ।

ਪਾਲਕੀ ਵਿੱਚ ਪਾ ਕੇ ਗੁਰੂ ਸਾਹਿਬ ਦਾ ਸੀਸ ਸਾਰੀ ਸੰਗਤ ਪੈਦਲ ਆਨੰਦਪੁਰ ਸਾਹਿਬ ਵੱਲ ਤੁਰ ਪਈ। ਅੱਗੇ ਅੱਗੇ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਤੇ ਪਿੱਛੇ-ਪਿੱਛੇ ਸੰਗਤ। ਸੰਗਤ ਦੀ ਬਿਹਬਲਤਾ ਬਿਆਨ ਤੋਂ ਬਾਹਰ ਸੀ। ਭਾਈ ਕਿਰਪਾ ਰਾਮ ਤੇ ਉਨਾਂ ਦੇ ਸਾਥ ਪੰਜ ਸੌ ਬਾਹਮਣਾਂ ਨੇ ਦੇਖਿਆ ਕਿ ਗੁਰੂ ਸਾਹਿਬ ਨੇ ਸੀਸ ਦੇ ਕੇ ਆਪਣੀ ਪ੍ਰਤੱਗਿਆ ਪੂਰੀ ਕੀਤੀ।

ਪੰਡਿਤ ਕਿਰਪਾ ਰਾਮ ਤੇ ਉਨਾਂ ਦੇ ਵਿਸ਼ੇਸ਼ ਸਾਥੀਆਂ ਨੇ ਪ੍ਰਣ ਕੀਤਾ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਸ਼ਰਨ ਰਹਿਣਗੇ। ਅੰਮ੍ਰਿਤ ਛੱਕ ਕੇ ਪੰਡਤ ਕਿਰਪਾ ਰਾਮ ਕਿਰਪਾ ਸਿੰਘ ਬਣਿਆ ਅਤੇ ਚਮਕੌਰ ਦੇ ਜੰਗ ਵਿੱਚ ਚਾਲੀ ਮੁਕਤਿਆਂ ਵਿਚ ਸ਼ਹੀਦੀ ਪਾਈ।

ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸਸਕਾਰ ਓਸੇ ਅਸਥਾਨ ਦੇ ਨੇੜੇ ਕੀਤਾ, ਜਿੱਥੇ ਗੁਫਾ ਵਿਚ ਬੈਠ ਕੇ ਗੁਰੂ ਸਾਹਿਬ ਸਹਿਜ ਤਪ ਕਰਿਆ ਕਰਦੇ ਸਨ। ਚੰਦਨ ਦੀ ਚਿਖਾ ਉੱਤੇ ਸਸਕਾਰ ਕਰਕੇ ਉਥੇ ਹੀ ਸਮਾਧ ਬਣਵਾਈ। ਦਰਬਾਰ ਦੇ ਕਾਰੋਬਾਰ ਦੀ ਸੰਭਾਲ ਕੁਝ ਸਮੇਂ ਲਈ ਮਾਤਾ ਗੁਜਰੀ ਨੇ ਆਪਣੇ ਹੱਥ ਰੱਖੀ। ਸਭ ਮਸੰਦਾਂ ਨੂੰ ਹੁਕਮਨਾਮੇ ਲਿਖੇ ਅਤੇ ਦਰਬਾਰ ਵਿੱਚ ਹਾਜ਼ਰ ਹੋਣ ਲਈ ਲਿਖਿਆ। ਗੁਰੂ ਗੋਬਿੰਦ ਸਿੰਘ ਨੇ ਵੰਗਾਰ ਕੇ ਆਖਿਆ :

ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।ਜਹਾਂ ਤਹਾਂ ਤੁਮ ਧਰਮ ਬਿਥਾਰੋ। ਦੁਸਟ ਦੋਖੀਯਨ ਪਕਰਿ ਪਛਾਰੋ।ਯਾਹੀ ਕਾਜ ਧਰਾ ਹਮ ਜਨਮੰ। ਸਮਝਿ ਲੇਹੁ ਸਾਧੂ ਸਭ ਮਨਮੰ।ਧਰਮ ਚਲਾਵਨ ਸੰਤ ਉਬਾਰਨ। ਦੁਸਟ ਸਭਨ ਕੋ ਮੂਲ ਉਪਾਰਨ।ਅਵਰਨ ਕੀ ਆਸਾ ਕਿਛੁ ਨਾਹੀ। ਏਕੈ ਆਸ ਧਰੋ ਮਨ ਮਾਹੀ।ਆਨ ਆਸ ਉਪਜਤ ਕਿਛੁ ਨਾਹੀ। ਵਾ ਕੀ ਆਸ ਧਰੋ ਮਨ ਮਾਹੀ।

ਬਚਿੱਤ੍ਰ ਨਾਟਕ। ੭, ੪੨॥

ਪਹਾੜੀ ਰਾਜਿਆਂ ਤੇ, ਔਰੰਗਜ਼ੇਬ ਨਾਲ ਅਨੇਕਾਂ ਜੁੱਧ ਗੁਰੂ ਸਾਹਿਬ ਨੇ ਲੜੇ। ਪਹਾੜੀ ਰਾਜਿਆਂ ਨੇ ਪਹਿਲਾਂ 1695 ਈ: ਵਿਚ ਦੱਖਣ ਔਰੰਗਜ਼ੇਬ ਪਾਸ ਜਾ ਕੇ ਪੁਕਾਰ ਕੀਤੀ ਕਿ "ਗੁਰੂ ਗੋਬਿੰਦ ਸਿੰਘ ਨੇ ਆਮ ਜਨਤਾ ਨੂੰ ਹਥਿਆਰ ਫੜਾ ਦਿੱਤੇ ਹਨ ਅਤੇ ਇਤਨੀ ਮਜ਼ਬੂਤ ਫ਼ੌਜ ਬਣਾ ਲਈ ਕਿ ਅਸੀਂ ਰਲ ਕੇ ਵੀ ਕੋਈ ਜੰਗ ਨਹੀਂ ਜਿੱਤ ਸਕੇ। ਜੇ ਸਾਡੀਆਂ ਰਿਆਸਤਾਂ ਸਾਡੇ ਹੱਥੋਂ ਖੁਸ ਗਈਆਂ, ਤਾਂ ਮੁਗਲ ਰਾਜ ਵੀ ਖਤਰੇ ਵਿਚ ਪੈ ਜਾਏਗਾ।" ਔਰੰਗਜ਼ੇਬ ਨੂੰ ਚਿੰਤਾ ਡਾਢੀ ਹੋਈ। ਉਸ ਨੇ ਸ਼ਹਿਜ਼ਾਦਾ ਮੁਅੱਜ਼ਮ ਨੂੰ, ਜੋ ਪਿੱਛੋਂ ਬਹਾਦਰਸ਼ਾਹ ਅਖਵਾਇਆ, ਬੜੀ ਭਾਰੀ ਫੌਜ ਦੇ ਕੇ ਲਾਹੌਰ ਤੇ ਕਾਬਲ ਦਾ ਵਾਇਸਰਾਇ ਥਾਪਿਆ ਅਤੇ ਗੁਰੂ ਗੋਬਿੰਦ ਸਿੰਘ ਵਿਰੁੱਧ ਕਾਰਵਾਈ ਕਰਨ ਲਈ ਵੀ ਆਖਿਆ। ਭਾਈ ਨੰਦ ਲਾਲ, ਗੁਰੂ ਦਰਬਾਰ ਦੇ ਸ਼੍ਰੋਮਣੀ ਕਵੀ, ਸ਼ਾਹਜ਼ਾਦਾ ਮੁਅੱਜ਼ਮ ਦੇ ਮੀਰ ਮੁਨਸ਼ੀ ਰਹਿ ਚੁਕੇ ਸਨ। ਉਨ੍ਹਾਂ ਨੇ ਸ਼ਹਿਜ਼ਾਦੇ ਨੂੰ ਹਕੀਕਤ ਦੱਸੀ ਕਿ ਨਾਲੇ ਤਾਂ ਇਹ ਪਹਾੜੀ ਰਾਜੇ ਸ਼ਰਾਰਤ ਕਰਦੇ ਹਨ ਤੇ ਨਾਲੇ ਬਾਦਸ਼ਾਹ ਪਾਸ ਝੂਠੀਆਂ

ਸ਼ਕਾਇਤਾਂ ਕਰ ਕੇ ਆਪ ਸੱਚੇ ਬਣਦੇ ਹਨ ਅਤੇ ਗੁਰੂ ਸਾਹਿਬ ਦੀ ਮੁਗਲ ਬਾਦਸ਼ਾਹ ਨਾਲ ਲੜਾਈ ਕਰਵਾ ਕੇ ਖ਼ੁਸ਼ ਹਨ। ਸ਼ਹਿਜ਼ਾਦਾ ਮੁਅੱਜ਼ਮ ਦੇ ਜਰਨੈਲ ਮਿਰਜ਼ਾ ਬੇਗ ਨੇ ਪੜਤਾਲ ਕੀਤੀ, ਤਾਂ ਇਹ ਗੱਲ ਠੀਕ ਨਿਕਲੀ। ਸ਼ਹਿਜ਼ਾਦੇ ਨੇ ਪਹਾੜੀ ਰਾਜਿਆਂ ਨੂੰ ਸਜ਼ਾ ਦਿੱਤੀ। ਔਰੰਗਜ਼ੇਬ ਨੂੰ ਆਪਣੇ ਪੁੱਤਰ ਦੀ ਕਾਰਵਾਈ ਤੇ ਗੁੱਸਾ ਆਇਆ। ਉਸ ਨੇ ਚਾਰ ਅਹਿਦੀਏ ਭੇਜੇ, ਇਸ ਗੱਲ ਦੀ ਪੜਤਾਲ ਕਰਨ ਲਈ ਕਿ ਇਨ੍ਹਾਂ ਝਗੜਿਆਂ ਵਿੱਚ ਕਸੂਰ ਕਿਸ ਦਾ ਹੈ। ਕੀ ਗੁਰੂ ਗੋਬਿੰਦ ਸਿੰਘ ਸੱਚਮੁੱਚ ਹੀ ਦਰਵੇਸ਼ ਮਹਾਂਪੁਰਸ਼ ਹੈ? ਇਨ੍ਹਾਂ ਅਹਿਦੀਆਂ ਨੇ ਵੀ ਔਰੰਗਜ਼ੇਬ ਨੂੰ ਰੀਪੋਟ ਭੇਜੀ ਕਿ ਕਸੂਰ ਸਰਾਸਰ ਪਹਾੜੀ ਰਾਜਿਆਂ ਦਾ ਹੈ। ਇਨ੍ਹਾਂ ਅਹਿਦੀਆਂ ਨੇ ਵੀ ਗੁਰੂ ਸਾਹਿਬ ਦੇ ਵਿਰੋਧੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ, ਜਿਨ੍ਹਾਂ ਦਾ ਜ਼ਿਕਰ ਗੁਰੂ ਸਾਹਿਬ ਨੇ ਆਪ ਬਚਿਤ੍ਰ ਨਾਟਕ ਵਿਚ ਕੀਤਾ ਹੈ। ਬੜੀ ਅਚੰਭੇ ਵਾਲੀ ਗੱਲ ਹੋਈ ਕਿ ਜਿਹੜਾ ਸ਼ਹਿਜ਼ਾਦਾ ਚਾਰ ਪੰਜ ਲੱਖ ਫ਼ੌਜ ਲੈ ਕੇ ਚੜ੍ਹਾਈ ਕਰ ਰਿਹਾ ਸੀ, ਉਹ ਉਨ੍ਹਾਂ ਦਾ ਅਨਿਨ ਸੇਵਕ ਤੇ ਮਿੱਤਰ ਬਣ ਗਿਆ। ਇਸ ਸ਼ੁਕਰਾਨੇ ਵਿਚ ਹੀ ਗੁਰੂ ਗੋਬਿੰਦ ਸਿੰਘ ਨੇ ਲਿਖਿਆ :

ਜਿਸਨੋ ਸਾਜਨ ਰਾਖਸੀ ਦੁਸ਼ਮਨ ਕੌਨ ਬਿਚਾਰ।
ਛ੍ਵੈ ਨ ਸਕੈ ਤਿਹ ਛਾਹਿ ਕੌ ਨਿਹਫ਼ਲ ਜਾਇ ਗਵਾਰ।
ਸਭ ਸੰਕਟ ਤੇ ਸੰਤ ਬਚਾਏ॥
ਸਭ ਕੰਟਕ ਕੰਟਕ ਜਿਮ ਘਾਏ॥
ਦਾਸ ਜਾਨ ਮੁਰਿ ਕਰੀ ਸਹਾਇ॥
ਆਪੁ ਹਾਥ ਦੈ ਲਯੋ ਬਚਾਇ ॥੨॥

ਬਚਿਤ੍ਰ ਨਾਟਕ ਅਧਿ: ੧੪, ੨

ਪੰਜ ਛੇ ਸਾਲ ਬੜੇ ਅਮਨ ਦੇ ਬੀਤੇ। ਇਨ੍ਹਾਂ ਦਿਨਾਂ ਵਿੱਚ ਹੀ ਖ਼ਾਲਸਾ ਸਾਜਿਆ। ਪਰ ਜਿਉਂ ਹੀ ਲਾਹੌਰ ਦਾ ਸੂਬਾ ਜ਼ਬਰਦਸਤ ਖ਼ਾਨ ਨੂੰ ਠਹਿਰਾਇਆ ਗਿਆ, ਇਨ੍ਹਾਂ ਪਹਾੜੀ ਰਾਜਿਆਂ ਨੇ 1701 ਈ: ਉਪਰੰਤ ਫੇਰ ਸ਼ਰਾਰਤ ਅਰੰਭੀ। ਇਕ ਤੋਂ ਬਾਅਦ ਦੂਸਰਾ ਗੁਰੂ ਸਾਹਿਬ ਉੱਤੇ ਵਸਾਹਘਾਤੀ ਹਮਲੇ ਕੀਤੇ। ਜਦ ਇਨ੍ਹਾਂ ਚਾਰ ਪੰਜ ਜੰਗਾਂ ਵਿੱਚ ਮੁੜ ਬੁਰੀ ਤਰ੍ਹਾਂ ਇਨ੍ਹਾਂ ਨੇ ਹਾਰ ਖਾਧੀ, ਫੇਰ ਇਹ ਦੱਖਣ ਔਰੰਗਜ਼ੇਬ ਪਾਸ ਪਹੁੰਚੇ ਅਤੇ ਗੁਰੂ ਗੋਬਿੰਦ ਸਿੰਘ ਨੂੰ ਉਨ੍ਹਾਂ ਲਈ ਅਤੇ ਮੁਗਲ ਸਾਮਰਾਜ ਲਈ ਸਭ ਤੋਂ ਵੱਡਾ ਖ਼ਤਰਾ ਦੱਸਿਆ। ਉਨ੍ਹਾਂ ਨੇ ਔਰੰਗਜ਼ੇਬ ਅੱਗੇ ਪੁਕਾਰ ਕੀਤੀ :

ਸਾਧਯੋ ਨ ਜਾਏ ਹਮਨ ਤੇ,
ਬਾਦਸ਼ਾਹ ਸਕਤਿਨ ਹੈ ਤਹੀ।
ਅਬ ਕਰੋ ਕਾਮ ਹਮਾਰ ਜੂ,
ਤੁਮ ਲੇਤ ਦਾਮਨ ਕੋ ਸਹੀ।
ਭਾਖਤ ਹੈ : "ਗੁਰ ਯੋ ਬਢਤੋ ਜਿਮ
ਏਕਮ ਚੰਦ ਯੋਂ ਪੁਨਮ ਗਾਵੈਂ।"
ਬੀਰ ਮਰੇ ਸਭ ਸੈ ਮਰੀ ਪੁਨਿ
ਦੇਹ ਨਹੀ ਬਸਨੋ ਹਮ ਤਾਈ।
ਜੇ ਕਰ ਜਾਇ ਕੇ ਜੁਧ ਕਰੈਂ,
ਹਮ ਤੋ ਇਨ ਮਾਰ ਕਰੈ ਬਲ ਜਾਈ।
ਜੇ ਕਰ ਬੈਠ ਰਹੈ ਘਰ ਮੈ ਹਮ,
ਛੀਨਤ ਹੈ ਹਮਰੀ ਠਕੁਰਾਈ।
ਜੇ ਕਰ ਜਾਇ ਮਿਲੈਂ ਗੁਰ ਕੋ,
ਤਬ, ਲਾਜ ਰਹੈ ਨਹੀਂ, ਯੋ ਮੁਖ ਗਾਈ।

ਕੁਇਰ ਸਿੰਘ : ਗੁਰਬਿਲਾਸ ੯੮੯

ਸੂਬਾ ਲਾਹੌਰ, ਸਰਹੰਦ ਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੇ ਅਨੰਦਪੁਰ ਨੂੰ ਘੇਰਾ ਪਾ ਲਿਆ। ਬਹੁਤ ਕਾਲ ਘੇਰਾ ਘਤ ਕੇ ਤੇ ਹਮਲੇ ਕਰ ਕੇ ਵੀ ਮੁਗਲ ਫ਼ੌਜਾਂ ਨੂੰ ਅਹਿਸਾਸ ਹੋਇਆ ਕਿ ਅਨੰਦਪੁਰ ਨੂੰ ਫ਼ਤਹ ਕਰਨਾ ਅਸੰਭਵ ਹੈ। ਔਰੰਗਜ਼ੇਬ ਬੜਾ ਚਤੁਰ ਤੇ ਨੀਤੀਵਾਨ ਵੀ ਸੀ। ਔਰੰਗਜ਼ੇਬ ਨੇ ਕਾਜ਼ੀ ਦੇ ਹੱਥ ਕੁਰਾਨ ਉੱਤੇ ਲਿਖਤੀ ਕਸਮ ਭੇਜੀ ਕਿ ਉਹ ਗੁਰੂ ਜੀ ਨੂੰ ਮਿਲਣਾ ਚਾਹੁੰਦਾ ਹੈ ਅਤੇ ਮਿਲ ਕੇ ਸਾਰੀ ਗੱਲ ਸੁਲਾਹ ਸਫ਼ਾਈ ਨਾਲ ਨਿਪਟਾਣਾ ਚਾਹੁੰਦਾ ਹੈ। ਜੇ ਗੁਰੂ ਸਾਹਿਬ ਅਨੰਦਪੁਰ ਛੱਡ ਦੇਣ ਤਾਂ ਉਨ੍ਹਾਂ ਨੂੰ ਬੇਰੋਕ ਪੰਜਾਬ ਵਿਚ ਵਿਚਰਨ ਦੀਆਂ ਸਹੂਲਤਾਂ ਅਤੇ ਉਸ ਨਾਲ ਮੁਲਾਕਾਤ ਦਾ ਪ੍ਰਬੰਧ ਕੀਤਾ ਜਾਵੇਗਾ। ਪਰ ਜਿਉਂ ਹੀ ਗੁਰੂ ਸਾਹਿਬ ਕਿਲ੍ਹੇ ਵਿੱਚੋਂ ਨਿਕਲੇ, ਪਹਾੜੀ ਰਾਜੇ, ਮੁਗਲ ਜਰਨੈਲ, ਆਪਣੀਆਂ ਕਸਮਾਂ ਸੁਗੰਦਾਂ ਭੁੱਲ ਗਏ। ਵਸਾਹ ਘਾਤੀ ਹਮਲਾ ਕੀਤਾ। ਚਮਕੌਰ ਦਾ ਜੰਗ ਹੋਇਆ, ਜਿਸ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਸ਼ਹੀਦ ਹੋ ਗਏ। ਪਰਵਾਰ ਵਿਛੜ ਗਿਆ। ਮਾਤਾ ਗੁਜਰੀ ਤੇ ਦੋਨੋਂ ਛੋਟੇ ਸਾਹਿਬਜ਼ਾਦੇ, ਜ਼ੋਰਾਵਰ ਸਿੰਘ ਤੇ ਫਤੇ ਸਿੰਘ ਨੂੰ ਉਨ੍ਹਾਂ ਦੇ ਬ੍ਰਾਹਮਣ ਨੌਕਰ ਨੇ ਲਾਲਚ ਅਧੀਨ ਸਰਹੰਦ ਸੂਬੇ ਪਾਸ ਫੜਵਾ ਦਿੱਤਾ।

ਮਾਤਾ ਗੁਜਰੀ ਤੇ ਦੋਨੋਂ ਸਾਹਿਬਜ਼ਾਦਿਆਂ ਨੂੰ ਸੱਤ ਅੱਠ ਦਿਨ ਤਸੀਹੇ ਦਿੱਤੇ। ਪੰਜ ਦਿਨ ਤਾਂ ਉੱਕਾ ਹੀ ਭੁੱਖੇ ਰੱਖਿਆ। ਕਾਜ਼ੀ ਇਸਲਾਮ ਕਬੂਲਣ ਲਈ ਕਦੀ ਪ੍ਰੇਰਦਾ, ਕਦੀ ਦਹਿਸ਼ਤ ਭਰੀਆਂ ਧਮਕੀਆਂ ਦਿੰਦਾ। ਅੱਠਵੇਂ ਦਿਨ

ਭਰੀ ਕਚਹਿਰੀ ਵਿਚ ਪਹਿਲਾਂ ਸਾਹਿਬਜ਼ਾਦਿਆਂ ਨੂੰ ਧਮਕਾਇਆ, ਪਰ ਉਨ੍ਹਾਂ ਦੀ ਨਿਰਭੈਤਾ ਤੇ ਦ੍ਰਿੜ੍ਹਤਾ ਦੇਖ ਕੇ ਉਨ੍ਹਾਂ ਨੂੰ ਕੰਧਾਂ ਵਿਚ ਚਿਣ ਕੇ ਮਾਰ ਮੁਕਾਣ ਦਾ ਹੁਕਮ ਦਿੱਤਾ:

ਦੇ ਕਰ ਦੂਖ ਬਹੁਤ ਅਧਿਕਾਏ।
ਤਬ ਨੀਂਹ ਮੈ ਬਾਲ ਚਿਨਾਏ।
ਬਹੁਤ ਕਲੇਸ਼ ਤੁਰਕ ਤਬ ਦੀਨਾ।
ਮੁਖ ਸੇ ਨਾਹ ਉਚਾਰਨ ਕੀਨਾ।
ਜੁਗ ਅਵਤਾਰ ਸਹੀ ਮਿਲ ਪੀੜਾ।
ਪਰਾਲਬਧ ਵਸ ਜਾਨ ਸਰੀਰਾ।
ਜਬੈ ਚਿਨਾਇ ਭੀਤ ਮੈ ਦੀਨੇ।
ਰਹੀ ਨ ਭੀਤ, ਦ੍ਰਿਸ਼ਟ ਨਹੀ ਚੀਨੇ।
ਭਏ ਬਿਸਮ ਸਭ ਹਾਹਾਕਾਰੇ।
ਨਹਿ ਕਛ ਚਿਹਨ ਕਹਾ ਸੁ ਸਿਧਾਰੇ।
ਸਰਬ ਸਹਰ ਮੈਂ ਹਾਹਾਕਾਰਾ।

ਕੋਇਰ ਸਿੰਘ, ਗੁਰਬਿਲਾਸ, ੨੧੫

ਇਹ ਜ਼ਾਲਮਾਨਾ ਹੱਤਿਆ ਕਾਂਡ ਉਪਰੰਤ ਸਾਰੇ ਸਰਹਿੰਦ ਵਿਚ ਹਾਹਾਕਾਰ ਮੱਚ ਗਈ। ਮਾਤਾ ਗੁਜਰੀ ਜੀ ਨਾਲ ਇਕ ਟਹਿਲਣ ਸੀ, ਅਨੂਪ ਕੌਰ। ਇਸ ਨੂੰ ਨਵਾਬ ਦੇ ਦੁਸ਼ਟ ਸਿਪਾਹੀ ਘੜੀਸ ਕੇ ਲੈ ਗਏ। ਜਾਪਦਾ ਹੈ ਠੀਕ ਇਸ ਸਮੇਂ ਮਾਤਾ ਗੁਜਰੀ ਜੀ ਨੇ ਪ੍ਰਾਣ ਤਿਆਗ ਦਿੱਤੇ। ਮਾਤਾ ਜੀ ਦੇ ਪ੍ਰਾਣ ਤਿਆਗਣ ਦੀਆਂ ਤਿੰਨ ਚਾਰ ਇਤਿਹਾਸ ਵਿਚ ਕਥਾਵਾਂ ਹਨ। (1) ਇਕ ਤਾਂ ਇਹ ਕਿ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਗ਼ਮ ਨੂੰ ਨਾ ਬਰਦਾਸ਼ਤ ਕਰਦੇ ਹੋਏ, ਉਹ ਅੰਤਰ ਧਿਆਨ ਹੋ ਕੇ ਯੋਗ ਸਾਧਨਾ ਨਾਲ ਸਰੀਰ ਤਿਆਗ ਗਏ। ਮਲੇਛਾਂ ਨੇ ਅਨੂਪ ਕੌਰ ਦੀ ਬੇਪਤੀ ਕੀਤੀ ਭਰੇ ਦਰਬਾਰ ਵਿਚ। ਮਾਤਾ ਜੀ ਐਸੇ ਦੁਸ਼ਮਣ ਦੇ ਵਸ ਪੈਣੋਂ ਮੌਤ ਚੰਗੀ ਸਮਝਦੇ ਸਨ। (2) ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ ਕਿ ਜਿਉਂ ਹੀ ਗ਼ਮ ਵਿਚ ਚਕਰਾਏ ਉਹ ਬੁਰਜ ਤੋਂ ਥੱਲੇ ਡਿੱਗ ਪਏ ਅਤੇ ਉਨ੍ਹਾਂ ਦਾ ਅੰਤ ਹੋ ਗਿਆ। ਇਹ ਇਤਿਹਾਸਕ ਕਥਨ ਵਧੇਰੇ ਪ੍ਰਮਾਣਿਕ ਮੰਨਿਆ ਜਾਂਦਾ ਹੈ। (3) ਗੁਰਬਿਲਾਸ ਕੁਇਰ ਸਿੰਘ ਵਿਚ ਲਿਖਿਆ ਹੈ ਕਿ ਦੁਸ਼ਟ ਮੁਗਲਾਂ ਤੇ ਸੁੱਚਾ ਨੰਦ ਵਰਗੇ ਨਿਰਦਈਆਂ ਦੇ ਵੱਸ ਪੈਣ ਤੋਂ ਪਹਿਲਾਂ ਮਾਤਾ ਜੀ ਨੇ ਆਪਣੇ ਕਟਾਰ ਮਾਰ ਕੇ ਪ੍ਰਾਣ ਤਿਆਗ ਦਿੱਤੇ।

ਖਾਇ ਖਾਇ ਘੇਰਨੀ, ਲਏ ਸੁ ਮਾਤ ਉਲੇਰਨੀ।
ਦੁਖ ਸੰਗ ਮਾਤ ਦੇਹ ਪ੍ਰਾਨਨ ਬਿਛੋੜਨੀ।
ਤਬ ਏਕ ਹਾਥ ਕਟਾਰ ਪਕੜੀ, ਪੁਰਸ ਏ ਸੋ ਆਇਯੋ।
ਗਹਿ ਕਟਾਰੀ ਮਾਰਿ ਉਦਰੇ, ਤਨ ਸੋ ਆਪ ਬੰਧਾਇਯੋ।

ਕੋਇਰ ਸਿੰਘ, ਗੁਰਬਿਲਾਸ, ੨੧੯

ਮੁਗਲ ਕਦੀ ਇਸਤ੍ਰੀਆਂ ਨੂੰ ਕਤਲ ਨਹੀਂ ਸਨ ਕਰਿਆ ਕਰਦੇ। ਉਨ੍ਹਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਕੇ ਉਨ੍ਹਾਂ ਨੂੰ ਮਹਿਲਾਂ ਵਿੱਚ ਨੌਕਰ ਚਾਕਰ ਤੇ ਬੇਪਤੀ ਕਰਨ ਲਈ ਰੱਖ ਲੈਂਦੇ ਸਨ। ਦੁਸ਼ਟਾਂ ਦੀ ਐਸੀ ਨੀਯਤ ਦੇਖ ਕੇ, ਤੇ ਉਨ੍ਹਾਂ ਦੀ ਟਹਿਲਣ ਨਾਲ ਜੋ ਬੀਤੀ ਉਸ ਨੂੰ ਦੇਖ ਕੇ ਕੋਈ ਬੜੀ ਗੱਲ ਨਹੀਂ ਕਿ ਮਾਤਾ ਜੀ ਨੇ ਆਪਣੇ ਸਰੀਰ ਦਾ ਅੰਤ ਕਟਾਰ ਮਾਰ ਕੇ ਹੀ ਕੀਤਾ ਹੋਵੇ। (4) ਇਕ ਹੋਰ ਪ੍ਰਚਲਿੱਤ ਕਹਾਣੀ ਹੈ ਕਿ ਮਾਤਾ ਜੀ ਪਾਸ ਅੰਗੂਠੀ ਸੀ, ਜਿਸ ਵਿਚ ਜ਼ਹਿਰੀਲਾ ਮਹੁਰਾ ਸੀ। ਉਸ ਨੂੰ ਚੱਟ ਕੇ ਉਨ੍ਹਾਂ ਨੇ ਪ੍ਰਾਣ ਤਿਆਗ ਦਿੱਤੇ। ਇਸ ਕਹਾਣੀ ਦੀ ਸੰਭਾਵਨਾ ਘੱਟ ਹੈ। ਕਦੀ ਵੀ ਇਸ ਕਿਸਮ ਦੇ ਕੈਦੀਆਂ ਦੇ ਹੱਥ ਉੱਤੇ ਕੋਈ ਅੰਗੂਠੀ ਜਾਂ ਗਹਿਣਾ ਜਾਂ ਕੋਈ ਹੋਰ ਕੀਮਤੀ ਚੀਜ਼ ਨਹੀਂ ਰਹਿਣ ਦਿੱਤੀ ਜਾਂਦੀ ਸੀ। ਇਨ੍ਹਾਂ ਗਹਿਣਿਆਂ ਤੇ ਦੌਲਤ ਦੀ ਖ਼ਾਤਰ ਤਾਂ ਗੰਗੂ ਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਫੜਾਇਆ। ਇਹ ਕਹਾਣੀ ਪਿੱਛੋਂ ਦੇ ਇਤਿਹਾਸਕਾਰਾਂ ਨੇ ਹੀ ਲਿਖੀ ਹੈ। ਅਨੂਪ ਕੌਰ ਟਹਿਲਣ ਨੂੰ ਮਲੇਰਕੋਟਲੇ ਵਾਲਾ ਨਵਾਬ ਲੈ ਗਿਆ ਸੀ ਅਤੇ ਉਸ ਵਿਚਾਰੀ ਨੇ ਉੱਥੇ ਜਾ ਕੇ ਪ੍ਰਾਣ ਤਿਆਗ ਦਿੱਤੇ।

ਮਾਤਾ ਗੁਜਰੀ ਜੀ ਦੀ ਉਮਰ ਇਸ ਸਮੇਂ ਤਕਰੀਬਨ 80-85 ਸਾਲ ਦੀ ਸੀ। ਛੇ-ਸੱਤ ਦਿਨ ਦੇ ਉਹ ਭੁੱਖੇ ਸਨ। ਉਧਰੋਂ ਪੋਤਰਿਆਂ ਦੀ ਇਤਨੀ ਬੇਰਹਿਮੀ ਨਾਲ ਹੋਈ ਮੌਤ ਦੀ ਖ਼ਬਰ ਸੁਣ ਕੇ ਸ਼ਾਇਦ ਬੁਰਜ ਉਪਰ ਖੜੇ ਅਤਿ ਦੀ ਪਰੇਸ਼ਾਨੀ ਤੇ ਦੁੱਖ ਵਿੱਚ ਘੁੰਮਣ-ਘੇਰੀ ਖਾ ਕੇ ਬੁਰਜ ਤੋਂ ਡਿੱਗ ਪਏ ਹੋਣ। ਇਹੀਓ ਸਾਖੀ ਵਧੇਰੇ ਪ੍ਰਸਿੱਧ ਹੈ। ਜੇਕਰ ਉਸ ਸਮੇਂ ਦੀ ਕੋਈ ਹੋਰ ਪ੍ਰਮਾਣਿਕ ਲਿਖਤ ਪ੍ਰਾਪਤ ਹੋ ਜਾਏ ਤਾਂ ਗੱਲ ਹੋਰ ਸਪੱਸ਼ਟ ਹੋ ਜਾਏ।

ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਚਿੱਠੀ ਲਿਖੀ। ਉਸ ਤੋਂ ਬਾਅਦ ਇਕ ਹੋਰ ਲਿਖੀ ਜਿਸ ਦਾ ਨਾਮ ਜ਼ਫ਼ਰਨਾਮਾ ਪ੍ਰਸਿੱਧ ਹੈ। ਸਾਡੇ ਪਾਸ ਤਿੰਨ ਇਤਿਹਾਸਕਾਰਾਂ ਦੀ ਗੁਆਹੀ ਹੈ ਕਿ ਇਸ ਵਿਚ 1400 ਬੈਂਤ ਸਨ ਜਿਨ੍ਹਾਂ ਵਿੱਚੋਂ ਕੇਵਲ 111 ਮਿਲਦੇ ਹਨ। ਜ਼ਫ਼ਰਨਾਮੇ ਨੂੰ ਪੜ੍ਹਿਆਂ ਪਤਾ ਲੱਗ ਜਾਂਦਾ ਹੈ ਕਿ ਇਸ ਦੇ ਬਹੁਤ ਹਿੱਸੇ ਅਲੋਪ ਹਨ।

ਔਰੰਗਜ਼ੇਬ ਨੂੰ ਗੁਰੂ ਜੀ ਲਿਖਦੇ ਹਨ: "ਇਹ ਨਾਮ ਔਰੰਗਜ਼ੇਬ ਤੈਨੂੰ ਸੋਭਦਾ ਨਹੀਂ। ਇਸ ਨਾਮ ਦੇ ਬਾਦਸ਼ਾਹ ਤੋਂ ਇਹ ਆਸ ਨਹੀਂ ਸੀ ਕਿ ਉਹ ਇਤਨਾ ਧੋਖੇਬਾਜ਼ ਤੇ ਫ਼ਰੇਬੀ ਹੋਵੇ। ਤੇਰੀ ਤਸਬੀ ਲੋਕਾਂ ਨੂੰ ਧੋਖਾ ਦੇਣ ਲਈ ਪਖੰਡ ਹੈ। ਜਿਵੇਂ ਸ਼ਿਕਾਰੀ ਆਪਣੇ ਸ਼ਿਕਾਰ ਨੂੰ ਚੋਗ ਪਾ ਕੇ ਫਾਹੁੰਦਾ ਹੈ,

ਤਿਵੇਂ ਇਹ ਤਸਬੀ ਨਿਰਦੋਸ਼ਾਂ ਦੇ ਗਲ ਵਿੱਚ ਜ਼ੁਲਮ ਦੀ ਫਾਹੀ ਪਾਣ ਦੀ ਮਾਲਾ ਹੈ। ਮੈਂ ਅਕਾਲ ਪੁਰਖ ਦੀ ਓਟ ਲੈ ਕੇ ਤੇਰੀ ਸਾਰੀ ਸ਼ਕਤੀ ਨੂੰ ਜੜ੍ਹੋਂ ਉਖੇੜ ਦਿਆਂਗਾ। ਮੈਂ ਤੇਰੇ ਕਦਮਾਂ ਥੱਲੇ ਅੰਗਿਆਰੇ ਖਿਲਾਰ ਦਿਆਂਗਾ ਜਦ ਵੀ ਤੂੰ ਪੰਜਾਬ ਆਉਣ ਦੀ ਜੁਰਅੱਤ ਕੀਤੀ। ਤੈਨੂੰ ਪੰਜਾਬ ਦੀ ਧਰਤੀ ਤੋਂ ਇਕ ਬੂੰਦ ਵੀ ਪਾਣੀ ਦੀ ਨਹੀਂ ਮਿਲੇਗੀ।" "ਕੀ ਹੋਇਆ ਜੇ ਤੇਰੇ ਜੈਸੇ ਗਿੱਦੜ ਨੇ ਧੋਖੇ ਨਾਲ ਸ਼ੇਰ ਦੇ ਬੱਚੇ ਮਾਰ ਦਿੱਤੇ। ਸ਼ੇਰ ਅਜੇ ਵੀ ਜੀਉਂਦਾ ਹੈ। ਤੈਨੂੰ ਸਬਕ ਸਿਖਾ ਕੇ ਦਮ ਲਏਗਾ।"

"ਮੇਰੇ ਦਿਲ ਵਿਚ ਤੇਰੀਆਂ ਕੁਰਾਨ ਤੇ ਚੁੱਕੀਆਂ ਕਸਮਾਂ ਦਾ ਰੰਚਕ ਮਾਤ੍ਰ ਵਿਸ਼ਵਾਸ਼ ਨਹੀਂ ਰਿਹਾ। ਜੇਕਰ ਮੈਂ ਤੇਰੀਆਂ ਕਸਮਾਂ ਉੱਤੇ ਅਤੇ ਤੇਰੇ ਜਰਨੈਲਾਂ ਦੀਆਂ ਝੂਠੀਆਂ ਕਸਮਾਂ ਤੇ ਇਤਬਾਰ ਨਾ ਕਰਦਾ ਤਾਂ ਆਪਣੀ ਫ਼ੌਜ, ਜੋ ਮੈਨੂੰ ਜਿੰਦ ਜਾਨ ਤੋਂ ਪਿਆਰੀ ਸੀ ਨਾ ਤਬਾਹ ਕਰਦਾ। ਦਸ ਲੱਖ ਫ਼ੌਜ ਨਾਲ ਘਿਰੇ ਚਾਲੀ ਸਿੱਖ ਕੀ ਕਰ ਸਕਦੇ ਸਨ। ਮੇਰੇ ਚਾਲੀ ਅਜ਼ੀਜ਼ ਯੋਧੇ ਕਈ ਦਿਨਾਂ ਦੇ ਭੁੱਖੇ ਅੰਤਲੇ ਦਮ ਤੱਕ ਲੜਦੇ ਰਹੇ। ਪਰ ਜਿਸ (ਗੁਰੂ ਗੋਬਿੰਦ ਸਿੰਘ) ਨੇ ਤੇਰੀ ਰੱਬ ਨੂੰ ਸਾਖੀ ਜਾਣ ਕੇ ਕੁਰਾਨ ਤੋਂ ਚੁੱਕੀ ਸੌਂਹ ਉੱਤੇ ਇਤਬਾਰ ਕੀਤਾ, ਉਸ ਨੂੰ ਓਸੇ ਰੱਬ ਨੇ ਵਾਲ-ਵਾਲ ਬਚਾ ਲਿਆ।"

ਜਾਪਦਾ ਹੈ ਔਰੰਗਜ਼ੇਬ ਨੂੰ ਆਪਣੇ ਜ਼ੁਲਮਾਂ ਅਤੇ ਕੁਰਾਨ ਤੇ ਝੂਠੀਆਂ ਕਸਮਾਂ ਤੋਂ ਸੱਚ-ਮੁੱਚ ਪਛਤਾਵਾ ਹੋਇਆ। ਇਹ ਵੀ ਸਪੱਸ਼ਟ ਹੈ ਕਿ ਉਸ ਨੇ ਮਿਲਣ ਦੀ ਖਾਹਸ਼ ਪ੍ਰਗਟ ਕੀਤੀ ਅਤੇ ਗੁਰੂ ਸਾਹਿਬ ਵੀ ਪਹਾੜੀ ਰਾਜਿਆਂ ਦੇ ਫ਼ਰੇਬ ਤੇ ਵਜ਼ੀਰ ਖਾਨ ਦੇ ਜ਼ੁਲਮਾਂ ਨੂੰ ਉਸ ਅੱਗੇ ਨੰਗਾ ਕਰਨ ਲਈ ਮਿਲਣਾ ਚਾਹੁੰਦੇ ਸਨ। ਔਰੰਗਜ਼ੇਬ ਆਪਣੀਆਂ ਕੀਤੀਆਂ ਤੋਂ ਕਿੰਨਾ ਕੁ ਪਛਤਾਇਆ ਉਹ ਉਸ ਦੀਆਂ ਹੋਰ ਚਿੱਠੀਆਂ ਜੋ ਉਸ ਨੇ ਇਸ ਸਮੇਂ ਲਿਖੀਆਂ ਤੋਂ ਸਪੱਸ਼ਟ ਹੁੰਦਾ ਹੈ। ਔਰੰਗਜ਼ੇਬ ਆਪਣੀ ਇਸ ਸਮੇਂ ਲਿਖੀ ਇੱਕ ਚਿੱਠੀ ਵਿੱਚ ਲਿਖਦਾ ਹੈ: "ਜਦ ਮੈਂ ਪੈਦਾ ਹੋਇਆ ਸਾਂ ਮੇਰੇ ਗਿਰਦ ਅਨੇਕਾਂ ਖ਼ੁਸ਼ੀਆਂ ਮਨਾ ਰਹੇ ਸਨ, ਅਨੇਕਾਂ ਲਾਡ ਚਾਅ ਕਰ ਰਹੇ ਸਨ। ਪਰ ਅਜ ਮੈਂ ਇਸ ਸੰਸਾਰ ਤੋਂ ਜਾਣ ਲਈ ਤਿਆਰ ਹਾਂ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਇਕੱਲਾ ਹੀ ਜਾ ਰਿਹਾ ਹਾਂ।" ਮੈਂ ਕੌਣ ਹਾਂ, ਤੇ ਸੰਸਾਰ ਤੇ ਕਿਉਂ ਆਇਆ? ਇਸ ਦੀ ਮੈਨੂੰ ਅਜੇ ਤੱਕ ਸਮਝ ਨਹੀਂ। ਮੈਂ ਉਨ੍ਹਾਂ ਘੜੀਆਂ ਨੂੰ ਰੋਂਦਾ ਹਾਂ, ਜਦੋਂ ਮੈਂ ਸੱਚੇ ਦਿਲੋਂ ਰੱਬ ਨੂੰ ਨਹੀਂ ਯਾਦ ਕੀਤਾ। ਨਾ ਮੈਂ ਲੋਕਾਂ ਦੀ ਖ਼ਿਦਮਤ ਕੀਤੀ ਨਾ ਆਪਣੇ ਦੇਸ਼ ਦੀ। ਮੇਰਾ ਸਾਰਾ ਜੀਵਨ ਨਿਰਾਰਥਕ ਤੇ ਨਿਸਫਲ ਰਿਹਾ। ਮੈਂ ਰੱਬ ਦਾ ਨਾਮ ਲੈਂਦਾ ਰਿਹਾ, ਪਰ ਮੇਰੀਆਂ ਅੱਖੀਆਂ ਵਿੱਚ ਉਸ ਦੀ ਰੌਸ਼ਨੀ ਨਹੀਂ ਸਮਾਈ। ਇਹ ਮਾਨਵ ਜੀਵਨ ਬਿਰਥਾ ਹੀ ਗਿਆ ਤੇ ਬੀਤ ਚੁੱਕਾ ਕਾਲ ਹੁਣ ਹੱਥ ਨਹੀਂ ਆਉਣਾ। ਮੇਰਾ ਭਵਿਸ਼ ਅੰਧਕਾਰ ਭਰਿਆ ਹੈ। ਇਸ ਸੰਸਾਰ ਉੱਤੇ ਮੈਂ ਨਾਲ ਕੁਛ ਨਹੀਂ ਲਿਆਇਆ, ਪਰ ਅੱਜ ਜਦ ਮੈਂ ਇਸ ਸੰਸਾਰ ਤੋਂ ਜਾ ਰਿਹਾ ਹਾਂ ਤਾਂ ਪਾਪਾਂ ਦੀ ਪੰਡ ਨਾਲ ਲਈ ਜਾ ਰਿਹਾ ਹਾਂ। ਰੱਬ ਜਾਣੇ ਮੈਨੂੰ ਮੇਰੇ ਪਾਪਾਂ ਦੀ ਕੀ ਸਜ਼ਾ ਮਿਲਣੀ ਹੈ? ਰੱਬ ਦੀ ਮਿਹਰ ਤੇ ਬਖ਼ਸ਼ਿੰਦ ਦ੍ਰਿਸ਼ਟੀ ਉੱਤੇ ਮੈਨੂੰ ਵਿਸ਼ਵਾਸ਼ ਹੈ, ਪਰ ਮੈਂ ਆਪਣੇ ਪਾਪਾਂ ਨੂੰ ਯਾਦ ਕਰਕੇ ਪਛਤਾਵੇ ਦੇ ਅੱਥਰੂ ਕੇਰ ਰਿਹਾ ਹਾਂ। "ਹਰ ਦੁੱਖ ਜੋ ਮੈਂ ਦੂਸਰਿਆਂ ਨੂੰ ਦਿੱਤਾ, ਹਰ ਪਾਪ ਜੋ ਮੈਂ ਕੀਤਾ, ਤੇ ਹਰ ਗਲਤੀ ਜੋ ਮੈਂ ਕੀਤੀ ਉਸ ਦਾ ਦੋਸ਼ ਮੇਰੇ ਸਿਰ ਹੈ ਅਤੇ ਮੈਂ ਆਪਣੇ ਪਾਪਾਂ ਨਾਲ ਜ਼ਿੰਦਗੀ ਦੇ ਸਫ਼ਰ ਦੇ ਅੰਤ ਵਿੱਚ ਟਾਂਡਾ ਲੱਦੀ ਜਾ ਰਿਹਾ ਹਾਂ।"

ਜਾਪਦਾ ਹੈ ਕਿ ਗੁਰੂ ਗੋਬਿੰਦ ਸਿੰਘ ਦੀਆਂ ਚਿੱਠੀਆਂ ਨੇ ਨਾ ਕੇਵਲ ਔਰੰਗਜ਼ੇਬ ਦੀ ਆਤਮਾ ਨੂੰ ਟੁੰਬਿਆ ਬਲਕਿ ਉਸ ਨੂੰ ਗੁਰੂ ਤੇਗ਼ ਬਹਾਦਰ ਦੇ ਅੰਤਲੇ ਉਪਦੇਸ਼ ਯਾਦ ਦਿਲਾ ਦਿੱਤੇ ਜਿਸ ਵਿਚ ਉਨ੍ਹਾਂ ਨੇ ਆਖਿਆ ਸੀ ਬਾਦਸ਼ਾਹ, ਤੇ ਚੱਕਰਵਰਤੀ ਰਾਜੇ ਨੰਗੇ ਆਉਂਦੇ ਹਨ, ਨੰਗੇ ਚਲੇ ਜਾਂਦੇ ਹਨ। ਇਥੋਂ ਜਾਂ ਨੇਕੀ ਲੈ ਕੇ ਚਲੇ ਜਾਂਦੇ ਹਨ ਜਾਂ ਪਾਪਾਂ ਦਾ ਬੋਝ। ਔਰੰਗਜ਼ੇਬ ਦਾ ਇਹ ਪ੍ਰਾਸਚਿਤ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਦਾ ਅੰਤਮ ਸਿੱਟਾ ਤੇ ਉਨਾਂ ਦੀ ਅੰਤਮ ਜਿੱਤ।

ਗੁਰੂ ਤੇਗ ਬਹਾਦਰ ਜੀ ਦੀ ਸਾਰੀ ਆਯੂ ਤੇ ਸਾਧਨਾਂ, ਉਨ੍ਹਾਂ ਦੇ ਦੂਰ ਪ੍ਰਾਂਤਾਂ ਤੱਕ ਸਫ਼ਰ ਤੋਂ ਭਿੰਨ-ਭਿੰਨ ਕੌਮਾਂ ਤੇ ਫ਼ਿਰਕਿਆਂ ਨੂੰ ਉਪਦੇਸ਼ ਇੱਕ ਦਰ ਭਵਿੱਖ ਵਿਚ ਐਸੇ ਸੱਭਿਆਚਾਰ ਦੀ ਉਸਾਰੀ ਦਾ ਯਤਨ ਸੀ ਜਿੱਥੇ ਹਰ ਸਿਧਾਂਤ, ਹਰ ਧਰਮ ਤੇ ਜੀਵਨ ਫ਼ਲਸਫੇ ਨੂੰ ਜੀਊਣ ਦਾ ਤੇ ਆਪਣੇ ਸਿਧਾਂਤਾਂ ਉੱਤੇ ਅਮਲ ਕਰਨ ਦਾ ਹੱਕ ਹੋਵੇ, ਜਿਸ ਵਿਚ ਕੋਈ ਕਿਸੇ ਧਰਮ ਜਾਂ ਸਿਧਾਂਤ ਨੂੰ ਹਕੂਮਤ ਦਾ ਸਿਧਾਂਤ ਬਣਾ ਕੇ ਦੂਸਰੇ ਧਰਮਾਂ ਤੇ ਵਿਚਾਰਧਾਰਾ ਦੇ ਲੋਕਾਂ ਨੂੰ ਕੁਚਲਣ ਦਾ ਯਤਨ ਨਾ ਕਰੇ। ਜਦ ਤੱਕ ਸੰਸਾਰ ਇਹੋ ਜੇਹੀ ਸਮਾਜ ਤੇ ਸੱਭਿਅਤਾ ਦੀ ਉਸਾਰੀ ਵਿਚ ਸਫਲ ਨਹੀਂ ਹੁੰਦਾ, ਉਤਨੀ ਦੇਰ ਗੁਰੂ ਤੇਗ ਬਹਾਦਰ ਦਾ ਜੀਵਨ ਤੇ ਬਾਣੀ ਇੱਕ ਨਿਰੰਤਰ ਪ੍ਰੇਰਨਾ ਸ਼ਕਤੀ ਬਣੇ ਰਹਿਣਗੇ। ਇਹ ਪ੍ਰੇਰਨਾ ਸ਼ਕਤੀ ਹੀ ਸਿੱਖ ਧਰਮ ਦਾ ਧੁਰਵਾ ਤੇ ਸਾਰ ਤੱਤ ਹੈ।

.......................................................

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ: ਇੱਕ ਨਵਾਂ ਦ੍ਰਿਸ਼ਟੀਕੋਣ

– ਦਵਿੰਦਰ ਸਿੰਘ ਗਿੱਲ ਜੀਆ ਨੱਥਾ

ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੇ ਸਿੱਖ ਇਤਿਹਾਸ ਵਿੱਚ ਨਵਾਂ ਤੇ ਅਨੋਖਾ ਅਧਿਆਇ ਲਿਖਿਆ। ਉਨ੍ਹਾਂ ਸ਼ੀਰਖੋਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ ਤੇ ਫਿਰ 'ਸਿਰੁ ਦੀਜੈ ਕਾਣਿ ਨਾ ਕੀਜੈ' ਦੇ ਮਹਾਂਵਾਕ ਨੂੰ ਸੱਚ ਕਰ ਵਿਖਾਇਆ। ਪ੍ਰੰਤੂ ਉਨ੍ਹਾਂ ਦੀ ਸ਼ਹਾਦਤ ਕਿਵੇਂ ਹੋਈ? ਇਸ ਬਾਰੇ ਅਜੋਕੇ ਲਿਖਾਰੀਆਂ ਨੇ ਘੱਟ ਹੀ ਧਿਆਨ ਦਿੱਤਾ ਹੈ। ਸਾਡੇ ਅਜੋਕੇ ਲਿਖਾਰੀਆਂ ਅਨੁਸਾਰ ਜਦੋਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਨਗਰੀ ਨੂੰ ਛੱਡਿਆ ਤਾਂ ਰਾਤ ਸਮੇਂ ਸਰਸਾ ਨਦੀ ਦੇ ਕੰਢੇ ਮਾਤਾ ਗੁਜ਼ਰੀ ਅਤੇ ਦੋ ਛੋਟੇ ਸਾਹਿਬਜ਼ਾਦੇ ਗੁਰੂ ਜੀ ਤੋਂ ਅਲੱਗ ਹੋ ਕੇ ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਉਸ ਦੇ ਪਿੰਡ ਚਲੇ ਗਏ। ਉਸ ਦਾ ਦਿਲ ਮੋਹਰਾਂ ਵਾਲੀ ਖੁਰਜੀ ਵੇਖ ਕੇ ਬੇਈਮਾਨ ਹੋ ਗਿਆ ਤੇ ਲਾਲਚ ਵੱਸ ਉਸ ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਸੂਬੇਦਾਰ ਕੋਲ ਪਕੜਾ ਦਿੱਤਾ, ਜਿਸ ਨੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ।

ਉਪਰੋਕਤ ਕਹਾਣੀ ਨੂੰ ਸਾਡੇ ਇਤਿਹਾਸਕਾਰ ਅਤੇ ਪ੍ਰਚਾਰਕ ਬੜੇ ਕਰੁਣਾਮਈ ਰਸ ਨਾਲ ਲਿਖਦੇ ਤੇ ਗਾਉਂਦੇ ਆਏ ਹਨ ਪ੍ਰੰਤੂ ਅਧਿਐਨ ਅਨੁਸਾਰ ਇਹ ਕਹਾਣੀ ਸਰਾਸਰ ਗ਼ਲਤ ਹੈ। ਕਿਸੇ ਅਜੋਕੇ ਲਿਖਾਰੀ ਨੇ ਪੁਰਾਤਨ ਇਤਿਹਾਸਕ ਗ੍ਰੰਥਾਂ ਦੀ ਖੋਜ ਕਰਨ ਦੀ ਲੋੜ ਨਹੀਂ ਸਮਝੀ, ਸਿਰਫ਼ ਏਧਰੋਂ ਓਧਰੋਂ ਜੋੜ ਤੋੜ ਕਰ ਕੇ ਉਸ ਘਟਨਾ ਨੂੰ ਲਿਖ ਛੱਡਿਆ ਹੈ। ਇਤਿਹਾਸਕ ਗ੍ਰੰਥਾਂ ਦੀ ਪੜਤਾਲ ਕਰਨ ਤੋਂ ਪਤਾ ਲੱਗਦਾ ਹੈ ਕਿ ਮਾਤਾ ਜੀ ਅਤੇ ਸਾਹਿਬਜ਼ਾਦੇ ਸਰਸਾ ਨਦੀ ਦੇ ਕੰਢੇ ਤੇ ਨਹੀਂ ਬਲਕਿ ਚਮਕੌਰ ਜਾ ਕੇ ਗੁਰੂ ਜੀ ਤੋਂ ਅਲੱਗ ਹੋਏ ਸਨ। ਫਿਰ ਉਸ ਸਮੇਂ ਗੰਗੂ ਨਾਮ ਦਾ ਗੁਰੂ ਘਰ ਦਾ ਰਸੋਈਆ, ਉੱਥੇ ਮੌਜੂਦ ਨਹੀਂ ਸੀ, ਸਾਡੇ ਅਜੋਕੇ ਲਿਖਾਰੀਆਂ ਨੇ ਧੱਕੇ ਨਾਲ ਹੀ ਉਸ ਦਾ ਨਾਮ ਸਾਹਿਬਜ਼ਾਦਿਆਂ ਨਾਲ ਜੋੜ ਦਿੱਤਾ ਹੈ। ਉਸ ਤੋਂ ਬਾਅਦ ਜਦੋਂ ਸਾਹਿਬਜ਼ਾਦੇ ਸਰਹਿੰਦ ਪੇਸ਼ ਕੀਤੇ ਗਏ ਤਾਂ ਅਜੋਕੇ ਲਿਖਾਰੀ ਲਿਖਦੇ ਹਨ ਕਿ ਨੀਂਹਾਂ ਵਿੱਚ ਚਿਣਿਆ ਗਿਆ। ਇਸ ਘਟਨਾ ਨੂੰ ਸਾਬਤ ਕਰਨ ਲਈ ਚਿੱਤਰਕਾਰਾਂ ਨੇ ਸਮੇਂ ਸਮੇਂ ਤਸਵੀਰਾਂ ਵੀ ਬਣਾਈਆਂ ਪਰ ਇਹ ਗ਼ਲਤ ਹੈ। ਪੁਰਾਤਨ ਇਤਿਹਾਸਕ ਗ੍ਰੰਥਾਂ ਅਨੁਸਾਰ ਸਾਹਿਬਜ਼ਾਦਿਆਂ ਨੂੰ ਜਲਾਦਾਂ ਨੇ ਕਤਲ ਕੀਤਾ ਸੀ। ਇਸ ਬਾਰੇ ਇਤਿਹਾਸਕ ਸਬੂਤਾਂ ਅਨੁਸਾਰ ਵਿਚਾਰ ਕਰਨੀ ਹੈ।

### ਸਾਹਿਬਜ਼ਾਦਿਆਂ ਦੀ ਗ੍ਰਿਫ਼ਤਾਰੀ ਤੇ ਗੰਗੂ ਰਸੋਈਆ

17 ਮੱਘਰ 1762 ਬਿ. (1705 ਈ.) ਦੀ ਚਾਨਣੀ ਰਾਤ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਨੂੰ ਛੱਡਿਆ।[1] ਜੋ ਲਿਖਾਰੀ ਅੱਠ ਪੋਹ ਦੀ ਰਾਤ ਨੂੰ ਇਸ ਘਟਨਾ ਨਾਲ ਜੋੜਦੇ ਹਨ, ਉਹ ਠੀਕ ਨਹੀਂ। ਗੁਰੂ ਜੀ ਆਪਣੀ ਰਚਨਾ ਜ਼ਫ਼ਰਨਾਮਾ ਵਿੱਚ ਲਿਖਦੇ ਹਨ:[2]

ਚਰਾਗਿ ਜਹਾਂ ਚੂੰ ਸ਼ੁਦ ਬੁਰਕਾ ਪੋਸ਼
ਸ਼ਹਿ ਸ਼ਬ ਬਰਕਾਦ ਜਲਵਾ ਜੋਸ਼ ॥੪॥

ਇਸਦਾ ਅਰਥ ਇਸ ਪ੍ਰਕਾਰ ਹੈ, "ਜਦੋਂ ਦੁਨੀਆਂ ਦੇ ਦੀਵੇ (ਸੂਰਜ) ਨੇ ਮੂੰਹ ਢੱਕ ਲਿਆ ਤਾਂ ਰਾਤ ਦਾ ਰਾਜਾ ਚੰਦਰਮਾ ਪੂਰੀ ਸੱਜ ਧੱਜ ਨਾਲ ਆਇਆ।" ਹੁਣ ਜੇਕਰ 8 ਪੋਹ ਦੀ ਰਾਤ ਮੰਨੀਏ ਤਾਂ ਉਹ ਹਨ੍ਹੇਰੀ ਆਉਂਦੀ ਹੈ ਅਤੇ ਚੰਦਰਮਾ ਦਾ ਚਾਨਣ ਨਹੀਂ ਹੁੰਦਾ ਪ੍ਰੰਤੂ ਇਸ ਦੇ ਉਲਟ 17 ਮੱਘਰ ਨੂੰ ਚੰਦਰਮਾ ਪੂਰੀ ਜੁਆਨੀ ਤੇ ਹੁੰਦਾ ਹੈ। ਇਸ ਦੀ ਪ੍ਰੋੜਤਾ ਕੇਸਰ ਸਿੰਘ ਛਿੱਬਰ ਨੇ 'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ' (ਰਚਨਕਾਲ 1769 ਈ.) ਵਿਚ ਕੀਤੀ ਹੈ।[3]

ਮੱਘਰ ਮਹੀਨੇ ਅਸੀਂ ਨਿਸਾ ਕੂਚੁ ਕੀਤਾ।
ਲੋਕ ਆਪਣਾ ਸਭ ਇਕਠਾ ਕਰਿ ਲੀਤਾ।
ਨਿਸਾ ਕਾਲੀ ਰਥ ਮਾਤਾ ਦਾ ਭੂਲ ਗਇਆ।
ਸਹੇੜੀ ਗਿਰਾਉ ਰੰਗੜਾਂ ਦਾ ਤਿਤ ਮਾਰਗ ਪਇਆ ॥ 556 ॥

ਆਨੰਦਪੁਰ ਛੱਡਣ ਸਮੇਂ ਮੁਗਲ ਫੌਜ ਨੇ ਸਿੱਖਾਂ ਉੱਪਰ ਹਮਲਾ ਕਰ ਦਿੱਤਾ, ਜਿਸ ਕਾਰਨ ਹਫੜਾ-ਦਫੜੀ

ਮੱਚ ਗਈ। ਉਸ ਸਮੇਂ ਅਨੇਕ ਸਿੰਘ ਲੜਦੇ ਹੋਏ ਸ਼ਹੀਦ ਹੋ ਗਏ ਪ੍ਰੰਤੂ ਸਿੱਖਾਂ ਨੇ ਦੁਸ਼ਮਣ ਦੀ ਫ਼ੌਜ ਨੂੰ ਕਾਫ਼ੀ ਸਮਾ ਰੋਕੀ ਰੱਖਿਆ। ਅੱਗੇ ਸਰਸਾ ਨਦੀ ਵਿੱਚ ਹੜ੍ਹ ਆਇਆ ਹੋਇਆ ਸੀ ਅਤੇ ਉੱਥੇ ਬੇਸ਼ੁਮਾਰ ਰਚਿਆ ਹੋਇਆ ਸਾਹਿਤ ਨਦੀ ਦੇ ਵਹਿਣ ਵਿੱਚ ਵਹਿ ਗਿਆ। ਭਿਆਨਕ ਰਾਤ ਦੇ ਸਮੇਂ ਗੁਰੂ ਪਰਿਵਾਰ ਨੇ ਸਰਸਾ ਨਦੀ ਨੂੰ ਪਾਰ ਕੀਤਾ। ਸਾਡੇ ਅਜੋਕੇ ਲਿਖਾਰੀਆਂ ਦਾ ਮੱਤ ਹੈ ਕਿ ਇੱਥੇ ਮਾਤਾ ਗੁਜਰੀ ਜੀ ਦੋਵੇਂ ਛੋਟੇ ਸਾਹਿਬਜ਼ਾਦਿਆਂ ਸਮੇਤ ਗੰਗੂ ਰਸੋਈਏ ਨਾਲ ਉਸ ਦੇ ਪਿੰਡ ਚਲੇ ਗਏ ਸਨ ਪਰ ਇਹ ਠੀਕ ਨਹੀਂ ਹੈ। ਗੁਰੂ ਜੀ ਦੇ ਜੀਵਨ ਦੇ ਨੇੜੇ ਦੇ ਸਰੋਤਾਂ ਅਨੁਸਾਰ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦੇ, ਚਮਕੌਰ ਸਾਹਿਬ ਤੋਂ ਅੱਗੇ ਦੁਨਾ ਸਿੰਘ ਦੇ ਨਾਲ ਤੇ ਇੱਕ ਦਾਸੀ ਨਾਲ (ਕੁੱਲ) ਪੰਜ ਜਣੇ ਤੁਰੇ। 'ਗੁਰੂ ਜੀ ਤੇ ਸੁਤਨ ਕੀ' ਕ੍ਰਿਤ ਦੁਨਾ ਸਿੰਘ ਹੰਡੂਰੀਆ ਦੀ ਹੈ ਜਿਸਦੇ ਵਾਚਣ ਤੋਂ ਪਤਾ ਲੱਗਦਾ ਹੈ ਕਿ ਦੁਨਾ ਸਿੰਘ ਹੰਡੂਰੀਆ ਉਸ ਭਿਆਨਕ ਸਮੇਂ ਸਾਹਿਬਜ਼ਾਦਿਆਂ ਦੇ ਨਾਲ ਸੀ।[4]

**ਗੀਤਾ ਮਾਲਤੀ**

ਸ੍ਰੀ ਫਤਹਿ ਸਿੰਘ ਜੋਰਾਵਰ ਸਿੰਘ ਬਹੁਤ ਮਾਤ ਜੀ ਭੇਨੇ।
ਦੁਨਾ ਸਿੰਘ ਤਖਾਣ ਸਿਖ ਹੰਡੂਰ ਬਾਸੀ ਤਾ ਗਾਨੇ।
ਸਭ ਏਕ ਦਾਸੀ ਪੰਚ ਥੇ, ਚਮਕੌਰ ਤੇ ਯਹ ਦ੍ਵੈ ਹਟੇ।
ਦੁਨਾ ਸਿੰਘ ਜੋ ਏਕ ਦਾਸੀ, ਤਿਸੀ ਭਾਜੜ ਮੈ ਸਟੈ॥੨॥

ਦਸਮ ਪਾਤਸ਼ਾਹ ਜੀ ਲੜਦੇ ਲੜਦੇ ਚਮਕੌਰ ਸਾਹਿਬ ਜਾ ਪਹੁੰਚੇ ਅਤੇ ਫਿਰ ਪੰਜਾਂ (ਦੋਵੇਂ ਸਾਹਿਬਜ਼ਾਦੇ ਮਾਤਾ ਗੁਜਰੀ ਜੀ, ਦੁਨਾ ਸਿੰਘ ਹੰਡੂਰੀਆ ਅਤੇ ਇੱਕ ਦਾਸੀ) ਨੂੰ ਰਾਤ ਦੇ ਸਾਏ ਵਿੱਚ ਲਛਮੀ ਨਾਮ ਦੀ ਬ੍ਰਾਹਮਣੀ ਭੋਜਨ ਛਕਾਉਂਦੀ ਰਹੀ, ਜਿਸ ਨੂੰ ਮਾਤਾ ਗੁਜਰੀ ਜੀ ਨੇ ਖ਼ੁਸ਼ ਹੋ ਕੇ ਕਈ ਪ੍ਰਕਾਰ ਦੀ ਬਖ਼ਸ਼ਿਸ਼ ਕੀਤੀ ਸੀ ਜਿਵੇਂ ਕਿ:

**ਚੋਪਈ**

ਇਕ ਸੱਕਾ ਹਿੰਦੂ ਤਹਿ ਆਏ। ਤੁਰਕ ਜੋਰ ਤਿਹ ਜਨਮ ਵਟਾਹੀ।
ਕੁੰਮੇ ਤੇ ਕੀਮਾ ਤੇ ਤਿਹ ਕੀਨਾ। ਤਿਸ ਹੀ ਕੇ ਗ੍ਰਿਹ ਬਾਸਾ ਲੀਨਾ।
ਤਹਾਂ ਏਕ ਬ੍ਰਾਹਮਨੀ ਰਹੈ। 'ਲਛਮੀ' ਨਾਮ ਤਾਸ ਜਗ ਕਹੈ।
ਤਿਸ ਕੈ ਗ੍ਰਿਹ ਮੈਂ ਆਪ ਲਯਾਵੈ।੫।

**ਦੋਹਰਾ**

ਦੋਹਿ ਮੋਹਰ ਕੀ ਆਰਸੀ, ਪੰਚ ਚੂੜੀਆ ਸਾਥ।
ਤਿਸੀ ਬ੍ਰਾਹਮਨੀ ਕੋ ਕਈ, ਜੇ ਪ੍ਰਸਾਦ ਵਹ ਖਵਾਤ।6।

ਚਮਕੌਰ ਸਾਹਿਬ ਦੇ ਦੋ ਮਸੰਦ ਦਰਬਾਰੀ ਅਤੇ ਧੂਮਾ, ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਲੈ ਗਏ। ਚਮਕੌਰ ਸਾਹਿਬ ਵਿਖੇ, ਦਸਮ ਪਾਤਸ਼ਾਹ ਜੀ ਨੇ ਕੁੰਮੇ ਮਾਸ਼ਕੀ ਤੋਂ ਸਾਹਿਬਜ਼ਾਦਿਆਂ ਤੇ ਮਾਤਾ ਜੀ ਬਾਰੇ ਪੁੱਛ ਪੜਤਾਲ ਕੀਤੀ। ਕੁੰਮੇ ਨੇ ਦੱਸਿਆ ਕਿ ਉਹ ਮਸੰਦਾਂ ਨਾਲ ਪਿੰਡ ਸਹੇੜੀ ਚਲੇ ਗਏ ਹਨ। ਉੱਥੇ ਉਹ ਦੋਵੇਂ ਮਸੰਦ, ਮਾਤਾ ਜੀ ਕੋਲ ਖੱਚਰ ਉੱਪਰ ਲੱਦਿਆ ਕੀਮਤੀ ਸਾਮਾਨ ਤੇ ਧਨ ਵੇਖਕੇ ਬੇਈਮਾਨ ਹੋ ਗਏ। ਉਹਨਾਂ ਨੇ ਧਨ ਪ੍ਰਾਪਤ ਕਰਨ ਲਈ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਕੋਲ ਪਕੜਾ ਦਿੱਤਾ ਜਿਵੇਂ ਕਿ ਦੁਨਾ ਸਿੰਘ ਦੀ ਲਿਖਤ ਤੋਂ ਪਤਾ ਲੱਗ ਜਾਂਦਾ ਹੈ:

**ਚੋਪਈ**

ਐਥੇ ਇੱਕ ਕਥਾ ਸੁਣਾਉਂ, ਜੋ ਜੋ ਬੀਤੀ ਸਭੈ ਸੁਣਾਉਂ।
ਦੋਇ ਮਸੰਦ ਸਹੇੜੀ ਰਹੈ, ਇਕ ਦਰਬਾਰੀ ਧੂਮਾ ਕਹੈ।8।

**ਸੋਰਠਾ**

ਤਿਨੈ ਸੁਨੀ ਯਹ ਬਾਈਠ ਤਹਾ ਖੇਡ ਐਸੇ ਭਯੋ।
ਆਹਿ ਤਿਤਰੀ ਧਾਇ ਜੋ ਕਿਤ ਹੂੰ ਕੋਊ ਪਾਈਐ।1।

ਇਸ ਦੀ ਪੁਸ਼ਟੀ 'ਗੁਰੂ ਕੀਆਂ ਸਾਖੀਆਂ' (ਰਚਨਕਾਲ 1790 ਈ.) ਕ੍ਰਿਤ ਸਰੂਪ ਸਿੰਘ ਕੌਸ਼ਿਕ ਭੱਟ ਤੋਂ ਵੀ ਭਲੀ ਭਾਂਤ ਹੋ ਜਾਂਦੀ ਹੈ:

"ਸਤਿਗੁਰਾਂ ਚੌਧਰੀ ਬੁਧੀ ਚੰਦ ਸੇ ਕਹਿ ਕੇ ਕੁਮੇ ਮਾਸ਼ਕੀ ਮੋ ਬੁਲਾਇ ਭੇਜਾ। ਪੂਛਾ, 'ਭਾਈ ਤੇਰੇ ਗ੍ਰਿਹਿ ਮੇ ਮਾਤਾ ਗੁਜਰੀ ਜੀ ਤੇ ਉਨ ਕੇ ਗੈਲ ਦੋ ਸਾਹਿਬਜ਼ਾਦੇ ਛੋਟੇ ਆਏ ਥੇ, ਅਬ ਕਹਾਂ ਹੈ? ਉਸ ਹਾਥ ਬਾਂਧ ਬੇਨਤੀ ਕੀ, "ਜੀ ਗਰੀਬ ਨਿਵਾਜ! ਉਹ ਆਜ ਫਜ਼ਰੇ ਜਹਾਂ ਸੋ ਚੌਤੇ ਜੀ ਰਾਰਾ ਗਊਂ ਕੀ ਤਰਫ਼ ਚਲੇ ਗਏ ਹੈਂ। ਉਨ ਕੀ ਗੈਲ ਸਹੇੜੀ ਗਾਮ ਕੇ ਦੋ ਹਜੂਰੀ ਮਸੰਦ ਹੈ ਜਿਨ੍ਹਾਂ ਆਪਣਾ ਨਾਮ ਧੂਮਾ ਤੇ ਦਰਬਾਰੀ ਬਤਾਇਆ ਸੀ।"

ਇਸ ਦੀ ਗਵਾਹੀ ਮਹਿਮਾ ਪ੍ਰਕਾਸ਼ (ਰਚਨ ਕਾਲ 1798 ਈ.) ਕ੍ਰਿਤ ਸਰੂਪ ਦਾਸ ਭੱਲਾ ਤੋਂ ਮਿਲਦੀ ਹੈ। ਚਾਹੇ ਇਸਦੇ ਵਰਣਨ ਅਤੇ ਸਾਹਿਬਜ਼ਾਦਿਆਂ ਦੇ ਨਾਮਾਂ ਵਿਚ ਕੁਝ ਅੰਤਰ ਹੈ ਪਰ ਗੰਗੂ ਰਸੋਈਏ ਦੀ ਸ਼ਮੂਲੀਅਤ ਤੋਂ ਉਹ ਵੀ ਇਨਕਾਰੀ ਹੈ, ਜਿਵੇਂ ਕਿ:[5]

"………ਦੋਨੇ ਸਾਹਿਬਾਂ ਕਾ ਨਾਮ ਸ੍ਰੀ ਬਾਬਾ ਜੁਝਾਰ ਸਿੰਘ ਜੀ ਵਾ ਬਾਬਾ ਜੋਰਾਵਰ ਸਿੰਘ ਜੀ ਜਿਨ ਕੀ ਕਥਾ ਸ੍ਰੀ ਬਚਿਤਰ ਨਾਟਕ ਮੈਂ ਸ੍ਰੀ ਮੁਖ ਵਰਨਣ ਕੀਆ ਹੈ। ਇਹ ਕਾਰਨ ਤੋਂ ਪਹਿਲੇ ਹੂਆ ਥਾ। ਦੋਨੇ ਸਾਹਿਬਜ਼ਾਦੇ ਜੋ ਪੀਛੇ ਰਹੇ ਥੇ ਉਨ ਕੋ ਆਗਿਆ ਭਈ ਜੋ ਚਲੋ ਉਹ ਹਜਾਰਾ

ਸਿੰਘ ਕੇ ਆਗਿਆ ਦੀਆਂ ਜੋ ਤੁਸੀਂ ਇਨਕੇ ਨਾਲ ਜਾਉ। ਅਨੰਦਪੁਰ ਜੀ ਸੇ ਕੂਚ ਕਰਕੇ ਜਦ ਤੀਨ ਚਾਰ ਕੋਸ ਗਏ ਤਦ ਰਾਜੇ ਉਸ ਫਉਜਾਂ ਪਾਤਸ਼ਾਹੀ ਜਿਨ੍ਹਾਂ ਨਰਗਾ ਕੀਆ ਥਾ ਉਹ ਸਭ ਆਇ ਪੜੇ ਮਾਲ ਅਸਬਾਬ ਸਭ ਲੀਆ।ਅਰ ਸਾਹਿਬਜ਼ਾਦਿਆਂ ਕੋ ਮਹਲਾ ਕੋ ਨਹੀਂ ਪਾਇਆ। ਤਦ ਤਲਾਇਸ ਲਗੇ ਕਰਨ ਸਾਹਿਬਜ਼ਾਦੇ ਵਮਹਲ ਸਪ ਜਾਇ ਕੇ ਉਸ ਗਾਉਂ ਕਾ ਨਾਉਂ ਆਗੇ ਕੁਝ ਅਉਰ ਥਾ ਜਬ ਸੇ ਕਾਰਨ ਹੂਆ ਤਦ ਸੇ ਬੁਰਾ ਪਿੰਡ ਕਹਤੇ ਹੈ ਉਹਾਂ ਜਾਇ ਕੇ ਉਤਰੇ। ਉਹਾਂ ਜੋ ਰੰਗੜ ਰਹਤੇ ਉਨੋਂ ਨੇ ਜਾਇ ਪਾਤਸ਼ਾਹੀ ਲੋਕਾਂ ਕੋ ਖਬਰ ਕਰ ਦੀਆ। ''

ਗੰਗੂ ਬ੍ਰਾਹਮਣ ਰਸੋਈਏ ਦੀ ਕਿਸੇ ਵੀ ਪੁਰਾਤਨ ਗ੍ਰੰਥ ਪੁਸ਼ਟੀ ਨਹੀਂ ਹੁੰਦੀ।'ਗੁਰ ਬਿਲਾਸ ਪਾਤਸ਼ਾਹੀ 10' ਕ੍ਰਿਤ ਸੁਖਾ ਸਿੰਘ (ਰਚਨਾ ਕਾਲ 1790 ਈ.) ਵਿੱਚ ਇਕ ਮਸੰਦ ਬਾਰੇ ਜ਼ਿਕਰ ਆਉਂਦਾ ਹੈ। ਜੋ ਸਾਹਿਬਜ਼ਾਦਿਆਂ ਬਾਰੇ ਸਰਹਿੰਦ ਵਿਖੇ ਖ਼ਬਰ ਕਰਦਾ ਹੈ।[6]

'ਫਤੇ ਮਿਰਗਿੰਦ ਜੁਝਾਰ ਮ੍ਰਿਗੀਸਾ,
ਯੋ ਕੌਤਨ ਕੀਨੋ ਜਗਦੀਸਾ।
ਹੁਤੇ ਮਸੰਦ ਨੀਚ ਇਕ ਪਾਪੀ,
ਬਿਪ ਬੰਸ ਚੰਡਾਰ ਸੁਖਾਪੀ।੨੩੯।
ਰੋਪਰ ਤੇ ਵਹੁ ਰਾਹ ਭੁਲਾਈ,
ਨਿਜਪੁਰ ਕੋ ਲੈ ਗਯੋ ਕਸਾਈ।
ਸਾਹਿਬਜ਼ਾਦੇ ਦੋਉ ਕੁਮਾਰ,
ਤੀਜੇ ਦਾਦੀ ਸਾਥ ਨਿਹਾਰ।੨੮੦।
ਏਕ ਆਪ ਅਨ ਖਿਜਮਤਦਾਰ,
ਖਰਚ ਧਨ ਘੋਰੇ ਜੁਗ ਚਾਰ।
ਪਲਕ ਹਜ਼ੂਰ ਸੁ ਰਹੇ ਪਿਛਾਰੀ,
ਫਰਕ ਪਯੋ ਰਜਨੀ ਮਧਕਾਰੀ।੨੪੧।
ਬਿਪ ਕਹੀ ਮਿਲਤੇ ਹੈ ਅਬੀ,
ਏ ਆਗੇ ਜਾਵਤ ਹੈ ਸਬੀ।
ਯੇ ਕਹ ਕਰ ਦੋਖੀ ਲੈ ਧਾਯੋ,
ਆਪਨ ਗ੍ਰਾਮ ਨੀਚ ਲੈ ਆਯੋ।੨੪੨।
ਖਰਚ ਮਾਯਾ ਨਿਰਖ ਗਵਾਰ,
ਬੂਢੋ ਪਾਪੀ ਲੋਭ ਮਝਾਰ।
ਏਸ ਬਿਚਾਰ ਗਾਂਖ ਲੈ ਆਯੋ,
ਮਾਤਾ ਜੀ ਯਹ ਭੇਦ ਨ ਪਾਯੋ।੨੪੩।

ਇਸ ਤੋਂ ਅੱਗੇ ਉਹੀ ਸਾਖੀ ਚੱਲਦੀ ਹੈ ਕਿ ਰਾਤ ਸਮੇਂ ਧਨ ਵਾਲੀ, ਖੁਰਜੀ ਮਸੰਦ ਨੇ ਲਕਾ ਲਈ ਅਤੇ ਮੁਖ਼ਬਰੀ ਕਰਕੇ ਸਾਹਿਬਜ਼ਾਦਿਆਂ ਨੂੰ ਪਕੜਾ ਦਿੱਤਾ। ਇਸ ਪ੍ਰਥਾਇ ਮਹਾਂਕਵੀ ਸੰਤੋਖ ਸਿੰਘ ਜੀ ਦੇ ਵਿਚਾਰ 'ਸੂਰਜ ਪ੍ਰਕਾਸ਼' ਵਿਚ ਵਾਚਣ ਯੋਗ ਹਨ:[7]

ਸਿਯੰਦਨ ਮਹਿ ਮਾਤਾ ਹੁਤੀ ਦਵੈ ਸਾਹਿਬਜ਼ਾਦੇ
ਇਕ ਖਚਰਾਇ ਕਦਾ ਸਤਹਿ ਦੀਨਾਰਨ ਲਾਦੇ।
ਉੱਤਰ ਤਿਸਕੇ ਸਦਨ ਮਹਿ ਸਭ ਵਸਤ ਉਤਾਰੀ।
ਗ੍ਰਾਮ ਨਾਮ ਖੇੜੀ ਹੁਤੋ ਦਿਜ ਅਧਮ ਕੁਚਾਰੀ।
ਕੁਛਕ ਮਸੰਦੀ ਭੀ ਕਰੀ ਇਸ ਹੇਤ ਚਿਨਾਰੀ।
ਮਧਰ ਬਾਕ ਰਹਿ ਲੇ ਗਯੋ ਸੰਗ ਨਿਹਾਰੀ।
ਖੱਚਰ ਪਰ ਖੁਰਜੀ ਤਕੀ ਦੀਨਾਰਨ ਕੇਰੀ।
ਬਿਸਰਾਮੇ ਬਹੁਤ ਥਕ ਤਿਭੇ ਚਲ ਬਾਟ ਬਡੇਰੀ।'

ਇਹ ਕੁਝ ਕੁ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਇਤਿਹਾਸ ਬਾਰੇ ਮੁੱਢਲੇ ਤੇ ਅਤਿ ਨੇੜੇ ਦੇ ਸਮੇ ਦੇ ਗਰੰਥਾਂ ਦੇ ਹਵਾਲੇ ਹਨ। ਜਿਨ੍ਹਾਂ ਵਿਚ ਗੰਗੂ ਬ੍ਰਾਹਮਣ ਦਾ ਨਾਮ ਕਿਤੇ ਵੀ ਨਹੀਂ ਆਇਆ। ਇਸ ਤੋਂ ਪ੍ਰਤੱਖ ਸਾਬਤ ਹੋ ਜਾਂਦਾ ਹੈ ਕਿ ਗੰਗੂ ਬ੍ਰਾਹਮਣ ਦਾ ਨਾਮ ਕਿਸੇ ਇਤਿਹਾਸ ਵਿਗਾੜ ਬਿਰਤੀ ਦੇ ਮਾਲਕ ਨੇ ਪ੍ਰਚਲਤ ਕੀਤਾ ਜੋ ਬਾਅਦ ਵਿੱਚ ਇੰਨਾ ਪ੍ਰਚਲਤ ਹੋਇਆ ਕਿ ਹਰ ਕੋਈ ਉਸ ਨੂੰ ਇਤਿਹਾਸਕ ਪਾਤਰ ਮੰਨਣ ਲਗ ਪਿਆ।

**ਛੋਟੇ ਸਾਹਿਬਜ਼ਾਦੇ ਸ਼ਹੀਦ ਕਿਵੇਂ ਹੋਏ?**

ਇਸ ਅਦੁੱਤੀ ਘਟਨਾ ਨੂੰ ਬਿਆਨ ਕਰਨ ਬਾਰੇ ਵੀ ਪੁਰਾਤਨ ਇਤਿਹਾਸਕ ਗ੍ਰੰਥਾਂ ਅਤੇ ਸਾਡੇ ਅਜੋਕੇ ਲਿਖਾਰੀਆਂ ਦੀਆਂ ਲਿਖਤਾਂ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਹੈ। ਸਾਡੇ ਅਜੋਕੇ ਲਿਖਾਰੀ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਨ ਕਰਕੇ ਸ਼ਹੀਦ ਹੋਣਾ ਲਿਖਦੇ ਹਨ ਪਰੰਤੂ ਪੁਰਾਤਨ ਇਤਿਹਾਸਕ ਗਰੰਥਾਂ ਵਿੱਚ ਸਾਹਿਬਜ਼ਾਦਿਆਂ ਨੂੰ ਜਲਾਦਾਂ ਦੁਆਰਾ ਸ਼ਹੀਦ ਕਰਨਾ ਲਿਖਿਆ ਹੈ ਅਤੇ ਨੀਹਾਂ ਉਸਾਰਨ ਦਾ ਜ਼ਿਕਰ ਨਹੀਂ ਆਉਂਦਾ ਜਿਨ੍ਹਾਂ ਬਾਰੇ ਮੈਂ ਕਰਮਵਾਰ ਇੱਥੇ ਜ਼ਿਕਰ ਕਰਾਂਗਾ।

ਮਸੰਦਾਂ ਨੇ, ਜੋ ਸਾਹਿਬਜ਼ਾਦਿਆਂ ਨੂੰ ਵਰਗਲਾ ਕੇ ਪਿੰਡ ਸਹੇੜੀ ਲੈ ਆਏ ਸਨ, ਉਹ ਮਾਤਾ ਗੁਜਰੀ ਜੀ ਕੋਲ ਅਪਾਰ ਧਨ ਵੇਖਕੇ ਲੋਭੀ ਹੋ ਗਏ ਤੇ ਰਾਤ ਸਮੇਂ ਖੁਰਜੀ ਲਕੋ ਲਈ, ਫਿਰ ਮੋਰਿੰਡੇ ਇਤਲਾਹ ਦੇ ਕੇ ਸਾਹਿਬਜ਼ਾਦਿਆਂ ਨੂੰ ਪਕੜਾ ਦਿੱਤਾ। ਮੋਰਿੰਡੇ ਤੋਂ ਸਾਹਿਬਜ਼ਾਦਿਆਂ ਤੇ ਮਾਤਾ ਜੀ ਨੂੰ ਸਰਹੰਦ ਲਿਆਂਦਾ ਗਿਆ। ਸਾਹਿਬਜ਼ਾਦਿਆਂ ਨੂੰ ਨਵਾਬ ਵਜ਼ੀਰ ਖ਼ਾਨ ਨੇ ਕਈ ਤਰ੍ਹਾਂ ਦੇ ਲਾਲਚ ਅਤੇ ਤਸੀਹੇ ਦਿੱਤੇ ਪਰ ਉਹ ਆਪਣੇ ਧਰਮ ਤੇ ਅੜੇ ਰਹੇ। ਅੰਤ

ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ। ਦੁਨਾ ਸਿੰਘ ਹੰਡੂਰੀਆਂ ਆਪਣੀ ਲਿਖਤ 'ਕਥਾ ਗੁਰੂ ਜੀ ਕੇ ਸੁਤਨ ਕੀ' ਵਿੱਚ ਲਿਖਦਾ ਹੈ:[8]

**ਦੋਹਰਾ॥**

ਗੋਬਿੰਦ ਸਿੰਘ ਦੇ ਪੂਤ ਹਮ, ਦਾਦੀ ਗੁਜਰੀ ਪਾਹਿ॥
ਫਤਹਿ ਸਿੰਘ ਜੋਰਾਵਰ ਸਿੰਘ, ਨਾਮ ਹਮਾਰੇ ਆਹਿ॥੮੨॥
ਤਿਨੈ ਕਹਾਯੋ ਅਬ ਡਰਉ ਜਿਨ, ਕਿਸੇ ਨਾ ਮਾਰਨ ਦੇਉ॥
ਮੁਖ ਤ੍ਰਿਣ ਮਸਤਕ ਟੋਕਯੋ, ਸੀਸ ਉਤਾਰਹਿ ਲੇਹੁ॥੮੩॥
ਜਬ ਕਟਾਰ ਸੋ ਸੀਸ ਉਤਾਰੇ, ਚਲਯੋ ਦੁਧ ਤਬ ਦੁਸਟ ਪੁਕਾਰੇ॥
ਝੂਠਾ ਨੰਦ ਤਬੈ ਆ ਠਾਂਢਉ, ਇਨਕੀ ਤਲਿ ਮਮਯਾਈ ਕਾਢਹੁ॥੮੪॥

ਕੇਸਰ ਸਿੰਘ ਛਿੱਬਰ ਵੀ ਆਪਣੀ ਰਚਨਾ 'ਬੰਸਾਵਲੀ ਨਾਮਾ ਦਸਾ ਪਾਤਸ਼ਾਹੀਆਂ ਦਾ' ਵਿੱਚ ਅਜਿਹੇ ਵਿਚਾਰ ਪ੍ਰਗਟ ਕਰਦਾ ਹੋਇਆ ਲਿਖਦਾ ਹੈ:

ਆਗੋ ਸੁਨੋ ਮਾਤਾ ਗੁਜਰੀ ਦੋਨੋ ਸਾਹਿਬਜ਼ਾਦੇ,
ਸਿਰਹੰਦ ਕੈਦ ਗਏ ਜੋਈ॥੫੮੯॥
ਨਵਾਬ ਵਜ਼ੀਰ ਖਾਨ ਸੇ ਛਡਣੇ ਲਾਏ॥
ਸੁਚ ਕਾਨ ਨੇ ਚੁਗਲੀ ਕਰ ਕੋਨੇ ਮਰਿਵਾਏ॥
ਸਤਿਵਾਰੀ ਮੂਹ ਫਿਟਕਾਰ ਕੈ,
ਨਾਉ ਝੂਠੇ ਦਾ ਲਾਈਐ॥
ਫਿਟੇ ਮੂਹੇ ਸੁਚੇ ਝੂਠੇ ਖਤਰੀ ਦਾ ਕਹੀਏ॥੫੯੦॥
ਨਉ ਸਾਲ ਅਵਸਥਾ ਜੋਰਾਵਰ ਸਿੰਘ ਜੀ ਭਏ॥
ਸਾਢੇ ਸਤਿ ਸਾਲ ਅਵਸਥਾ ਫਤੇ ਸਿੰਘ ਜੀ ਲਏ॥
ਜੋਰਾਵਰ ਸਤਿ ਸਾਲ ਜੀ ਦੇ ਪ੍ਰਾਨ,
ਖੰਡੇ ਨਾਲ ਬੇਰਾ ਛੁਟ ਗਏ॥
ਅਧੀ ਘੜੀ ਫਤੇ ਸਿੰਘ ਜੀ ਚਰਨ ਮਾਰਦੇ ਭਏ॥
ਪੁਰੀ ਝੂਠੈ ਨੇ ਚੁਗਲੀ ਕਰਿ ਕੇ ਮਰਵਾਏ।

ਕੇਸਰ ਸਿੰਘ ਛਿੱਬਰ ਨੇ ਜ਼ੋਰਾਵਰ ਸਿੰਘ ਜੀ ਬਾਰੇ ਲਿਖਿਆ ਹੈ, "ਚਰਨ ਮਾਰਦੇ ਭਏ' ਤੋਂ ਪ੍ਰਤੱਖ ਸਾਬਤ ਹੁੰਦਾ ਹੈ ਕਿ ਉਹਨਾਂ ਨੂੰ ਵੀ ਖੰਡੇ ਨਾਲ ਹੀ ਸ਼ਹੀਦ ਕੀਤਾ ਗਿਆ। ਇਸ ਤੋਂ ਅੱਗੇ ਸਰੂਪ ਦਾਸ ਭੱਲਾ ਦਾ ਗ੍ਰੰਥ 'ਮਹਿਮਾ ਪ੍ਰਕਾਸ਼' ਦੀ ਲਿਖਤ ਵਾਚਣ ਯੋਗ ਹੈ ਜੋ ਸਾਡੇ ਵਿਚਾਰ ਦੀ ਪ੍ਰੋੜਤਾ ਕਰਦੀ ਹੈ:[9]

"ਜੋ ਮੈਂ ਅਰਜ਼ ਕੀਆ। ਆਪ ਨੇ ਦੇਖਾ ਇਸ ਬਾਤ ਕੋ ਚਿਤ ਮੇ ਦੇਖ ਕੇ ਉਸ ਕੋ ਝੂਠਾ ਨੰਦ ਕਰਨਾ ਦ੍ਰਿੜ ਭਇਆ ਉਸ ਦੇ ਜਲਾਦਾਂ ਤਦ ਉਸ ਨੇ ਕਹੁ ਕਹਾਂ ਇਸ ਤਰ੍ਹਾਂ ਕਰਕੇ ਇਹ ਕਾਰਨ ਹੂਆ। ਉਸੀ ਜਗਾ ਦੋਨੋਂ ਸਾਹਿਬਜ਼ਾਦਿਆਂ ਦਾ ਦੇਹੁਰਾ ਜੀ ਹੈ।"

ਉਪਰੋਕਤ ਲਿਖਤ ਵਿੱਚ ਵੀ ਕਿਤੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣੇ ਜਾਣ ਦਾ ਕੋਈ ਜ਼ਿਕਰ ਨਹੀਂ ਆਉਂਦਾ। ਕਵੀ ਸੁੱਖਾ ਸਿੰਘ ਪੁਸਤਕ "ਗੁਰ ਬਿਲਾਸ ਪਾਤਸ਼ਾਹੀ 10" ਵਿੱਚ ਇਸ ਇਤਿਹਾਸਕ ਘਟਨਾ ਨੂੰ ਇਸ ਪ੍ਰਕਾਰ ਬਿਆਨ ਕਰਦਾ ਹੈ:

ਗਤ ਦੇਖ ਪਠਾਨ ਮਲੇਰ ਪਤੀ,
ਤਿਨ ਕੋ ਧਿਧਕਾਰ ਕਰਾਯੋ॥
ਗਾਰ ਦਈ ਖਤ੍ਰਹ ਹੋ ਜੜ੍ਹ ਨੀਚ,
ਕਹਾਂ ਇਹ ਕਾਮ ਕਰਾਯੋ॥
ਕੌਣ ਬਡੋ ਰਣਜੀਤ ਤੁਮੈ ਜਸ,
ਸ਼ੀਰ ਸੁ ਖੋਰਹਿ ਮਾਰ ਗਵਾਯੋ॥
ਲਾਗ ਭਯੋ ਅਬ ਹੈ ਤੁਮਰੇ, ਮਨ ਅਖ ਅੰਧ ਲਖਾਯੋ॥
ਜੂਝ ਗਏ ਜਬ ਯੋ ਬੰਧਵ,
ਦੇਖਤ ਲੋਗ ਸਭੋ ਨਰ ਨਾਰੀ॥
ਸਿਖ ਹੁਤੋ ਤਿਹ ਏਕ ਬਡੇ ਘਰ,
ਟੋਡਰ ਮਲ ਸੁ ਖਤ੍ਰਹ ਭਾਰੀ॥
ਸੋ ਸੁਨ ਬਾਤਪ ਪਾਤ ਪਰਾਪਰ ਆਨ,
ਪੁਜਯੋ ਉਹ ਠੋਰ ਮਝਾਰੀ॥
ਦੈ ਧਨ ਥਿਤ ਘਨੀ ਕਿ ਮਲੇਛ ਛਡਾਇ,
ਕਹਯੋ ਗੁਰ ਨੰਦ ਅਵਤਾਰੀ॥੨੭੩॥

**ਚੌਪਈ॥**

ਕਾ ਨਿਰਖਹੀ ਵਹ ਆਂਗ ਸੁਆਈ॥
ਅਦਭੁਤ ਕਾਮ ਉਨ ਕਰਯੋ ਕਸਾਈ॥
ਦੋਊ ਸਿਸਨ ਕੇ ਸੀਸ ਉਤਾਰੀ॥
ਦਏ ਕਾਟ ਉਨ ਅਧਮ ਗਵਾਰੀ॥੨੭੪॥

ਦੋਨੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਪ੍ਰਥਾਇ ਰਤਨ ਸਿੰਘ ਭੰਗੂ ਦੀ ਲਿਖਤ 'ਪ੍ਰਾਚੀਨ ਪੰਥ ਪ੍ਰਕਾਸ਼' (ਰਚਨਾ ਕਾਲ 1812 ਈਸਵੀ) ਵੀ ਵਾਚਣ ਯੋਗ ਹੈ:[11]

ਯਹ ਸੁਨ ਬਾਲਕ ਨ ਗੁਸਾ ਆਯੋ॥
ਹਮਰੇ ਪਿਤਾ ਕੋ ਸਕੈ ਮਰਵਾਯੋ॥
ਹਮਰੋ ਪਿਤਾ ਬਡਰਖਤ ਹਥਯਾਰ॥
ਮਾਰਨ ਵਾਹੇ ਵਹੁ ਲਏ ਮਾਰ॥੨੮॥
ਸੁਨ ਨਵਾਬ ਯੋ ਸੁਖਨ ਉਚਾਰੇ॥
ਹੈ ਹਿ ਲਰਕੇ ਜਿਬਹਾ ਕਰਨੇ ਵਾਰੇ॥
ਜੇ ਇਹ ਹੋਹਿ ਨ ਮੁਸਲਮਾਨ॥
ਕਰੋ ਜਿਬਹ ਇਨ ਮਾਸੋ ਜਾਨ॥੨੯॥

**ਦੋਹਰਾ॥**

ਇਤਰ ਕਰੀ ਜਬ ਦੁਸਟ ਸੁਨਿ ਤੁਰਕ ਭਏ ਪਰਸਿੰਨ॥
ਫੜ ਘਸੀਟੇ ਹੋਵਤੈ ਆਯੋ ਉਨੈ ਨ ਤਰਸ ਮਨ॥੩੦॥

**ਚੌਪਈ॥**

ਹੁਤੋਂ ਉਚਾਂ ਥੇ ਛੁਰੇ ਇਕ ਵਾਰੋ॥
ਦੈ ਗੋਡੇ ਹੇਠ ਕਰ ਜਿਬਹ ਡਾਰੋ॥
ਤੜਫ ਤੜਫ ਗਈ ਜਿੰਦ ਉਡਾਇ॥
ਇਸ ਸ਼ੀਸ਼ ਖੋਹ ਦੁਇ ਦਏ ਕਤਲਾਇ॥੩੧॥

ਮਹਾਂਕਵੀ ਸੰਤੋਖ ਸਿੰਘ ਦਾ ਅਨੁਪਮ ਇਤਿਹਾਸਕ ਕਾਵਿ ਗਰੰਥ 'ਗੁਰ ਪ੍ਰਤਾਪ ਸੂਰਜ ਗਰੰਥ' ਇਤਿਹਾਸ ਦਾ ਅਦੁੱਤੀ ਕਾਵਿ ਸੰਗ੍ਰਹਿ ਹੈ, ਜਿਸ ਵਿਚ ਪਹਿਲੀ ਵਾਰ ਦਸ ਗੁਰੂ ਸਾਹਿਬਾਨ ਦਾ ਇਤਿਹਾਸ ਵਿਸਥਾਰ ਪੂਰਵਕ ਵਰਣਨ ਕੀਤਾ ਗਿਆ। ਇਸ ਗਰੰਥ ਵਿੱਚ ਵੀ ਸਾਹਿਬਜ਼ਾਦਿਆਂ ਨੂੰ ਜਲਾਦਾਂ ਦੁਆਰਾ ਸ਼ਹੀਦ ਹੁੰਦੇ ਦੱਸਿਆ ਹੈ। ਨੀਹਾਂ ਵਿੱਚ ਚਿਣਨ ਦੀ ਸਜ਼ਾ ਨਹੀਂ ਦਿੱਤੀ ਸੀ:

ਅਧਮ ਤਬੈ ਤਲਵਾਰ ਚਲਾਈ॥
ਸਿਰ ਜੁਝਾਰ ਸਿੰਘ ਦਯੋ ਗਿਰਾਈ॥
ਬਹੁਰ ਦੂਸਰੋ ਵਾਰ ਪ੍ਰਹਾਰਾ॥
ਫਤੇ ਸਿੰਘ ਕੇ ਸੀਸ ਉਤਾਰਾ॥੧੧॥
ਹਾਹਾਕਾਰ ਜਹਾਂ ਕਹਿੰ ਭਯੋ॥
ਜੈ ਜੈ ਸ਼ਬਦ ਸੁਰਨਿ ਮਹਿ ਭਯੋ॥
ਧੰਨ ਗੁਰੂ ਸੁਤ ਧੀਰਜ ਧਾਰੀ॥
ਧਰਮ ਹੇਤ ਸਿਰ ਦੀਯੋ ਉਤਾਰੀ॥੧੨॥

ਨਿਰਮਲ ਸੰਤ ਪੰਡਤ ਗੁਲਾਬ ਸਿੰਘ ਜੀ (ਲਗਭਗ 1855 ਈ.) ਰਚਿਤ ਦਸ ਗੁਰੂ ਸਾਹਿਬਾਨ ਬਾਰੇ 'ਗੁਰੂ ਪ੍ਰਣਾਲੀ' ਵਿੱਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਇਸ ਪ੍ਰਕਾਰ ਲਿਖਦੇ ਹਨ:[12]

"ਅਰ ਦੋ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਨਉ ਬਰਖ ਕੀ ਉਮਰ ਮੈ। ਅਰ ਫਤੇ ਸਿੰਘ ਸਾਤ ਬਰਖ ਦੋ ਮਹੀਨੇ ਘਾਟ ਕੀ ਉਮਰ ਮੈਂ ਸੰਮਤ 1732 ਪੋਹ ਕੀ ਤੀਸਰੀ। ਮੰਗਲਵਾਰ ਸਵਾ ਪਹਿਰ ਦਿਨ ਚੜ੍ਹੇ ਮਲੇਛੋਂ ਨੇ ਫਿਟ ਮੂੰਹੀ ਸਿਰਹੰਦ ਬਿਖੈ ਉਦਰ ਚਾਕ ਕਰਕੇ ਸ਼ਹੀਦ ਕਰੇ। ਅਰ ਸਰੀਰੋਂ ਕੇ ਸੰਸਕਾਰ ਸਿੱਖਾਂ ਨੈ ਪੁਲਾਂ ਪਾਸ ਸਹਰ ਤੇ ਬਾਹਰ ਕਰੇ। ਉਸ ਸਥਾਨ ਕਾ ਨਾਮ 'ਜੋਤੀ ਸਰੂਪ' ਹੈ। ਅਰ ਦੇਹਰੇ ਜਹਾਂ ਸਰੀਰ ਫੁਟੇ ਹੈ, ਉਨਾਂ ਹੈ- ਜਿਸ ਕਉ ਫਤੇ ਗੜ੍ਹ ਕਹਤੇ ਹੈ।"

ਮਹੰਤ ਸੁਮੇਰ ਸਿੰਘ ਪਟਨਾ ਸਾਹਿਬ ਵਾਲੇ ਹੈ ਗਰੰਥ 'ਗੁਰ ਪਦ ਪ੍ਰੇਮ ਪ੍ਰਕਾਸ਼' (ਰਚਨਾ ਕਾਲ 1923 ਬਿ. 1866 ਈ.) ਵਿੱਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਇਸ ਪ੍ਰਕਾਰ ਲਿਖਦੇ ਹਨ:[13]

ਤਬ ਬਜੀਦ ਖਾਂ ਆਗਿਆ ਦਈ॥
ਕਾਟਹੁ ਸੀਸ ਦੇਰ ਨਹਿੰ ਕਈ॥
ਪੁਨ ਮਲੇਰੀਅਹਿ ਬਹੁ ਸਮਝਾਯੋ॥
ਸ਼ੀਰ ਖੋਰ ਕਰ ਪਾਪ ਸੁਝਾਯੋ॥
ਬੋਲ ਚਾਲ ਮਹਿ ਸੁਜ ਨਾਲ॥
ਯਹ ਕੁਲ ਰੀਤ ਜੁ ਸੁਨਤ ਸਬਾਲ॥
..........................
ਗਿਲਜਨ ਕਿਓ ਅਧਰਮ ਅਪਾਰਾ॥
ਤਯੋ ਸੀਸ ਬਾਲਕਨ ਉਤਾਰਾ॥
ਤੁਰਕਨ ਸੀਸ ਭੀਰ ਯਹ ਭਾਰਾ॥
ਜੇ ਹੈ ਕਿਉ ਹੂੰ ਨਾਹਿ ਉਤਾਰਾ॥

ਨਿਰਮਲੇ ਵਿਦਵਾਨ ਸੰਤ ਗਿਆਨੀ ਗਿਆਨ ਸਿੰਘ ਜੀ 'ਸ੍ਰੀ ਗੁਰ ਪੰਥ ਪ੍ਰਕਾਸ਼ (ਰਚਨਾ ਕਾਲ 1924 ਬਿਕਰਮੀ, 1867 ਈਸਵੀ) ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਇਸ ਪ੍ਰਕਾਰ ਵਿਚਾਰ ਪ੍ਰਗਟ ਕਰਦੇ ਹਨ:[14]

ਸੁਨਿ ਨਾਜਮ ਜੀ ਹਮਰੀ ਬਾਤੈਂ॥
ਕਹੋ ਨੀਤਿ ਕੀ ਰੀਤ ਵਖਯਾਤੈਂ॥
ਸਰਮ ਸੁਤਨ ਕੋ ਸਭੈ ਬਿਚਾਰੈਂ॥
ਤਿਨਕਾ ਕਹਾਂ ਵਿਗਾਰ ਨਿਹਾਰੈਂ॥
ਤੈਸੇ ਜੋ ਸਤਰੂ ਕਾ ਬੇਟਾ॥
ਚਹੀਏ ਛੋਨਾ ਬੜਾ ਸਮੇਟਾ॥
ਪੁਨ ਯਹ ਉਸੀ ਸਰਪ ਕੇ ਬੇਟੇ॥
ਹੈ ਜਿਨ ਲਾਖੋ ਤੁਰਕ ਸਮੇਟੇ॥੬੯॥
ਦੇਸ਼ ਅਦੋਸ਼ ਨ ਜ਼ਰਾ ਵਿਚਾਰੋ॥
ਕਤਲ ਕਰਵੋ ਬਿਨਾਂ ਵਿਚਾਰੋ॥
ਮਾਨ ਬਜੀਏ ਕਹਯੋ ਜਲਾਦਨ॥
ਮਾਰੋ ਗਰਦਨ ਇਕ ਗੁਰ-ਜਾਦਨ॥70॥
ਸਯਦ ਹੁਤੇ ਸਮਾਣੇ ਕੇਰੇ॥
ਗਹੇ ਕਤਲ ਹਿਤ ਉਨ ਬਿਨ ਦੇਰੇ॥
ਤਬ ਗੁਰ ਸੂਤ ਨਿਜ ਸ਼ਕਤੀ ਸੰਗੈ॥
ਗਏ ਤਿਆਗ ਤ੍ਰਿਣ ਜਯੋ ਨਿਜ ਅੰਗੈ॥ ੭੧॥
ਸੁਮਨ ਮਾਲ ਰਾਜ ਮਰ ਤੇ ਜੈਸੇ॥

ਗਿਰਤ ਤਜੇ ਤਨ ਤਿਨਹੁ ਤੈਸੇ ॥
ਪੇਖ ਜਲਾਦ ਰਹੇ ਹੈਰਾਨੈ ॥
ਫਿਰ ਤਿਨ ਹੀ ਆਪਨੀ ਬਾਨੈ ॥ ੭੨ ॥
ਲੋਥਨ ਕੀ ਗਰਦਨ ਦੇ ਵੀਚੈ ॥
ਫੇਰੇ ਛੁਰੇ ਤਿਨੇ ਤਬ ਨੀਚੈ ॥
ਕਰੇ ਕਤਲ ਦਿਖਰਾਵਨ ਹੋਤੈ ॥
ਯਹ ਸਬਹਨ ਤਬ ਲਖਯੋ ਨ ਭੇਤੈ ॥ ੭੩ ॥

ਇਹ ਕੁਝ ਕੁ ਆਦਿ ਪ੍ਰਾਚੀਨ ਇਤਿਹਾਸਕ ਗ੍ਰੰਥਾਂ ਚੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਹਵਾਲੇ ਦਿੱਤੇ ਗਏ ਹਨ। ਇਹਨਾਂ ਤੋਂ ਬਿਨਾਂ ਹੋਰ ਵੀ ਅਨੇਕਾਂ ਪੁਸਤਕਾਂ ਦੇ ਹਵਾਲੇ ਇਕੱਠੇ ਕੀਤੇ ਜਾ ਸਕਦੇ ਹਨ ਜੋ ਉਪਰੋਕਤ ਵਿਚਾਰਾਂ ਦੀ ਪ੍ਰੋੜਤਾ ਕਰਦੇ ਹਨ।

**ਸਿੱਟਾ**

ਉਪਰੋਕਤ ਇਤਿਹਾਸਕ ਗ੍ਰੰਥਾਂ ਦੇ ਹਵਾਲਿਆਂ ਦੇ ਆਧਾਰ ਤੋਂ ਕਹਿ ਸਕਦੇ ਹਾਂ ਕਿ ਜਦੋਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਛੋਟੇ ਸਾਹਿਬਜ਼ਾਦੇ ਸਰਸਾ ਨਦੀ ਦੇ ਕੰਢੇ ਗੁਰੂ ਜੀ ਤੋਂ ਵਿਛੜੇ ਨਹੀਂ, ਸਗੋਂ ਉਹ ਅਤੇ ਮਾਤਾ ਗੁਜਰੀ ਜੀ ਕੁਝ ਸੇਵਕਾਂ (ਦੁਨਾ ਸਿੰਘ ਹੰਡੂਰੀਆ ਅਤੇ ਉਸਦੀ ਪਤਨੀ ਸੁਭਿਖੀ) ਨਾਲ ਗੁਰੂ ਜੀ ਸਮੇਤ ਚਮਕੌਰ ਪਹੁੰਚੇ ਸਨ। ਗੁਰੂ ਜੀ ਉਥੋਂ ਦੇ ਚੌਧਰੀ ਦੀ ਹਵੇਲੀ ਵਿੱਚ ਚਲੇ ਗਏ ਪਰ ਮਾਤਾ ਗੁਜਰੀ ਜੀ ਅਤੇ ਛੋਟੇ ਦੋਵੇਂ ਸਾਹਿਬਜ਼ਾਦੇ ਕੁੰਮੇ ਮਾਸ਼ਕੀ ਦੇ ਘਰ ਚਲੇ ਗਏ। ਉਥੇ ਉਹਨਾਂ ਨੂੰ ਪਿੰਡ ਸਹੇੜੀ ਦੇ ਮਸੰਦ ਮਿਲੇ ਜੋ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਘਰ ਲੈ ਗਏ। ਉਪਰੋਕਤ ਇਤਿਹਾਸਕ ਗਾਥਾ ਵਿੱਚ ਕਿਤੇ ਵੀ ਗੰਗੂ ਬ੍ਰਾਹਮਣ ਦਾ ਨਾਮ ਨਹੀਂ ਆਉਂਦਾ। ਮੈਂ ਇਸ ਸਿੱਟੇ ਤੇ ਪੁੱਜਾ ਹਾਂ ਕਿ ਗੰਗੂ ਬ੍ਰਾਹਮਣ ਦੇ ਵਿਦਵਾਨਾਂ ਤੇ ਖੋਜੀਆਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਉਹ ਇਸ ਇਤਿਹਾਸਕ ਪੱਖ ਦੀ ਹੋਰ ਖੋਜ ਕਰਨ।

**ਫੁੱਟ ਨੋਟ ਤੇ ਟਿਪਣੀਆਂ**

1. ਪ੍ਰੋ. ਪਿਆਰਾ ਸਿੰਘ ਪਦਮ, ਚਾਰ ਸਾਹਿਬਜ਼ਾਦੇ, (ਪੰਨਾ 15)

2. ਪ੍ਰੋ. ਪਿਆਰਾ ਸਿੰਘ ਪਦਮ, ਜ਼ਫਰਨਾਮਾ, ਪੰਨਾ 32, ਕਲਮ ਮੰਦਰ ਲੋਇਰ ਮਾਲ, ਪਟਿਆਲਾ (1989)।

3. ਕੇਸਰ ਸਿੰਘ ਛਿੱਬਰ, ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਪਰਖ, ਛਿਮਾਹੀ ਰਿਸਾਲਾ, ਪੰਨਾ 150, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ (1972)

4. ਪ੍ਰੋ. ਪਿਆਰਾ ਸਿੰਘ ਪਦਮ; ਚਾਰ ਸਾਹਿਬਜ਼ਾਦੇ, ਪੰਨਾ 22।

5. ਗੋਬਿੰਦ ਸਿੰਘ ਲਾਂਬਾ, ਖਜਾਨ ਸਿੰਘ (ਸੰਪਾਦਕ); ਮਹਿਮਾ ਪ੍ਰਕਾਸ਼, ਕ੍ਰਿਤ ਸਰੂਪ ਦਾਸ ਭੱਲਾ, ਪੰਨਾ 876-877, ਭਾਸ਼ਾ ਵਿਭਾਗ ਪੰਜਾਬ, ਪਟਿਆਲਾ 1977।

6. ਸੁੱਖਾ ਸਿੰਘ, 'ਗੁਰਬਿਲਾਸ ਪਾਤਸ਼ਾਹੀ 10' ਪੰਨਾ 446, ਰਚਨਾ ਕਾਲ 1787 ਈ. ਛਾਪਕ ਰਾਮ ਚੰਦ ਮਾਨਕ ਨਾਹਲਾ ਪੁਸਤਕੋਂ ਵਾਲੇ, ਲੁਹਾਰੀਦਰਵਾਜਾ, ਲਾਹੌਰ।

7. ਕਈ ਪ੍ਰਕਾਸ਼ਕਾਂ ਨੇ ਪ੍ਰਸਿੱਧ ਕਾਵਿ ਗਰੰਥ 'ਸੂਰਜ ਪ੍ਰਕਾਸ਼' ਅਰਥਾਤ, 'ਗੁਰ-ਪ੍ਰਤਾਪ ਸੂਰਜ ਉਦਯ' ਦਾ ਨਾਮ 'ਸ੍ਰੀ ਗੁਰ ਬਿਲਾਸ' ਗਰੰਥ ਵੀ ਲਿਖਿਆ ਹੈ। ਜਿਸ ਪ੍ਰਤੀ 'ਚੋਂ ਮੈਂ ਇਹ ਹਵਾਲਾ ਦਿੱਤਾ ਹੈ, ਉਸਦੇ ਅੰਤ ਵਿੱਚ ਪ੍ਰਕਾਸ਼ਕ ਨੇ ਇਹ ਨੋਟ ਲਿਖਿਆ ਹੈ :

"ਇਤਿ ਸ੍ਰੀ ਗੁਰ ਬਿਲਾਸ ਗ੍ਰੰਥ ਦਸਮ ਗਰੂ ਕਲਗੀਧਰ ਜੀ ਛੇ ਰੁੱਤਾਂ ਦੋ ਐਨ ਕ੍ਰਿਤ ਭਾਈ ਸੰਤੋਖ ਸਿੰਘ ਜੀ ਇਮਦਾਦ ਬਖਸ਼ੀ ਮੇਘ ਰਾਜ ਜੀ ਛਪ ਕਰ ਸੰਪੂਰਨ ਹੂਆ...... ਯੰਤ੍ਰਾਲਯ ਆਫਤਾਬ ਪੰਜਾਬ ਲਾਹੌਰ ਮੇਂ ਸ੍ਰੀ ਯੁਤ ਦੀਵਾਨ ਬੂਟਾ ਸਿੰਘ ਸਾਹਿਬ ਜੀ ਕੇ ਅਧਿਕਾਰ ਸੇ ਮੁਦ੍ਰਿਤ ਹੂਆ। ਸੰਮਤ ਗੁਰੂ ਨਾਨਕ ਸਾਹਿਬ ਜੀ ਕਾ 422 ਬਾ ਸੰਮਤ 1949 ਬਿ. ਸੰਨ 1892 ਈ.।

8. ਸਾਹਿਬਜ਼ਾਦਿਆਂ ਬਾਰੇ ਇਹ ਲਿਖਤ ਸਭ ਤੋਂ ਪ੍ਰਾਚੀਨ ਹੈ। ਇਸ ਲਿਖਤ ਦਾ ਲੇਖਕ ਕਵੀ ਦੂਨਾ ਸਿੰਘ ਹੰਡੂਰੀਆ ਸਾਹਿਬਜ਼ਾਦਿਆਂ ਨਾਲ ਚਮਕੌਰ ਸਾਹਿਬ ਤਕ ਰਿਹਾ ਸੀ। ਉਸ ਕਾਵਿ-ਕਿਰਤ ਨੂੰ ਪਹਿਲੀ ਵਾਰ ਪ੍ਰੋ. ਪਿਆਰਾ ਸਿੰਘ ਪਦਮ ਜੀ ਨੇ ਪ੍ਰਕਾਸ਼ਤ ਕੀਤਾ ਹੈ। ਉਹਨਾਂ ਨੇ ਉਸ ਕਿਰਤ ਦੀ ਨਕਲ ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ ਸੀ। ਜਿਸ ਤੇ ਪ੍ਰਤੀ ਨੰਬਰ 6045 ਅੰਕਿਤ ਸੀ ਜੋ 1984 ਦੀ ਫੌਜੀ ਕਾਰਵਾਈ ਸਮੇਂ ਸੜ ਕੇ ਰਾਖ ਹੋ ਗਈ। ਇਹ ਕਿਰਤ ਦੂਨਾ ਸਿੰਘ ਹੰਡੂਰੀਆ ਨੇ ਆਪਣੇ ਬੁਢਾਪੇ ਸਮੇਂ ਲਿਖੀ ਜਾਪਦੀ ਹੈ।

9. ਗੋਬਿੰਦ ਸਿੰਘ ਲਾਂਬਾ, ਖਜਾਨ ਸਿੰਘ (ਸੰਪਾਦਕ) 'ਮਹਿਮਾ-ਪ੍ਰਕਾਸ਼' ਕ੍ਰਿਤ ਸਰੂਪ ਦਾਸ ਭੱਲਾ, ਛਾਪਕ ਭਾਸ਼ਾ ਵਿਭਾਗ ਪੰਜਾਬ, ਪਨਿਆਲਾ-1971।

10. ਸੁੱਖਾ ਸਿੰਘ, ਗੁਰ ਬਿਲਾਸ ਪਾਤਸ਼ਾਹੀ 10 ਪੰਨਾ 322 (ਹਿੰਦੀ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ 1970।

**ਬਾਕੀ ਸਫ਼ਾ 32 'ਤੇ.......**

# ਨਾਮਧਾਰੀ ਹਾਕੀ ਟੀਮ ਦੀ ਦਾਸਤਾਨ

**-ਭਜਨ ਸਿੰਘ**

ਹਾਕੀ ਭਾਰਤ ਦੀ ਰਾਸ਼ਟਰੀ ਖੇਡ ਹੈ। ਭਾਰਤ ਵਿੱਚ ਇਹ ਤਕਰੀਬਨ ਡੇਢ ਸੌ ਸਾਲ ਤੋਂ ਖੇਡੀ ਜਾ ਰਹੀ ਹੈ। ਲੰਮਾ ਸਮਾਂ ਇਹ ਖੇਡ ਭਾਰਤ ਦੇ ਪਿੰਡਾਂ-ਕਸਬਿਆਂ ਦੀਆਂ ਗਲੀਆਂ-ਮੁਹੱਲਿਆਂ ਵਿੱਚ 'ਖਿੱਦੋ-ਖੂੰਡੀ' ਦੇ ਨਾਂ ਨਾਲ ਜਾਣੀ ਜਾਂਦੀ ਰਹੀ। ਇੱਕ ਅੰਦਾਜ਼ਾ ਇਹ ਵੀ ਲਾਇਆ ਜਾਂਦਾ ਹੈ ਕਿ 'ਹਾਕੀ' ਦੇ ਪੁਰਾਤਨ ਨਾਂ 'ਖਿੱਦੋ-ਖੂੰਡੀ' ਵਾਲੀ ਇਹ ਖੇਡ ਚਾਰ ਹਜ਼ਾਰ ਸਾਲ ਪਹਿਲਾਂ ਮਿਸਰ ਤੋਂ ਸ਼ੁਰੂ ਹੋਈ। ਇਹ ਗੱਲ ਕਿੱਥੋਂ ਤੱਕ ਠੀਕ ਹੈ, ਪਤਾ ਨਹੀਂ। ਪਰ ਇਹ ਅੰਦਾਜਾ ਸਹਿਜੇ ਹੀ ਲੱਗ ਜਾਂਦਾ ਹੈ ਕਿ ਇਹ ਖੇਡ ਵਿਸ਼ਵ ਦੀਆਂ ਪੁਰਾਣੀਆਂ ਖੇਡਾਂ ਵਿੱਚੋਂ ਇੱਕ ਹੈ। ਬਿਨਾਂ ਸ਼ੱਕ ਇਹ ਕਿਸੇ ਅਮੀਰ ਅਤੇ ਵਿਕਸਿਤ ਸੱਭਿਅਤਾ ਦੀ ਖੇਡ ਸੀ। ਅਠਾਰ੍ਹਵੀਂ ਸਦੀ ਦੇ ਅਖੀਰ ਜਾਂ ਉਨ੍ਹੀਵੀਂ ਸਦੀ ਦੇ ਮੁੱਢ ਵਿੱਚ ਇਸ ਖੇਡ ਦਾ ਨਾਮ ਵਿਸ਼ਵ ਵਿੱਚ 'ਹਾਕੀ' (Hockey) ਪ੍ਰਚਲਿਤ ਹੋਣਾ ਸ਼ੁਰੂ ਹੋਇਆ। ਉਨ੍ਹੀਵੀਂ ਸਦੀ ਦੇ ਅੱਧ ਤੋਂ ਮਗਰੋਂ ਭਾਰਤ ਸਮੇਤ ਵਿਸ਼ਵ ਦੇ ਵੱਖ-ਵੱਖ ਵਿਕਸਤ ਮੁਲਕਾਂ ਨੇ ਇਸ ਖੇਡ ਵਿੱਚ ਖ਼ਾਸ ਦਿਲਚਸਪੀ ਲਈ ਅਤੇ ਇਸਦੇ ਵਿਕਾਸ ਲਈ ਖ਼ਾਸ ਯਤਨ ਕੀਤੇ।

ਹਾਕੀ ਦਾ ਪਹਿਲਾ ਅੰਤਰ-ਰਾਸ਼ਟਰੀ ਮੈਚ ਵੇਲਜ਼ (ਇੰਗਲੈਂਡ) ਅਤੇ ਆਇਰਲੈਂਡ ਦੀਆਂ ਟੀਮਾਂ ਦਰਮਿਆਨ 25 ਜੂਨ 1895 ਈ. ਵਿੱਚ ਖੇਡਿਆ ਗਿਆ ਸੀ। 1908 ਈ. ਵਿੱਚ ਹਾਕੀ ਨੂੰ ਲੰਡਨ ਓਲੰਪਿਕ ਖੇਡਾਂ ਵਿੱਚ ਸ਼ਾਮਿਲ ਕੀਤਾ ਗਿਆ। ਭਾਰਤ ਵਿੱਚ 1883 ਈ. ਵਿੱਚ ਕਲਕੱਤੇ ਪਹਿਲਾ ਹਾਕੀ ਕਲੱਬ ਬਣਾਇਆ ਗਿਆ। ਉਸ ਤੋਂ ਬਾਅਦ 1908 ਵਿੱਚ 'ਬੰਗਾਲ ਹਾਕੀ ਐਸੋਸੀਏਸ਼ਨ' ਹੋਂਦ ਵਿੱਚ ਆਈ ਤੇ ਫਿਰ ਸਮੇਂ-ਸਮੇਂ ਨਾਲ 1920 ਵਿੱਚ 'ਸਿੰਧ ਹਾਕੀ ਐਸੋਸੀਏਸ਼ਨ', 1924 ਵਿੱਚ 'ਦਿੱਲੀ ਹਾਕੀ ਐਸੋਸੀਏਸ਼ਨ', 1925 ਵਿੱਚ 'ਪੰਜਾਬ ਹਾਕੀ ਐਸੋਸੀਏਸ਼ਨ', 1919 ਵਿੱਚ 'ਆਰਮੀ ਸਪੋਰਟਸ ਕੰਟਰੋਲ ਬੋਰਡ' ਹੋਂਦ ਵਿੱਚ ਆਇਆ। ਇਨ੍ਹਾਂ ਨੇ 1927 ਵਿੱਚ ਬਣੀ 'ਭਾਰਤੀ ਹਾਕੀ ਫੈਡਰੇਸ਼ਨ' ਦੀ ਸਥਾਪਨਾ ਵਿੱਚ ਅਹਿਮ ਯੋਗਦਾਨ ਪਾਇਆ।

ਭਾਰਤ ਨੇ 1928 ਦੇ ਐਮਸਟਰਡਮ (ਹਾਲੈਂਡ) ਓਲੰਪਿਕ ਵਿੱਚ ਪਹਿਲੀ ਵਾਰ ਹਿੱਸਾ ਲਿਆ ਤੇ ਗੋਲਡ ਮੈਡਲ ਹਾਸਲ ਕੀਤਾ। ਫਿਰ ਭਾਰਤ ਨੇ ਲਗਾਤਾਰ 1932, 1936, 1948, 1952 ਤੇ 1956 ਤੱਕ 6 ਗੋਲਡ ਮੈਡਲ ਜਿੱਤੇ। 1960 ਦੀਆਂ ਰੋਮ ਓਲੰਪਿਕ ਖੇਡਾਂ ਦੌਰਾਨ ਭਾਰਤ ਨੂੰ ਕਾਂਸੀ ਤਗਮੇ ਨਾਲ ਹੀ ਸਬਰ ਕਰਨਾ ਪਿਆ। 1964 ਵਿੱਚ ਟੋਕੀਓ ਓਲੰਪਿਕ ਦੌਰਾਨ ਭਾਰਤ ਨੇ ਫਿਰ ਗੋਲਡ ਮੈਡਲ ਪ੍ਰਾਪਤ ਕੀਤਾ। 1968, 1972 ਵਿੱਚ ਤੀਸਰਾ ਸਥਾਨ, 1976 ਵਿੱਚ ਸੱਤਵਾਂ, 1980 ਵਿਚ ਫਿਰ ਪਹਿਲਾ ਸਥਾਨ ਹਾਸਿਲ ਕੀਤਾ। ਉਸ ਸਮੇਂ ਭਾਰਤੀ ਹਾਕੀ ਖਿਡਾਰੀਆਂ ਨੇ ਆਪਣੀ ਖੇਡ ਦਾ ਸਿੱਕਾ ਸਾਰੀ ਦੁਨੀਆਂ ਨੂੰ ਮਨਵਾ ਦਿੱਤਾ। ਅੱਜ ਤੱਕ ਭਾਰਤੀ ਹਾਕੀ ਟੀਮ ਓਲੰਪਿਕ ਖੇਡਾਂ ਵਿੱਚ ਦੁਨੀਆਂ ਦੀ ਸਭ ਤੋਂ ਵੱਧ ਗੋਲਡ ਮੈਡਲ ਜਿੱਤਣ ਵਾਲੀ ਟੀਮ ਹੈ।

ਹਾਕੀ ਵਿਸ਼ਵ ਕੱਪ ਦੀ ਸ਼ੁਰੂਆਤ 1971 ਈ. ਵਿੱਚ ਹੋਈ। ਪਹਿਲਾ ਵਿਸ਼ਵ ਕੱਪ ਬਾਰਸੀਲੋਨਾ (ਸਪੇਨ) ਵਿੱਚ ਹੋਇਆ। ਉਸ ਵਿੱਚ ਭਾਰਤ ਤੀਸਰੇ ਸਥਾਨ 'ਤੇ ਰਿਹਾ। ਉਸ ਤੋਂ ਅਗਲਾ ਵਿਸ਼ਵ ਕੱਪ 1973 ਈ. ਵਿੱਚ ਐਮਸਟਰਡਮ (ਹਾਲੈਂਡ) ਵਿਖੇ ਹੋਇਆ, ਜਿਸ ਵਿੱਚ ਭਾਰਤ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਤੀਸਰਾ ਵਿਸ਼ਵ ਕੱਪ 1975 ਈ. ਵਿੱਚ ਮਲੇਸ਼ੀਆ ਵਿਖੇ ਹੋਇਆ, ਇਸ ਵਿਸ਼ਵ ਕੱਪ ਦੌਰਾਨ ਭਾਰਤ ਨੇ ਆਪਣੀ ਖੇਡ ਦਾ ਚੰਗਾ ਪ੍ਰਦਰਸ਼ਨ ਕਰਕੇ ਪਹਿਲਾ ਸਥਾਨ ਹਾਸਿਲ ਕੀਤਾ। ਇਸ ਵਿਸ਼ਵ ਕੱਪ ਵਿੱਚ ਖੇਡ ਰਹੀ ਭਾਰਤੀ ਟੀਮ ਦੀ ਕਪਤਾਨੀ ਪ੍ਰਸਿੱਧ ਖਿਡਾਰੀ ਅਜੀਤਪਾਲ ਸਿੰਘ ਨੇ ਕੀਤੀ ਸੀ। ਸੱਤਰਵਿਆਂ ਤੇ ਅੱਸੀਵਿਆਂ ਤੱਕ ਭਾਰਤੀ ਹਾਕੀ ਟੀਮ ਦੀ ਵਿਸ਼ਵ ਪੱਧਰ 'ਤੇ ਧਾਂਕ ਸੀ, ਪਰ ਉਸ ਤੋਂ ਮਗਰੋਂ ਭਾਰਤੀ ਹਾਕੀ ਟੀਮ ਦੀਆਂ ਪ੍ਰਾਪਤੀਆਂ ਵਿੱਚ ਕੁਝ ਗਿਰਾਵਟ ਆ ਗਈ। ਏਸ਼ੀਅਨ ਖੇਡਾਂ ਵਿੱਚ ਭਾਰਤ ਜ਼ਰੂਰ ਪਹਿਲੇ, ਦੂਜੇ ਸਥਾਨ ਹਾਸਲ ਕਰਦਾ ਰਿਹਾ ਪਰ ਵਿਸ਼ਵ ਪੱਧਰ 'ਤੇ ਕੋਈ ਖ਼ਾਸ ਬੁਲੰਦੀ ਹਾਸਿਲ ਨਹੀਂ ਹੋ ਸਕੀ।

ਜੇ ਪੰਜਾਬੀਆਂ ਦੇ ਹਾਕੀ ਸਨੇਹ ਦੀ ਗੱਲ ਕੀਤੀ ਜਾਵੇ ਤਾਂ ਉਹ ਇਹ ਹੈ ਕਿ ਵਿਸ਼ਵ ਵਿੱਚ ਜਿੱਥੇ-ਜਿੱਥੇ ਵੀ ਪੰਜਾਬੀ ਗਏ, ਉਹ ਦੋ ਖੇਡਾਂ ਹਾਕੀ ਤੇ ਕਬੱਡੀ ਨਾਲ ਲੈ ਕੇ ਗਏ। ਪੰਜਾਬ ਦੀ ਧਰਤੀ ਨੇ ਹਾਕੀ ਦੇ ਖੇਤਰ ਵਿੱਚ ਬਹੁਤ ਸਾਰੇ ਓਲੰਪੀਅਨ ਤੇ ਅੰਤਰ-ਰਾਸ਼ਟਰੀ ਖਿਡਾਰੀ ਪੈਦਾ ਕੀਤੇ। ਜਲੰਧਰ ਕੋਲ ਪੈਂਦੇ ਪਿੰਡ ਸੰਸਾਰਪੁਰ ਨੇ 14 ਓਲੰਪੀਅਨ ਤੇ 19 ਅੰਤਰ-ਰਾਸ਼ਟਰੀ ਖਿਡਾਰੀ ਪੈਦਾ ਕੀਤੇ, ਜਿਨ੍ਹਾਂ ਨੇ ਭਾਰਤ ਤੇ ਹੋਰ ਦੇਸ਼ਾਂ ਦੀ ਅੰਤਰ-ਰਾਸ਼ਟਰੀ ਮੁਕਾਬਲਿਆਂ ਵਿੱਚ ਪ੍ਰਤੀਨਿਧਤਾ ਕੀਤੀ। ਸੰਸਾਰਪੁਰ ਦੇ ਖਿਡਾਰੀਆਂ ਨੇ ਭਾਰਤ ਤੋਂ ਇਲਾਵਾ ਇੰਗਲੈਂਡ, ਕੈਨੇਡਾ ਤੇ ਕੀਨੀਆ ਦੀ ਤਰਫ਼ੋਂ ਵੀ ਅੰਤਰ-ਰਾਸ਼ਟਰੀ ਮੁਕਾਬਲਿਆਂ ਵਿੱਚ ਹਿੱਸਾ ਲਿਆ।

ਸੱਤਰਵਿਆਂ ਦੇ ਮੁੱਢ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ

ਦੇ ਇੱਕ ਸ਼ਲਾਘਾਯੋਗ ਯਤਨ ਸਦਕਾ ਨਾਮਧਾਰੀ ਮੁੰਡੇ ਵੀ ਹਾਕੀ ਖੇਡਣ ਲਈ ਉਤਸ਼ਾਹਿਤ ਹੋਏ। ਜਦੋਂ ਭਾਰਤ ਦੀ ਹਾਕੀ ਟੀਮ ਵਿਸ਼ਵ ਵਿੱਚ ਕਦੀ ਉਲੰਪਿਕ ਤੇ ਕਦੀ ਵਿਸ਼ਵ ਕੱਪ ਜਿੱਤ ਕੇ ਨਾਮਣਾ ਖੱਟ ਰਹੀ ਸੀ, ਓਦੋਂ ਉਸ ਟੀਮ ਵਿੱਚ ਬਹੁਤ ਸਾਰੇ ਪੰਜਾਬੀ ਮੁੰਡੇ ਖੇਡ ਰਹੇ ਸਨ, ਸੁਭਾਵਕ ਸੀ ਕਿਸ਼ੋਰ ਅਵਸਥਾ ਦੇ ਪੰਜਾਬੀ ਬਾਲ ਉਨ੍ਹਾਂ ਮੁੰਡਿਆਂ ਤੋਂ ਪ੍ਰਭਾਵਿਤ ਹੁੰਦੇ, ਜੋ ਉਨ੍ਹਾਂ ਤੋਂ ਕੁਝ ਵਰ੍ਹੇ ਵੱਡੇ ਸਨ, ਪਰ ਉਹਨਾਂ ਦੇ ਨਾਮ ਦੀ ਦੁਨੀਆਂ 'ਤੇ ਧਾਂਕ ਸੀ। ਉਹਨਾਂ ਦਿਨਾਂ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਯਤਨਾਂ ਨਾਲ ਨਾਮਧਾਰੀ ਮੁੰਡਿਆਂ ਦੀ ਵੀ ਇੱਕ ਹਾਕੀ ਟੀਮ ਤਿਆਰ ਹੋਣੀ ਸ਼ੁਰੂ ਹੋਈ। ਇਲਾਕਾ ਜੀਵਨ ਨਗਰ ਦੇ ਕੁਝ ਮੁੰਡਿਆਂ ਨੂੰ ਕੋਚ ਪਾਲ ਸਿੰਘ ਤੋਂ ਕੋਚਿੰਗ ਦਿਵਾਉਣੀ ਸ਼ੁਰੂ ਕੀਤੀ। ਇਸ ਟੀਮ ਵਿੱਚ ਸਤਿਗੁਰੂ ਉਦੇ ਸਿੰਘ ਜੀ ਵੀ ਖੇਡਦੇ ਸਨ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਟੀਮ ਨੂੰ ਤਿਆਰ ਕਰਨ ਦਾ ਮੁੱਖ ਮਕਸਦ ਹਾਕੀ ਦੀ ਖੇਡ ਰਾਹੀਂ ਸਿੱਖੀ ਪਹਿਰਾਵੇ ਦੀ ਵਿਸ਼ਵ ਪੱਧਰ 'ਤੇ ਪਹਿਚਾਣ ਕਰਵਾਉਣਾ ਸੀ। ਸਤਿਗੁਰੂ ਜੀ ਆਪਣੇ ਉਪਦੇਸ਼ ਵਿੱਚ ਬਚਨ ਕਰਦੇ ਹਨ, "ਸਭ ਤੋਂ ਪਹਿਲਾਂ ਅਸੀਂ ਕੁਝ ਮੁੰਡੇ ਪਟਿਆਲੇ ਭੇਜੇ। ਉਹਨਾਂ ਇਹ ਕਹਿ ਕੇ ਖਡਾਉਣੋਂ ਮਨ੍ਹਾਂ ਕਰ ਦਿੱਤਾ ਕਿ ਇਹ ਕਛਹਿਰੇ ਪਾ ਕੇ ਨਹੀਂ ਖੇਡ ਸਕਦੇ। ਅਸੀਂ ਮੁੰਡੇ ਵਾਪਸ ਮੰਗਾ ਲਏ ਤੇ ਸੋਚਿਆ ਹੁਣ ਆਪਣੀ ਹੀ ਟੀਮ ਤਿਆਰ ਕਰਾਂਗੇ, ਜਿਹੜੀ ਸਿੱਖੀ ਪਹਿਰਾਵੇ ਵਿੱਚ ਖੇਡੇਗੀ ਤੇ ਭਾਰਤੀ ਸੰਸਕ੍ਰਿਤੀ ਦਾ ਮਾਣ ਹੋਵੇਗੀ।"

ਉਸ ਤੋਂ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਹਾਕੀ ਟੀਮ ਬਣਾਉਣ ਲਈ ਵਿਸ਼ੇਸ਼ ਯਤਨ ਸ਼ੁਰੂ ਕੀਤੇ। ਨਾਮਧਾਰੀ ਹਾਕੀ ਟੀਮ ਦੀ ਸ਼ੁਰੂਆਤ ਸੰਬੰਧੀ ਜਗਦੀਸ਼ ਸਿੰਘ ਵਰਿਆਮ ਲਿਖਦੇ ਹਨ- "ਹਾਕੀ ਵਿੱਚ ਵਿਸ਼ੇਸ਼ ਸਰਗਰਮੀ ਸੰਨ 1973 ਈ. ਤੋਂ ਸ਼ੁਰੂ ਹੋਈ। ਸੰਨ 1974 ਤੋਂ ਇਹਨਾਂ ਪਟਿਆਲੇ ਨੈਸ਼ਨਲ ਇੰਸਟੀਚਿਊਟ ਤੋਂ ਸ. ਪਾਲ ਸਿੰਘ ਕੋਚ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਅਤੇ ਫੇਰ ਸ. ਇਕਬਾਲ ਸਿੰਘ ਚਾਹਲ ਤੋਂ ਕੋਚਿੰਗ ਲਈ। ਸਖ਼ਤ ਟਰੇਨਿੰਗ ਅਤੇ ਵਧੀਆ ਕੋਚਿੰਗ ਦੇ ਫਲਸਰੂਪ ਇੱਥੇ ਜੂਨੀਅਰ ਅਤੇ ਸੀਨੀਅਰ ਵਿੰਗ ਦੀਆਂ ਟੀਮਾਂ ਤਿਆਰ ਹੋਈਆਂ। ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਨਾਮ ਦਾ ਸਕੂਲ, ਸਪੋਰਟਸ ਸਰਗਰਮੀਆਂ ਦਾ ਕੇਂਦਰ ਬਣ ਗਿਆ ਅਤੇ (ਇਸਨੂੰ) ਪਟਿਆਲਾ ਦੇ ਇੰਸਟੀਚਿਊਟ ਤੋਂ ਭਰਪੂਰ ਸਹਿਯੋਗ ਮਿਲਿਆ।..... ਹਾਕੀ ਵਿੱਚ ਦਿਲਚਸਪੀ ਵਧਣ ਨਾਲ ਇੱਥੇ ਟੂਰਨਾਮੈਂਟ ਹੋਣੇ ਸ਼ੁਰੂ ਹੋ ਗਏ ਅਤੇ ਨਾਲ ਲੱਗਦੇ ਇਲਾਕਿਆਂ ਦੇ ਟੂਰਨਾਮੈਂਟਾਂ ਵਿੱਚ ਸਕੂਲ (ਨਾਮਧਾਰੀ ਵਿੱਦਿਅਕ ਜਥਾ) ਦੀ ਟੀਮ ਨੇ ਨਾਮਣਾ ਖੱਟਣਾ ਸ਼ੁਰੂ ਕਰ ਦਿੱਤਾ।......ਦਿਲਚਸਪ ਗੱਲ ਇਹ ਹੈ ਕਿ ਇੱਥੋਂ ਦੇ ਟੂਰਨਾਮੈਂਟਾਂ ਵਿੱਚ ਜ਼ਿਆਦਾ ਮਹੱਤਤਾ ਸਿਆਸੀ ਲੀਡਰਾਂ ਦੀ ਬਜਾਏ ਖਿਡਾਰੀਆਂ ਨੂੰ ਦਿੱਤੀ ਗਈ ਅਤੇ ਇਨਾਮ ਵੰਡ ਦੀ ਰਸਮ ਉਨ੍ਹਾਂ ਹੱਥੀਂ ਕਰਵਾ ਕੇ ਨਵੇਂ ਖਿਡਰੀਆਂ ਵਿੱਚ ਜੋਸ਼ ਭਰਿਆ ਗਿਆ।...... ਸੰਨ 1973 ਤੋਂ ਸਲਾਨਾ ਸਤਿਗੁਰੂ ਬਾਲਕ ਸਿੰਘ ਹਾਕੀ ਟੂਰਨਾਮੈਂਟ ਦੀ ਇਨਾਮ ਵੰਡ ਕ੍ਰਮਵਾਰ ਸ. ਪ੍ਰਿਥੀਪਾਲ ਸਿੰਘ, ਸ. ਬਲਦੇਵ ਸਿੰਘ ਕੋਚ ਪਟਿਆਲਾ ਅਤੇ ਸ. ਬਾਲ ਕ੍ਰਿਸ਼ਨ ਸਿੰਘ ਚੀਫ ਕੋਚ ਪਟਿਆਲਾ ਕਰ ਚੁੱਕੇ ਹਨ।...... ਦਿੱਲੀ ਵਿੱਚ ਆਲ ਇੰਡੀਆ ਗੁਰੂ ਨਾਨਕ ਹਾਕੀ ਟੂਰਨਾਮੈਂਟ ਸਮੇਂ ਇਸ (ਨਾਮਧਾਰੀ) ਟੀਮ ਨੂੰ ਬਹੁਤ ਪ੍ਰਸਿੱਧੀ ਮਿਲੀ ਹੈ। ਨਾਮਧਾਰੀ ਵਿੱਦਿਆਕ ਜਥਾ ਸ੍ਰੀ ਜੀਵਨ ਨਗਰ ਹਾਕੀ ਜਗਤ ਵਿੱਚ ਨਵਾਂ ਨਾਮ ਹੈ। ਅਖ਼ਬਾਰਾਂ ਨੇ ਇੰਜ ਲਿਖਿਆ ਸੀ.....ਇਹਨਾਂ ਦੀ ਖੇਡ ਨੇ ਸਭ ਨੂੰ ਮੋਹ ਲਿਆ ਹੈ।" (ਵਰਿਆਮ, ਜੂਨ 1976 ਦੀ ਇੱਕ ਰਿਪੋਰਟ)

ਜਗਦੀਸ਼ ਸਿੰਘ 'ਵਰਿਆਮ' ਦੇ ਉਪਰੋਕਤ ਕਥਨ ਤੋਂ ਇਹ ਭਲੀਭਾਂਤ ਸਪੱਸ਼ਟ ਹੁੰਦਾ ਹੈ ਕਿ ਨਾਮਧਾਰੀ ਹਾਕੀ ਟੀਮ ਦੀ ਸ਼ੁਰੂਆਤ 1973 ਈ. ਵਿੱਚ ਹੋਈ। ਉਦੋਂ ਇਸ ਟੀਮ ਦਾ ਨਾਮ 'ਨਾਮਧਾਰੀ ਵਿਦਿਅਕ ਜਥਾ ਸ੍ਰੀ ਜੀਵਨ ਨਗਰ' ਸੀ। 1973 ਤੋਂ ਸਤਿਗੁਰੂ ਬਾਲਕ ਸਿੰਘ ਟੂਰਨਾਮੈਂਟ ਵੀ ਹਰ ਸਾਲ ਕਰਵਾਉਣਾ ਸ਼ੁਰੂ ਕੀਤਾ। ਵਰਿਆਮ ਜੀ ਇੱਕ ਥਾਂ ਹੋਰ ਲਿਖਦੇ ਹਨ, "ਸ੍ਰੀ ਜੀਵਨ ਨਗਰ ਜ਼ਿਲ੍ਹਾ ਸਿਰਸਾ ਦਾ ਇੱਕ ਸਧਾਰਨ ਜਿਹਾ ਪਿੰਡ ਹੈ, ਪਰ ਇਸ ਦੀ ਪ੍ਰਸਿੱਧੀ ਸੰਸਾਰ ਵਿੱਚ ਹੈ। ਪਹਿਲਾਂ ਤਾਂ ਨਾਮਧਾਰੀ ਕੇਂਦਰ ਹੋਣ ਕਰਕੇ ਇਸਨੂੰ ਜਾਣਿਆ ਜਾਂਦਾ ਸੀ, ਪ੍ਰੰਤੂ ਹੁਣ ਖੇਡ ਜਗਤ ਵਿੱਚ ਵੀ ਇੱਥੋਂ ਦੇ ਨੌਜਵਾਨਾਂ ਦੀ ਹਾਕੀ ਵਿੱਚ ਵਿਸ਼ੇਸ਼ ਦਿਲਚਸਪੀ ਕਰਕੇ ਪ੍ਰਸਿੱਧ ਹੋ ਰਿਹਾ ਹੈ। ਹੁਣੇ-ਹੁਣੇ ਦਿੱਲੀ ਵਿੱਚ ਹੋਏ ਗੁਰੂ ਨਾਨਕ ਹਾਕੀ ਟੂਰਨਾਮੈਂਟ ਦੇ ਕੁੱਲ ਹਿੰਦ ਮੁਕਾਬਲਿਆਂ ਵਿੱਚ ਇੱਥੋਂ ਦੀ ਹਾਕੀ ਟੀਮ ਨੇ ਉੱਤਰੀ ਰੇਲਵੇ ਵਰਗੀ ਤਾਕਤਵਰ ਟੀਮ ਨੂੰ ਹਰਾ ਕੇ ਸਨਸਨੀ ਫੈਲਾ ਦਿੱਤੀ ਹੈ। (ਵਰਿਆਮ, ਜੂਨ 1976)

**ਪਹਿਲਾ ਬੈਚ–** 1973 ਈ. ਵਿੱਚ ਇਲਾਕਾ ਜੀਵਨ ਨਗਰ ਦੇ ਕੁਝ ਨੌਜਵਾਨ ਇਕੱਠੇ ਹੋ ਕੇ ਹਾਕੀ ਖੇਡਣ ਲੱਗੇ। ਹੌਲੀ-ਹੌਲੀ ਜਦੋਂ ਇਹ ਚੰਗਾ ਖੇਡਣ ਲੱਗ ਪਏ ਤਾਂ ਇਹਨਾਂ ਨੇ ਵੱਖ-ਵੱਖ ਟੂਰਨਾਮੈਂਟ ਖੇਡਣੇ ਸ਼ੁਰੂ ਕਰ ਦਿੱਤੇ। ਕੋਚ ਪਾਲ ਸਿੰਘ ਇਨ੍ਹਾਂ ਨੂੰ ਹਾਕੀ ਦੇ ਗੁਰ ਦੱਸਣ ਲੱਗੇ। ਵੱਖ-ਵੱਖ ਟੂਰਨਾਮੈਂਟ ਖੇਡਦਿਆਂ ਇਸ ਟੀਮ ਦੀ ਕਪਤਾਨੀ ਠਾਕੁਰ ਉਦੇ ਸਿੰਘ (ਵਰਤਮਾਨ ਸਤਿਗੁਰੂ ਜੀ) ਕਰਦੇ ਰਹੇ। ਇਸ ਟੀਮ ਵਿੱਚ ਖੇਡਣ ਵਾਲੇ ਖਿਡਾਰੀ ਸਨ-

1. ਠਾਕੁਰ ਉਦੇ ਸਿੰਘ ਜੀ
2. ਮਾਸਟਰ ਮਨਸਾ ਸਿੰਘ
3. ਮੋਹਨ ਸਿੰਘ ਰੰਧਾਵਾ

4. ਬਲਦੇਵ ਸਿੰਘ (ਬੱਲੀ)
5. ਗੁਰਭੇਜ ਸਿੰਘ
6. ਹਰਦੀਪ ਸਿੰਘ
7. ਮੱਖਣ ਸਿੰਘ ਹੁੰਦਲ
8. ਸੁਖਦੇਵ ਸਿੰਘ ਪੰਨੂ
9. ਗੁਰਮੇਲ ਸਿੰਘ ਧੰਜਲ
10. ਬਲੀ ਸਿੰਘ (ਗੋਲਕੀਪਰ)
11. ਗੁਰਦਿਆਲ ਸਿੰਘ
12. ਭੋਲਾ ਸਿੰਘ
13. ਮਨੋਹਰ ਸਿੰਘ
14. ਰਛਪਾਲ ਸਿੰਘ
15. ਸੁਖਦੇਵ ਸਿੰਘ ਸਾਹੀਵਾਲ
16. ਰਘਬੀਰ ਸਿੰਘ
17. ਪਰਮਜੀਤ ਸਿੰਘ (ਪੰਮਾ)
18. ਹੀਰਾ ਸਿੰਘ
19. ਮਾ. ਮੁਖਤਿਆਰ ਸਿੰਘ
20. ਡਾ. ਗੁਰਮੁੱਖ ਸਿੰਘ
21. ਬਲਦੇਵ ਸਿੰਘ ਫਿਲੋਵਾਸੀਆ
22. ਗੁਰਚਰਨ ਸਿੰਘ
23. ਕੇਵਲ ਸਿੰਘ

'ਨਾਮਧਾਰੀ ਵਿੱਦਿਅਕ ਜਥਾ' ਦੀ ਹਾਕੀ ਟੀਮ ਲਈ ਜਿੱਥੇ ਵਿਸ਼ੇਸ਼ ਪ੍ਰਬੰਧ ਉਹਨਾਂ ਦੀ ਰਿਹਾਇਸ਼, ਖਾਣ ਪੀਣ ਤੇ ਕੋਚਿੰਗ ਆਦਿ ਲਈ ਕੀਤੇ ਜਾਂਦੇ, ਉੱਥੇ ਉਹਨਾਂ ਨੂੰ ਸਿੱਖੀ ਜੀਵਨ-ਜਾਚ 'ਚ ਪਰਪੱਕ ਕਰਨ ਲਈ ਸਤਿਗੁਰੂ ਜਗਜੀਤ ਸਿੰਘ ਜੀ ਖ਼ੁਦ ਵਿਸ਼ੇਸ਼ ਧਿਆਨ ਦੇਂਦੇ। ਪਹਿਲੇ ਬੈਚ ਦੇ ਉਪਰੋਕਤ ਖਿਡਾਰੀ 1979-80 ਤੱਕ ਵੱਖ-ਵੱਖ ਟੂਰਨਾਮੈਂਟਾਂ ਵਿੱਚ ਆਪਣੀ ਖੇਡ ਦਾ ਜੌਹਰ ਵਿਖਾਉਂਦੇ ਰਹੇ। ਉਨ੍ਹਾਂ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਭਾਰਤ ਦੀਆਂ ਵੱਡੀਆਂ-ਵੱਡੀਆਂ ਹਾਕੀ ਟੀਮਾਂ ਨੂੰ ਹਰਾਇਆ।

**ਦੂਸਰਾ ਬੈਚ–** ਜਦੋਂ ਇਹ ਖਿਡਾਰੀ ਕੁਝ ਵੱਡੇ ਹੁੰਦੇ ਜਾਪੇ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਖਿਆਲ ਵਿੱਚ ਇੱਕ ਹੋਰ ਨਵੇਂ ਬੈਚ ਨੂੰ ਸ਼ੁਰੂ ਕਰਨ ਦੀ ਸੋਚ ਆਈ। ਇਹ ਨਵਾਂ ਬੈਚ 1977-78 ਈ. ਵਿੱਚ ਸ਼ੁਰੂ ਕੀਤਾ ਗਿਆ। ਇਸ ਬੈਚ ਲਈ ਚੁਣੇ ਗਏ ਮੁੰਡੇ ਨਾਮਧਾਰੀ ਰਿਆਸਤ ਇਲਾਕਾ ਜੀਵਨ ਨਗਰ ਦੇ ਦੋ ਪਿੰਡਾਂ ਸੰਤ ਨਗਰ ਤੇ ਜੀਵਨ ਨਗਰ ਦੇ ਸਨ। ਇਹਨਾਂ ਬੱਚਿਆਂ ਨੂੰ ਪਹਿਲਾਂ ਕੁਝ ਸਮਾਂ ਜੀਵਨ ਨਗਰ ਤੇ ਫਿਰ ਸ੍ਰੀ ਭੈਣੀ ਸਾਹਿਬ ਲਿਆ, ਕੋਚਿੰਗ ਦੇਣੀ ਸ਼ੁਰੂ ਕੀਤੀ। ਸਭ ਤੋਂ ਪਹਿਲਾਂ ਕੋਚ ਮੋਹਨਜੀਤ ਸਿੰਘ ਬੱਚਿਆਂ ਨੂੰ ਮਿਹਨਤ ਕਰਾਉਣ ਲੱਗੇ। ਫਿਰ ਇਕਬਾਲ ਸਿੰਘ ਚਾਹਲ, ਸ. ਮੇਜਰ ਸਿੰਘ, ਬਲਦੇਵ ਸਿੰਘ ਸ਼ਾਹਬਾਦ, ਗੁਰਦਿਆਲ ਸਿੰਘ, ਬਲਦੇਵ ਸਿੰਘ (ਨਾਈਜੀਰੀਆ), ਸ. ਪ੍ਰੀਤਮ ਸਿੰਘ ਆਦਿ ਕੋਚ ਸਮੇਂ ਸਮੇਂ 'ਤੇ ਖਿਡਾਰੀਆਂ ਨੂੰ ਹਾਕੀ ਦੇ ਗੁਰ ਦੱਸਦੇ ਰਹੇ। ਪਹਿਲਾਂ ਇਸ ਟੀਮ ਦੇ ਮੈਨੇਜਰ ਹਰਬੰਸ ਸਿੰਘ ਫੌਜੀ ਸੰਤ ਨਗਰ ਸਨ ਤੇ ਫਿਰ ਗੁਰਮੁਖ ਸਿੰਘ ਰਹਿਬਰ ਬਣੇ।

ਇਹ ਹੋਣਹਾਰ ਨਾਮਧਾਰੀ ਖਿਡਾਰੀ ਇਖਲਾਕੀ ਸੱਚਾਈ ਦੇ ਪ੍ਰਤੀਕ ਸਨ। ਉਹ ਖੇਡ ਜੀਵਨ ਵਿੱਚ ਮੱਲਾਂ ਮਾਰਨ ਲਈ ਕਰੜੀ ਤਪੱਸਿਆ ਅਤੇ ਸਾਧਨਾ ਕਰਦੇ ਸਨ। ਉਹ ਤੜਕਸਾਰ ਚਾਰ ਵਜੇ ਉੱਠਦੇ, ਸਣੇਕੇਸੀਂ ਇਸ਼ਨਾਨ ਕਰ, ਪਹਿਲਾਂ ਆਸਾ ਦੀ ਵਾਰ ਦਾ ਰਸ-ਭਿੰਨਾ ਕੀਰਤਨ ਕਰਦੇ, ਫਿਰ ਹਾਕੀ ਮੈਦਾਨ ਜਾ ਦੋ ਘੰਟੇ ਪ੍ਰੈਕਟਿਸ ਕਰਨ ਮਗਰੋਂ ਸਕੂਲ ਪੜ੍ਹਨ ਜਾਂਦੇ। ਦੁਪਹਿਰ ਨੂੰ ਫਿਰ ਇੱਕ ਘੰਟਾ ਨਾਮ ਸਿਮਰਨ ਕਰਨ ਤੋਂ ਬਾਅਦ ਗਰਾਊਂਡ 'ਚ ਜਾ ਪ੍ਰੈਕਟਿਸ ਕਰਦੇ। ਸ਼ਾਮ ਨੂੰ ਕੀਰਤਨ ਕਰਦੇ, ਰਹਿਰਾਸ ਸਾਹਿਬ ਪੜ੍ਹਦੇ, ਰਾਤ ਕੀਰਤਨ ਸੋਹਿਲੇ ਦਾ ਪਾਠ ਕਰ ਸੌਂਦੇ। ਉਹਨਾਂ ਦਾ ਭੋਜਨ ਸੋਧ ਮਰਿਯਾਦਾ ਦਾ ਤਿਆਰ ਹੁੰਦਾ ਕਿਉਂਕਿ ਸਾਰੇ ਖਿਡਾਰੀ ਖੂਹੀ ਦਾ ਪਾਣੀ ਹੀ ਵਰਤਦੇ ਸਨ। ਜੇ ਕਿਤੇ ਟੀਮ ਬਾਹਰ ਟੂਰਨਾਮੈਂਟ ਖੇਡਣ ਜਾਂਦੀ, ਨਾਲ ਇੱਕ ਲਾਂਗਰੀ ਜਾਂਦਾ, ਜੋ ਸੋਧ ਮਰਿਯਾਦਾ ਦਾ ਲੰਗਰ ਤਿਆਰ ਕਰਦਾ। ਸਤਿਗੁਰੂ ਜਗਜੀਤ ਸਿੰਘ ਜੀ ਦਾ ਮੁੱਖ ਮਕਸਦ ਸਿੱਖੀ-ਸਰੂਪ ਦੀ ਹਾਕੀ ਜਗਤ ਵਿੱਚ ਪਛਾਣ ਕਰਾਉਣਾ ਸੀ। ਉਹ ਆਪਣੇ ਉਪਦੇਸ਼ਾਂ ਵਿੱਚ ਵਾਰ ਵਾਰ ਕਹਿੰਦੇ ਸਨ- "ਜੇ ਟੀਮ ਸਿੱਖੀ ਰਹਿਤ ਦੀ ਧਾਰਨੀ ਹੋਵੇਗੀ ਤਾਂ ਹੀ ਅਸੀਂ ਟੀਮ ਰੱਖਣੀ ਹੈ, ਨਹੀਂ ਤਾਂ ਅਸੀਂ ਟੀਮ ਤੋੜ ਦਿਆਂਗੇ। ਹਾਕੀ ਤਾਂ ਹੋਰ ਵੀ ਬਹੁਤ ਲੋਕ ਖਿਡਾਉਂਦੇ ਹਨ, ਪਰ ਸਾਡਾ ਮਕਸਦ ਹਾਕੀ ਦੇ ਨਾਲ-ਨਾਲ ਬੱਚਿਆਂ ਨੂੰ ਸਿੱਖੀ ਜੀਵਨ-ਜਾਚ ਬਾਰੇ ਜਾਣੂੰ ਕਰਵਾਉਣਾ ਹੈ।"

ਦੂਸਰੇ ਬੈਚ ਦੇ ਵਿੱਚ ਖੇਡਣ ਵਾਲੇ ਖਿਡਾਰੀ ਸਨ-

1. ਗੁਰਚਰਨ ਸਿੰਘ (ਪੱਪੂ)
2. ਦੀਦਾਰ ਸਿੰਘ
3. ਗੁਰਮੇਜ ਸਿੰਘ
4. ਬੱਗਾ ਸਿੰਘ
5. ਸੁਖਦੇਵ ਸਿੰਘ
6. ਬਲਵਿੰਦਰ ਸਿੰਘ ਮੁਕਤਾ
7. ਗੁਰਚਰਨ ਸਿੰਘ (ਗੋਲ੍ਹੀ)
8. ਸੁਖਵਿੰਦਰ ਸਿੰਘ
9. ਸਵਿੰਦਰ ਸਿੰਘ ਛਿੰਦੂ (ਗੋਲਕੀਪਰ)
10. ਗੁਰਦੀਪ ਸਿੰਘ
11. ਗੁਰਨਾਮ ਸਿੰਘ ਗਾਮੀ

12. ਧਿਆਨ ਸਿੰਘ
13. ਹਰਮਿੰਦਰਪਾਲ ਸਿੰਘ
14. ਦਰਸ਼ਨ ਸਿੰਘ
15. ਸੁਖਵਿੰਦਰ ਸਿੰਘ ਛੀਨਾ
16. ਜਸਵੰਤ ਸਿੰਘ
17. ਗੁਰਬਖਸ਼ ਸਿੰਘ
18. ਹਰਦੀਪ ਸਿੰਘ ਗਰੇਵਾਲ

ਸੰਨ 1979 ਵਿੱਚ ਜਲੰਧਰ ਵਿੱਚ ਹੋਈ ਮਿੰਨੀ ਸਕੂਲ ਹਾਕੀ ਨੈਸ਼ਨਲ (ਅੰਡਰ-16) ਵਿੱਚ ਇਸ ਟੀਮ ਨੇ ਭਾਗ ਲਿਆ। ਨਾਮਧਾਰੀ ਟੀਮ ਹਰਿਆਣਾ ਸਟੇਟ ਵੱਲੋਂ ਦਾਖਲ ਹੋਈ। ਇਸ ਸਾਰੇ ਟੂਰਨਾਮੈਂਟ ਦੌਰਾਨ ਨਾਮਧਾਰੀ ਟੀਮ ਨੂੰ ਇੱਕ ਵੀ ਗੋਲ ਨਾ ਹੋਇਆ। ਇਹਨਾਂ ਨੇ ਵੱਖ-ਵੱਖ ਟੀਮਾਂ ਨੂੰ ਕਈ-ਕਈ ਗੋਲਾਂ ਨਾਲ ਮਾਤ ਦਿੱਤੀ। ਇਸ ਨੈਸ਼ਨਲ ਵਿੱਚ ਕੁਝ ਨਾਮਧਾਰੀ ਖਿਡਾਰੀਆਂ ਦੀਆਂ ਹਾਕੀਆਂ ਵੀ ਬਦਲੀਆਂ ਗਈਆਂ। ਮੈਨੇਜਮੈਂਟ ਦਾ ਅਨੁਮਾਨ ਸੀ ਕਿ ਇਹਨਾਂ ਦੀਆਂ ਹਾਕੀਆਂ ਵਿੱਚ ਕੋਈ ਜਾਦੂ ਹੈ। ਜਦੋਂ ਵੀ ਬਾਲ ਮਿਲਦੀ ਹੈ, ਇਹ ਗੋਲ ਕਰ ਦਿੰਦੇ ਹਨ। ਬਹੁਤ ਸਾਰੇ ਮੈਚ ਨਾਮਧਾਰੀ ਟੀਮ ਨੇ ਇੱਕ ਪਾਸੜ ਜਿੱਤੇ। ਜਿਨ੍ਹਾਂ ਦੇ ਸਕੋਰ 20-0, 24-0, 16-0 ਆਦਿ ਸਨ। ਇਸ ਟੂਰਨਾਮੈਂਟ ਵਿੱਚ ਹਮੇਸ਼ਾ ਦੀ ਤਰ੍ਹਾਂ 'ਸਪੋਰਟਸ ਸਕੂਲ ਜਲੰਧਰ' ਦੀ ਟੀਮ, ਜੋ ਪੰਜਾਬ ਦੀ ਨੁਮਾਇੰਦਗੀ ਕਰ ਰਹੀ ਸੀ, ਉਹ ਵੀ ਕਾਫ਼ੀ ਚੰਗੀ ਟੀਮ ਸੀ। ਉਸ ਨਾਲ ਫਾਈਨਲ ਮੈਚ ਹੋਇਆ। ਜਿਨ੍ਹਾਂ ਦਰਸ਼ਕਾਂ ਨੇ ਉਹ ਮੈਚ ਵੇਖਿਆ, ਉਨ੍ਹਾਂ ਨਾਮਧਾਰੀ ਟੀਮ ਦੀ ਮੁਕਤ ਕੰਠ ਨਾਲ ਪ੍ਰਸ਼ੰਸਾ ਕੀਤੀ। ਉਸ ਮੈਚ ਦੌਰਾਨ ਰੈਫਰੀ ਵੀ ਪੰਜਾਬ ਦੀ ਟੀਮ ਦਾ ਸਾਥ ਦੇ ਰਹੇ ਸਨ ਕਿਉਂਕਿ ਮੈਚ ਪੰਜਾਬ ਦੇ ਹਾਕੀ ਦੇ ਗੜ੍ਹ ਜਲੰਧਰ ਸ਼ਹਿਰ ਵਿੱਚ ਹੋ ਰਿਹਾ ਸੀ। ਮੈਚ ਦੇ ਆਖਰੀ 10 ਮਿੰਟ ਰੈਫਰੀਆਂ ਨੇ ਨਾਮਧਾਰੀ ਟੀਮ ਦੇ ਖਿਲਾਫ ਏਨੇ ਫਾਊਲ ਦਿੱਤੇ ਕਿ ਗੇਂਦ ਨਾਮਧਾਰੀ ਟੀਮ ਦੀ ਡੀ ਵਿੱਚ ਹੀ ਰਹੀ। ਉਹ ਮੈਚ ਨਾਮਧਾਰੀ 1-0 ਨਾਲ ਜਿੱਤੇ। ਇਹ ਜਿੱਤ ਨਾਮਧਾਰੀ ਟੀਮ ਦੇ ਇਸ ਬੈਚ ਦੀ ਪਹਿਲੀ ਵੱਡੀ ਜਿੱਤ ਸੀ। ਗੁਰਮੇਜ ਸਿੰਘ ਦੱਸਦੇ ਹਨ ਕਿ ਜਦੋਂ ਇਹ ਟੂਰਨਾਮੈਂਟ ਜਿੱਤ ਕੇ ਟੀਮ ਸ੍ਰੀ ਭੈਣੀ ਸਾਹਿਬ ਪਰਤੀ ਸੀ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਚਨ ਕੀਤਾ ਕਿ "ਅੱਜ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇੱਛਾ ਪੂਰੀ ਹੋਈ ਹੈ, ਮੈਂ ਅੱਜ ਬਹੁਤ ਖੁਸ਼ ਹਾਂ, ਸਾਡੀ ਟੀਮ ਜਿੱਤ ਕੇ ਆਈ ਹੈ।"

ਸੰਨ 1979 ਈ. ਦੀ ਹੀ ਗੱਲ ਹੈ, ਨਾਮਧਾਰੀ ਹਾਕੀ ਟੀਮ ਸੋਨੀਪਤ 'ਨੈਸ਼ਨਲ ਸਕੂਲ ਮਿੰਨੀ ਖੇਡਾਂ' ਵਿੱਚ ਹਿੱਸਾ ਲੈ ਰਹੀ ਸੀ। ਆਂਧਰਾ ਪ੍ਰਦੇਸ਼ ਦੀ ਟੀਮ ਨੂੰ ਇਨ੍ਹਾਂ ਨੇ 20 ਗੋਲ ਕੀਤੇ। ਹਰਿਆਣੇ ਦੇ ਦਰਸ਼ਕਾਂ ਦੀ ਨਾਮਧਾਰੀ ਬੱਚਿਆਂ ਦੀ ਖੇਡ ਵੇਖ ਕੇ ਹੈਰਾਨੀ ਦੀ ਕੋਈ ਹੱਦ ਨਾ ਰਹੀ। ਇੱਕ ਹਰਿਆਣਵੀ ਦਰਸ਼ਕ ਤਾਂ ਮੈਚ ਤੋਂ ਬਾਅਦ ਉੱਚੀ-ਉੱਚੀ ਆਪਣੀ ਬੋਲੀ ਵਿੱਚ ਬੋਲ ਰਿਹਾ ਸੀ, "ਬਈ, ਉਨ ਕੇ ਪਾਸ ਤੋ ਅਵੱਸ਼ ਕੋਈ ਜਾਦੂ ਹੈ, ਆਪ ਨੇ ਦੇਖਾ ਨਹੀਂ। ਉਨ ਕੀ ਟੀਮ ਕੇ ਮੈਨੇਜਰ ਕਰਮੰਡਲ ਮੇਂ ਸੇ ਪਾਣੀ ਕਾ ਛਿੜਕਾਓ ਕਰ ਰਹੇ ਥੇ, ਔਰ ਟੀਮ ਕੇ ਕੋਚ ਮਾਲਾ ਫੇਰ ਰਹੇ ਥੇ। ਆਪ ਨੇ ਦੇਖਾ ਨਹੀਂ, ਜਬ ਉਨਕੀ ਟੀਮ ਕੇ ਖਿਡਾਰੀ ਕਰਮੰਡਲ ਮੇਂ ਸੇ ਪਾਨੀ ਪੀ ਕਰ ਗਰਾਊਂਡ ਮੇਂ ਜਾਤੇ ਥੇ ਤੋ ਜਿਆਦਾ ਤੇਜ ਦੌੜਤੇ ਥੇ।" ਨਾਮਧਾਰੀਆਂ ਦੇ ਸੋਧ ਦੇ ਪਾਣੀ ਸੰਬੰਧੀ ਆਮ ਦਰਸ਼ਕ ਅਕਸਰ ਇਸ ਤਰ੍ਹਾਂ ਦੇ ਕਿਆਸ ਲਾਉਂਦੇ ਹੀ ਸਨ। ਨਾਮਧਾਰੀ ਟੀਮ ਨੇ ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਖੇਡਣ ਲਈ ਜਾਣਾ ਹੁੰਦਾ ਆਪਣਾ ਰਸਦ-ਪਾਣੀ, ਆਪਣਾ ਲਾਂਗਰੀ ਆਦਿ ਨਾਲ ਲੈ ਕੇ ਜਾਂਦੇ।

1980 ਈ. ਵਿੱਚ ਇਸ ਬੈਚ ਨੇ ਪਹਿਲਾ ਨਾਮੀ 'ਸਰਬ ਭਾਰਤੀ ਜਵਾਹਰ ਲਾਲ ਨਹਿਰੂ ਹਾਕੀ ਟੂਰਨਾਮੈਂਟ (ਜੂਨੀਅਰ)' ਜਿੱਤਿਆ। 1983 ਈ. ਦੀ ਗੱਲ ਹੈ, ਨਾਮਧਾਰੀ ਟੀਮ ਜਬਲਪੁਰ ਜੂਨੀਅਰ ਨੈਸ਼ਨਲ ਖੇਡਣ ਗਈ। ਉੱਥੇ ਸੈਮੀਫਾਈਨਲ ਮੈਚ ਪੰਜਾਬ ਦੀ ਟੀਮ ਨਾਲ ਸੀ। ਪੰਜਾਬ ਦੀ ਟੀਮ ਆਪਣੇ ਸੁਭਾਅ ਮੁਤਾਬਕ ਲੜਾਈ ਕਰਦੀ, ਵਿਰੋਧੀ ਟੀਮ ਦਾ ਸੰਤੁਲਨ ਖਰਾਬ ਕਰਕੇ ਜਿੱਤਣ ਦੀ ਕੋਸ਼ਿਸ਼ ਕਰਦੀ। ਇਸ ਮੈਚ ਵਿੱਚ ਵੀ ਉਨ੍ਹਾਂ ਨੇ ਨਾਮਧਾਰੀ ਟੀਮ ਦੇ ਸੈਂਟਰ ਫਾਰਵਰਡ ਗੁਰਮੇਜ ਸਿੰਘ ਦੇ ਸਿਰ 'ਚ ਹਾਕੀ ਮਾਰ ਦਿੱਤੀ। ਉਹਨਾਂ ਦਾ ਇਰਾਦਾ ਸੀ ਕਿ ਸੈਂਟਰ ਫਾਰਵਰਡ ਨੂੰ ਫੱਟੜ ਕਰਕੇ ਅਸੀਂ ਗੋਲ ਹੋਣ ਤੋਂ ਬਚ ਜਾਵਾਂਗੇ। ਪਰ ਫਿਰ ਵੀ ਨਾਮਧਾਰੀ ਟੀਮ ਆਪਣਾ ਸੰਤੁਲਨ ਕਾਇਮ ਰੱਖ ਕੇ ਇਹ ਮੈਚ ਜਿੱਤ ਕੇ ਫਾਈਨਲ ਵਿੱਚ ਦਾਖਿਲ ਹੋਈ।

6-7 ਸਾਲਾਂ ਵਿੱਚ ਇਹ ਟੀਮ ਏਨੀ ਚੰਗੀ ਹੋ ਗਈ ਕਿ ਭਾਰਤ ਦੀਆਂ ਨਾਮਵਰ ਟੀਮਾਂ ਨੂੰ ਚਿੱਤ ਕਰਨ ਲੱਗ ਪਈ। ਇਨ੍ਹਾਂ ਖਿਡਾਰੀਆਂ ਨੇ ਛੋਟੀਆਂ ਉਮਰਾਂ 'ਚ ਵੱਡੀਆਂ ਬੁਲੰਦੀਆਂ ਹਾਸਲ ਕੀਤੀਆਂ। ਸਤੰਬਰ 1982 ਈ. ਦੀ ਗੱਲ ਹੈ। ਚੰਡੀਗੜ੍ਹ ਵਿਖੇ ਗੁਰਮੀਤ ਹਾਕੀ ਟੂਰਨਾਮੈਂਟ ਵਿੱਚ ਭਾਰਤ ਦੇ ਸਾਰੇ ਨਾਮੀ ਮਹਿਕਮਿਆਂ ਦੀਆਂ ਟੀਮਾਂ ਖੇਡ ਰਹੀਆਂ ਸਨ। ਨਾਮਧਾਰੀ ਟੀਮ ਸਾਰੇ ਮੈਚ ਜਿੱਤ ਕੇ ਸੈਮੀ ਫਾਈਨਲ ਵਿੱਚ ਪੰਜਾਬ ਪੁਲਿਸ ਨਾਲ ਭਿੜੀ। ਉਹਨੀਂ ਦਿਨੀਂ ਪੰਜਾਬ ਪੁਲਿਸ ਦੀ ਟੀਮ ਬਹੁਤ ਚੰਗੀ ਸੀ। ਤਕਰੀਬਨ 8-9 ਖਿਡਾਰੀ ਪੰਜਾਬ ਪੁਲਿਸ ਦੇ ਭਾਰਤ ਦੀ ਨੈਸ਼ਨਲ ਟੀਮ ਵਿੱਚ ਖੇਡਦੇ ਸਨ। ਇਸ ਟੂਰਨਾਮੈਂਟ ਵਿੱਚ ਪੰਜਾਬ ਪੁਲਿਸ ਦੇ ਨਾਮੀ ਖਿਡਾਰੀ ਨਹੀਂ ਸੀ ਖੇਡ ਰਹੇ। ਉਹ ਦਿੱਲੀ ਵਿਖੇ ਭਾਰਤੀ ਹਾਕੀ ਟੀਮ ਦੇ ਕੈਂਪ ਵਿੱਚ ਪ੍ਰੈਕਟਿਸ ਕਰ ਰਹੇ ਸਨ, ਭਾਰਤੀ ਟੀਮ ਦੀ ਕਿਸੇ ਵਿਦੇਸ਼ ਦੌਰੇ ਲਈ ਤਿਆਰੀ ਹੋ ਰਹੀ ਸੀ। ਜਦੋਂ ਪੰਜਾਬ

ਪੁਲਿਸ ਦੇ ਕੋਚਾਂ ਤੇ ਪ੍ਰਬੰਧਕਾਂ ਨੇ ਨਾਮਧਾਰੀ ਟੀਮ ਨੂੰ ਖੇਡਦਿਆਂ ਵੇਖਿਆ ਤਾਂ ਉਹਨਾਂ ਸੈਮੀ ਫਾਈਨਲ ਮੈਚ ਤੋਂ ਪਹਿਲਾਂ ਭਾਰਤੀ ਹਾਕੀ ਟੀਮ ਦੇ ਕੈਂਪ ਵਿੱਚ ਪ੍ਰੈਕਟਿਸ ਕਰਦੇ ਓਲੰਪੀਅਨ ਸੁਰਜੀਤ ਸਿੰਘ, ਦਵਿੰਦਰ ਗਰਚਾ, ਸੁਰਿੰਦਰ ਸੋਢੀ, ਚਰਨਜੀਤ ਕੁਮਾਰ, ਲਖਵਿੰਦਰ ਖਹਿਰਾ, ਜਗਦੀਪ ਸਿੰਘ, ਸੁਰਿੰਦਰ ਸਿੰਘ ਛਿੰਦਾ, ਬਲਦੇਵ ਸਿੰਘ ਵਰਗੇ ਖਿਡਾਰੀਆਂ ਨੂੰ ਬੁਲਾ ਲਿਆ ਕਿ ਕੱਲ੍ਹ ਨੂੰ ਨਾਮਧਾਰੀ ਟੀਮ ਨਾਲ ਸੈਮੀ ਫਾਈਨਲ ਮੁਕਾਬਲਾ ਹੈ, ਜੇ ਹਾਰ ਗਏ ਤਾਂ ਬੇਇੱਜ਼ਤੀ ਹੋਵੇਗੀ। ਰਾਤੋ ਰਾਤ ਪੰਜਾਬ ਪੁਲਿਸ ਦੇ ਸਟਾਰ ਖਿਡਾਰੀ ਚੰਡੀਗੜ੍ਹ ਪਹੁੰਚ ਗਏ। ਅਗਲੇ ਦਿਨ ਚੰਡੀਗੜ੍ਹ 42 ਸੈਕਟਰ ਦਾ ਹਾਕੀ ਸਟੇਡੀਅਮ ਦਰਸ਼ਕਾਂ ਨਾਲ ਖਚਾਖਚ ਭਰਿਆ ਹੋਇਆ ਸੀ। ਹਾਕੀ ਨਾਲ ਬਹੁਤਾ ਵਾਹ-ਵਾਸਤਾ ਨਾ ਰੱਖਣ ਵਾਲੇ ਲੋਕ ਵੀ ਏਧਰੋਂ ਓਧਰੋਂ ਗੱਲਾਂ ਸੁਣ ਕੇ ਤੇ ਕੁਝ ਅਖ਼ਬਾਰਾਂ ਦੀਆਂ ਖ਼ਬਰਾਂ ਪੜ੍ਹਕੇ ਨਾਮਧਾਰੀ ਮੁੰਡਿਆਂ ਦਾ ਮੈਚ ਵੇਖਣ ਪਹੁੰਚੇ ਹੋਏ ਸਨ।

ਸੈਮੀ ਫਾਈਨਲ ਮੈਚ ਵਿੱਚ ਭਾਰਤ ਦੇ ਨਾਮੀ ਖਿਡਾਰੀਆਂ (ਪੰਜਾਬ ਪੁਲਿਸ) ਤੇ ਨਾਮਧਾਰੀ ਹਾਕੀ ਟੀਮ ਦਾ ਮੁਕਾਬਲਾ ਸ਼ੁਰੂ ਹੋਇਆ। ਬਹੁਤ ਸਾਰੇ ਨਾਮਧਾਰੀ ਦਰਸ਼ਕ ਵੀ ਇਹ ਮੈਚ ਇਸ ਸੋਚ ਨਾਲ ਵੇਖਣ ਗਏ ਕਿ ਵੇਖਦੇ ਹਾਂ, ਅੱਜ ਸਾਡੀ ਟੀਮ ਕਿੰਨੇ ਗੋਲਾਂ ਨਾਲ ਹਾਰਦੀ ਹੈ। ਨਾਮਧਾਰੀ ਛੋਟੇ-ਛੋਟੇ ਬੱਚਿਆਂ ਨੇ ਐਸੀ ਜੁਰੱਅਤ ਤੇ ਹੌਂਸਲੇ ਨਾਲ ਹਾਕੀ ਖੇਡੀ ਕਿ 70 ਮਿੰਟ ਦੇ ਮੈਚ ਵਿੱਚ ਪੰਜਾਬ ਪੁਲਿਸ ਦੀ ਟੀਮ ਮਸਾਂ ਇੱਕ ਗੋਲ ਹੀ ਕਰ ਸਕੀ। ਪੰਜਾਬ ਪੁਲਿਸ ਦੀ ਟੀਮ ਮੈਚ ਤਾਂ ਭਾਵੇਂ ਜਿੱਤ ਗਈ, ਪਰ ਸਾਰੇ ਸਟੇਡੀਅਮ ਵਿੱਚ ਲੋਕਾਂ ਨੇ ਉੱਚੀ ਉੱਚੀ ਨਾਹਰੇ ਲਾਏ 'ਪੰਜਾਬ ਪੁਲਿਸ ਹਾਏ ਹਾਏ- ਪੰਜਾਬ ਪੁਲਿਸ ਹਾਏ ਹਾਏ'। ਨਾਮਧਾਰੀ ਟੀਮ ਦੀ ਖ਼ੂਬ ਪ੍ਰਸੰਸਾ ਕੀਤੀ। ਗੁਰਚਰਨ ਸਿੰਘ (ਗੋਲ੍ਹੀ) ਤੇ ਸੁਖਦੇਵ ਸਿੰਘ (ਘੁੱਦ) ਦੱਸਦੇ ਹਨ ਕਿ ਮੈਚ ਤੋਂ ਬਾਅਦ ਪੰਜਾਬ ਪੁਲਿਸ ਦੇ ਖਿਡਾਰੀ ਸੁਰਜੀਤ ਸਿੰਘ ਹੁਰੀਂ ਸਾਡੀ ਟੀਮ ਕੋਲ ਆ ਕੇ ਕਹਿਣ ਲੱਗੇ "ਬਾਬਿਓ, ਅੱਜ ਤੇ ਬੜੀ ਔਖੀ ਘੜੀ ਬਣ ਗਈ ਸੀ, ਪਰ ਹਾਰਨ ਤੋਂ ਬਚਾ ਹੋ ਗਿਆ। ਜੇ ਅਸੀਂ ਅੱਜ ਹਾਰ ਜਾਂਦੇ ਤਾਂ ਸਾਨੂੰ ਪਿੱਠੂ ਲੱਗ ਜਾਣੇ ਸੀ।" ਸਾਰੀਆਂ ਅਖ਼ਬਾਰਾਂ ਤੇ ਟੀ. ਵੀ. ਚੈਨਲਾਂ ਨੇ ਹਾਰੀ ਹੋਈ ਨਾਮਧਾਰੀ ਟੀਮ ਦੀ, ਜਿੱਤੀ ਹੋਈ ਪੰਜਾਬ ਪੁਲਿਸ ਨਾਲੋਂ ਜਿਆਦਾ ਸਿਫ਼ਤ ਕੀਤੀ। ਅਗਲੇ ਦਿਨ ਗੁਰਨਾਮ ਸਿੰਘ ਤੀਰ (ਚਾਚਾ ਚੰਡੀਗੜ੍ਹੀਆ) ਨੇ 'ਅਜੀਤ' ਅਖ਼ਬਾਰ ਵਿੱਚ ਲਿਖਿਆ ਸੀ ਕਿ ਜੇਕਰ ਓਲੰਪਿਕ ਵਿੱਚ ਭਾਰਤੀ ਟੀਮ ਦੀ ਨੁਮਾਇੰਦਗੀ ਨਾਮਧਾਰੀ ਟੀਮ ਕਰੇ ਤਾਂ ਸਾਡੇ ਦੇਸ਼ ਲਈ ਜ਼ਰੂਰ ਕੋਈ ਨਾ ਕੋਈ ਮੈਡਲ ਆ ਸਕਦਾ ਹੈ। 1988 ਈ. ਵਿੱਚ ਦਿੱਲੀ ਦਾ 'ਸੰਜੇ ਗਾਂਧੀ ਹਾਕੀ ਟੂਰਨਾਮੈਂਟ' ਵੀ ਨਾਮਧਾਰੀ ਟੀਮ ਨੇ ਆਪਣੇ ਨਾਮ ਕੀਤਾ। ਏਸੇ ਟੀਮ ਦਾ ਖਿਡਾਰੀ ਦੀਦਾਰ ਸਿੰਘ 1992 ਈ. ਵਿੱਚ ਬਾਰਸੀਲੋਨਾ ਵਿੱਚ ਹੋਈਆਂ ਓਲੰਪਿਕ ਖੇਡਾਂ ਦਾ ਪ੍ਰਤਿਯੋਗੀ ਬਣਿਆ। ਗੁਰਨਾਮ ਸਿੰਘ ਗਾਮੀ ਇਸ ਓਲੰਪਿਕ ਲਈ ਸਟੈਂਡ ਬਾਏ ਖਿਡਾਰੀ ਸੀ। ਇਸ ਟੀਮ ਨੇ ਦੇਸ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਸਿੱਖੀ ਪਹਿਰਾਵੇ ਵਿੱਚ ਖੇਡ ਕੇ ਚੰਗੀਆਂ-ਚੰਗੀਆਂ ਟੀਮਾਂ ਦੇ ਦੰਦ ਖੱਟੇ ਕੀਤੇ। ਇਹ ਟੀਮ 1984 ਵਿੱਚ ਥਾਈਲੈਂਡ, 1985 ਵਿੱਚ ਤਨਜਾਨੀਆ, 1989 ਵਿੱਚ ਯੂਰਪ (ਇੰਗਲੈਂਡ ਤੇ ਸਪੇਨ), 1990 ਵਿੱਚ ਕੀਨੀਆ ਤੇ 1992 ਵਿੱਚ ਫਿਰ ਯੂਰਪ (ਹਾਲੈਂਡ, ਬੈਲਜੀਅਮ) ਦੌਰੇ 'ਤੇ ਗਈ ਤੇ ਉੱਥੇ ਬਹੁਤ ਵਧੀਆ ਹਾਕੀ ਦਾ ਪ੍ਰਦਰਸ਼ਨ ਕੀਤਾ। 1989 ਵਿੱਚ ਨਾਮਧਾਰੀ ਟੀਮ Paul Jason Barbor (ਜੋ ਇੰਗਲੈਂਡ ਦਾ 1988 ਦਾ ਓਲੰਪਿਕ ਜੇਤੂ ਖਿਡਾਰੀ ਸੀ) ਦੀ ਟੀਮ ਨਾਲ Slough Hockey Club ਨਾਲ ਖੇਡੀ ਤੇ 3-1 ਨਾਲ ਜਿੱਤੀ। ਇਸ ਮੈਚ ਤੋਂ ਬਾਅਦ ਪਾਲ ਜੈਸਨ ਬਾਰਬਰ ਨੇ ਨਾਮਧਾਰੀ ਟੀਮ ਦੀ ਖੇਡ ਦੀ ਬਹੁਤ ਪ੍ਰਸੰਸਾ ਕੀਤੀ। ਨਾਮਧਾਰੀ ਟੀਮ 1989 ਦੇ ਦੌਰੇ ਦੌਰਾਨ ਵੱਖ-ਵੱਖ ਕਲੱਬਾਂ ਨਾਲ ਕੁਲ 23 ਮੈਚ ਖੇਡੀ। ਜਿਨ੍ਹਾਂ ਵਿੱਚੋਂ 21 ਮੈਚ ਜਿੱਤੀ, 1 ਹਾਰੀ ਤੇ 1 ਬਰਾਬਰ ਰਹੀ।

ਜਦੋਂ ਨਾਮਧਾਰੀ ਨੌਜਵਾਨ ਦੇਸ਼ ਭਰ ਵਿੱਚ ਵਿਚਰਦਿਆਂ ਆਪਣੇ ਆਪਣੇ ਗੜਵਿਆਂ 'ਚ ਪਾਣੀ ਭਰ ਹਾਕੀ ਖੇਡਣ ਜਾਂਦੇ ਸਨ ਤਾਂ ਕਈ ਵਾਰ ਲੋਕ ਮਜ਼ਾਕ ਵੀ ਕਰਦੇ। ਇੱਕ ਵਾਰ ਕੇ. ਡੀ. ਬਾਬੂ ਹਾਕੀ ਟੂਰਨਾਮੈਂਟ ਤੇ ਖੇਡਣ ਗਏ ਨਾਮਧਾਰੀ ਮੁੰਡਿਆਂ ਦੇ ਹੱਥਾਂ ਵਿੱਚ ਗੜਵੇ ਫੜ੍ਹੇ ਵੇਖ ਕੁੜੀਆਂ ਮਜ਼ਾਕ ਕਰਦੀਆਂ ਕਿ 'ਤੁਮ ਸਾਧੂ ਹੋ? ਤੁਮ ਖੇਲ ਭੀ ਲੇਤੇ ਹੋ?' ਸਾਧੂ ਸਮਝਣ ਜਾਂ ਕਹਿਣ ਵਾਲੇ ਜਦੋਂ ਨਾਮਧਾਰੀ ਨੌਜਵਾਨਾਂ ਨੂੰ ਖੇਡ ਦੇ ਮੈਦਾਨ ਵਿੱਚ ਖੇਡਦਿਆਂ ਵੇਖਦੇ ਤਾਂ ਦੰਗ ਰਹਿ ਜਾਂਦੇ। ਸਵਿੰਦਰ ਸਿੰਘ ਛਿੰਦੂ (ਗੋਲਕੀਪਰ) ਦੱਸਦੇ ਹਨ ਕਿ ਇੱਕ ਵਾਰੀ ਮੈਂ ਮੋਗੇ ਕਿਸੇ ਟੂਰਨਾਮੈਂਟ ਤੇ ਜਾ ਰਿਹਾ ਸਾਂ। ਟੀਮ ਪਹਿਲਾਂ ਚਲੀ ਗਈ ਸੀ। ਮੈਂ ਕਿਸੇ ਕਾਰਨ ਕਰਕੇ ਲੇਟ ਹੋ ਗਿਆ। ਸੋਧ ਰੱਖੀ ਹੋਣ ਕਰਕੇ ਮੇਰੇ ਇੱਕ ਹੱਥ ਵਿੱਚ ਪਾਣੀ ਵਾਲਾ ਗੜਵਾ, ਦੂਜੇ ਹੱਥ ਨਾਲ ਗੋਲਕੀਪਰ ਵਾਲੀ ਭਾਰੀ ਕਿੱਟ ਨੂੰ ਸੰਭਾਲ ਰਿਹਾ ਸਾਂ। ਬੱਸ ਵਿੱਚ ਸੀਟ ਨਾ ਮਿਲਣ ਕਰਕੇ ਖਲੋ ਕੇ ਹੀ ਸਫ਼ਰ ਤੈਅ ਕਰ ਰਿਹਾ ਸੀ। ਸਫਰ ਦੌਰਾਨ ਇੱਕ ਹੱਥ ਨਾਲ ਗੜਵਾ ਫੜਿਆ ਸੀ, ਦੂਜੇ ਹੱਥ ਨਾਲ ਬੱਸ ਵਿਚਲਾ ਡੰਡਾ। ਅਚਾਨਕ ਬਰੇਕ ਲੱਗਣ ਕਰਕੇ ਮੇਰਾ ਗੜਵਾ ਟੇਢਾ ਹੋ ਗਿਆ ਤੇ ਪਾਣੀ ਥੱਲੇ ਬੈਠੀ ਹੋਈ ਸਵਾਰੀ 'ਤੇ ਪੈ ਗਿਆ। ਉਹ ਮੇਰੇ ਗਲ ਪੈ ਗਈ।

ਮੈਂ ਕਿਹਾ- "ਪਾਣੀ ਏ, ਹੋਰ ਕੁਝ ਨਹੀਂ।"

ਸਵਾਰੀ ਨੇ ਰੁੱਖੇ ਜਿਹੇ ਲਹਿਜੇ ਵਿੱਚ ਜਵਾਬ ਦਿੱਤਾ- "ਗਿਆਨੀ ! ਤੂੰ ਰਾਜਸਥਾਨ ਫਿਰਦੈਂ, ਜਿਹੜਾ ਪਾਣੀ ਨਾਲ ਚੁੱਕੀ

ਫਿਰਦੈਂ?"

ਪਰ ਉਸਨੂੰ ਕੀ ਪਤਾ ਸੀ ਕਿ ਸਿੱਖੀ ਵਿੱਚ ਮਰਿਯਾਦਾ ਦਾ ਕੀ ਮਹੱਤਵ ਹੈ। ਕਈ ਮਖੌਲਾਂ ਤੇ ਮੁਸ਼ਕਿਲਾਂ ਦੇ ਬਾਵਜੂਦ ਇਹ ਖਿਡਾਰੀ ਕਠਿਨ ਜੀਵਨ ਸ਼ੈਲੀ ਅਨੁਸਾਰ ਜੀਵਨ ਬਸ਼ਰ ਕਰਦੇ ਹੋਏ ਮਿਹਨਤ ਕਰਦੇ ਸਨ।

ਗੁਰਚਰਨ ਸਿੰਘ ਗੋਲੀ ਦੱਸਦੇ ਹਨ ਕਿ ਸਾਡੀ ਟੀਮ ਦੇ 11-12 ਹੀ ਖਿਡਾਰੀ ਹੁੰਦੇ ਸਨ। ਬਾਕੀ ਟੀਮਾਂ ਕੋਲ ਬਦਲਵੇਂ ਖਿਡਾਰੀ ਵੀ ਹੁੰਦੇ। ਪਰ ਸਾਡੀ ਟੀਮ ਏਨੀ ਸਪਿਰਟ ਨਾਲ ਖੇਡਦੀ ਕਿ ਜਿੱਤ ਹਾਸਲ ਹੁੰਦੀ। ਸਾਡੀ ਟੀਮ ਉੱਤੇ ਸਤਿਗੁਰੂ ਜੀ ਦੀ ਖ਼ਾਸ ਕਿਰਪਾ ਸੀ। ਅਸੀਂ ਸਿਮਰਨ, ਪਾਠ, ਕੀਰਤਨ ਕਰਦੇ ਇਸ ਕਰਕੇ ਸਾਡੇ ਅੰਦਰ ਸ੍ਵੈ-ਵਿਸ਼ਵਾਸ ਬਹੁਤ ਹੁੰਦਾ ਕਿ ਅਸੀਂ ਜਿੱਤ ਜਾਵਾਂਗੇ।

ਨਾਮਧਾਰੀ ਟੀਮ ਜਿੱਥੇ ਵੀ ਜਾਂਦੀ, ਉੱਥੇ ਹੀ ਬਹੁਤ ਸਾਰੇ ਲੋਕ ਇਹਨਾਂ ਦੀ ਖੇਡ ਦੇ ਦੀਵਾਨੇ ਹੋ ਜਾਂਦੇ। ਅਲੱਗ ਜਿਹੀ ਦਿੱਖ ਵਾਲੀ ਟੀਮ, ਦੂਰੋਂ ਹੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣ ਜਾਂਦੀ। ਬਹੁਤ ਸਾਰੇ ਲੋਕ ਤਾਂ ਟੂਰਨਾਮੈਂਟ ਹੀ ਨਾਮਧਾਰੀ ਟੀਮ ਕਰਕੇ ਵੇਖਣ ਆਉਂਦੇ। ਇੱਕ ਵਾਰ ਇਟਾਵਾ ਹਾਕੀ ਟੂਰਨਾਮੈਂਟ 'ਤੇ ਨਾਮਧਾਰੀ ਟੀਮ ਪਹਿਲਾ ਮੈਚ ਹਾਰ ਗਈ। ਟੀਮ ਵਾਪਸੀ ਲਈ ਸਟੇਸ਼ਨ 'ਤੇ ਟਰੇਨ ਉਡੀਕ ਰਹੀ ਸੀ। ਪਰ ਗਰਾਊਂਡ 'ਚ ਪ੍ਰਬੰਧਕ ਮਾਈਕ ਤੇ ਉੱਚੀ ਆਵਾਜ਼ ਵਿੱਚ ਅਨਾਊਂਸਮੈਂਟ ਕਰ ਰਹੇ ਸਨ ਕਿ ਨਾਮਧਾਰੀ ਟੀਮ ਦਾ ਮੈਚ ਹੋਵੇਗਾ। ਉਹਨਾਂ ਦਾ ਮੰਤਵ ਸੀ ਕਿ ਜੇ ਦਰਸ਼ਕਾਂ ਨੂੰ ਪਤਾ ਲੱਗ ਗਿਆ ਕਿ ਨਾਮਧਾਰੀ ਟੀਮ ਵਾਪਸ ਚਲੀ ਗਈ ਹੈ ਤਾਂ ਖੇਡ ਮੈਦਾਨ ਦਰਸ਼ਕਾਂ ਤੋਂ ਸੱਖਣਾ ਹੋ ਜਾਵੇਗਾ।

ਸ. ਬਲਵਿੰਦਰ ਸਿੰਘ ਮੁਕਤਾ ਦੱਸਦੇ ਹਨ ਕਿ ਜਦੋਂ ਵੀ ਟੂਰਨਾਮੈਂਟ ਖੇਡਣ ਜਾਣ ਤੋਂ ਪਹਿਲਾਂ ਅਸੀਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕਰਨੀ ਕਿ ਖੇਡਣ ਚੱਲੇ ਹਾਂ ਕਿਰਪਾ ਕਰੋ। ਜਦੋਂ ਸਤਿਗੁਰੂ ਜੀ ਇਹ ਬਚਨ ਕਰਨਾ ਕਿ ਨਾਮ ਸਿਮਰਨ ਕਰਕੇ ਮਾਲਾ ਫੇਰ ਕੇ ਅਰਦਾਸ ਕਰਕੇ ਜਾਇਓ, ਸਤਿਗੁਰੂ ਜੀ ਕਿਰਪਾ ਕਰਨਗੇ, ਓਦੋਂ ਅਸੀਂ ਕਦੇ ਵੀ ਹਾਰੇ ਨਹੀਂ ਸਾਂ। ਪਰ ਜਦੋਂ ਸਤਿਗੁਰੂ ਜੀ ਨੇ ਕੋਈ ਵੀ ਬਚਨ ਨਾ ਕਰਨਾ, ਉਦੋਂ ਅਸੀਂ ਬਹੁਤ ਵਧੀਆ ਖੇਡ ਕੇ ਵੀ ਹਾਰ ਜਾਂਦੇ ਸਾਂ। ਅਸੀਂ ਜਿੰਨੀਆਂ ਵੀ ਜਿੱਤਾਂ ਜਿੱਤੇ ਇਹ ਸਤਿਗੁਰੂ ਜੀ ਦੀ ਬਖਸ਼ਿਸ਼ ਹੀ ਸੀ।

ਨਾਮਧਾਰੀ ਖਿਡਾਰੀ ਗੁਰਦੀਪ ਸਿੰਘ ਬਾਈ ਤੇ ਸੁਖਵਿੰਦਰ ਸਿੰਘ ਛੀਨਾ ਦੀ ਜੂਨੀਅਰ ਭਾਰਤੀ ਹਾਕੀ ਟੀਮ ਵਿੱਚ ਸਲੈਕਸ਼ਨ ਲਗਭਗ ਪੱਕੀ ਸੀ। ਭਾਰਤੀ ਜੂਨੀਅਰ ਹਾਕੀ ਟੀਮ ਨੇ ਵਿਦੇਸ਼ ਦੌਰੇ 'ਤੇ ਜਾਣਾ ਸੀ। ਪਰ ਇਹਨਾਂ ਦੋਹਾਂ ਖਿਡਾਰੀਆਂ ਨੇ ਨਿੱਕਰਾਂ ਪਾਉਣ ਤੋਂ ਮਨ੍ਹਾਂ ਕਰ ਦਿੱਤਾ। ਇਹ ਵਾਪਸ ਸ੍ਰੀ ਭੈਣੀ ਸਾਹਿਬ ਆ ਗਏ। ਗੁਰਦੀਪ ਸਿੰਘ ਦੱਸਦੇ ਹਨ ਕਿ ਸਤਿਗੁਰੂ ਜਗਜੀਤ ਸਿਘ ਜੀ ਬਾਗ ਵਾਲੀ ਕੋਠੀ ਵਿੱਚ ਬੈਠੇ ਹੋਏ ਸਨ। ਸਤਿਗੁਰੂ ਜੀ ਬਚਨ ਕੀਤਾ- ਦਿਲ ਛੋਟਾ ਨਹੀਂ ਕਰਨਾ, ਕਿਸੇ ਗੱਲ ਦੀ ਚਿੰਤਾ ਨਹੀਂ ਕਰਨੀ, ਤੁਹਾਡੀ ਇੰਡੀਆ ਖੇਡਣ ਨਾਲੋਂ ਵੱਧ ਸ਼ੋਭਾ ਹੋਵੇਗੀ। ਗੁਰਦੀਪ ਸਿੰਘ ਕਹਿੰਦੇ ਹਨ- ਅੱਜ ਮੈਂ ਅਮਰੀਕਾ ਵਿੱਚ ਨਾਮਧਾਰੀ ਦਸਤਾਰ ਬੰਨ੍ਹ ਕੇ ਵਿਚਰਦਾ ਹਾਂ, ਕਾਰੋਬਾਰ ਵੀ ਵਧੀਆ ਹੈ, ਇਥੇ ਲੋਕ ਸ਼ੋਭਾ ਵੀ ਕਰਦੇ ਹਨ, ਇਹ ਸਤਿਗੁਰੂ ਜੀ ਦੀ ਕਿਰਪਾ ਹੈ। ਸੁਖਵਿੰਦਰ ਸਿੰਘ ਛੀਨਾ ਭਾਰਤੀ ਉੱਤਰ ਰੇਲਵੇ ਵਿੱਚ ਉੱਚੇ ਅਹੁਦੇ 'ਤੇ ਨੌਕਰੀ ਕਰ ਰਹੇ ਹਨ।

ਇੱਕ ਵਾਰ ਸ. ਪ੍ਰਿਥੀਪਾਲ ਸਿੰਘ (ਪ੍ਰਸਿੱਧ ਭਾਰਤੀ ਹਾਕੀ ਖਿਡਾਰੀ) ਨੇ ਜਦੋਂ ਨਾਮਧਾਰੀ ਟੀਮ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ (PAU) ਵਿੱਚ ਖੇਡਦਿਆਂ ਵੇਖਿਆ, ਉਹ ਉਦੋਂ PAU ਵਿੱਚ ਡਾਇਰੈਕਟਰ ਸਪੋਰਟਸ ਸਨ, ਉਨ੍ਹਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਖਿਆ ਕਿ ਮੈਨੂੰ 13 ਸਾਲ ਹੋ ਗਏ ਹਨ ਅੱਜ ਹਾਕੀ ਛੱਡਿਆਂ ਨੂੰ, ਇਹਨਾਂ ਮੁੰਡਿਆਂ ਦੀ ਖੇਡ ਵੇਖ ਕੇ ਅੱਜ ਮੇਰਾ ਵੀ ਖੇਡਣ ਨੂੰ ਜੀਅ ਕਰ ਆਇਆ ਹੈ, ਇਹ ਏਨੀ ਸੋਹਣੀ ਤੇ ਸਾਫ਼ ਹਾਕੀ ਖੇਡਦੇ ਹਨ। ਇਸ ਬੈਚ ਦੇ ਖਿਡਾਰੀ 1976-77 ਈ. ਤੋਂ ਸ਼ੁਰੂ ਹੋ 1993-94 ਈ. ਤੱਕ ਵੱਖ-ਵੱਖ ਟੂਰਨਾਮੈਂਟ ਖੇਡ ਕੇ ਸਿੱਖੀ ਸਰੂਪ ਦੀ ਪਛਾਣ, ਹਾਕੀ ਖੇਡ ਜਗਤ ਵਿੱਚ ਕਰਦੇ ਰਹੇ।

**ਤੀਸਰਾ ਬੈਚ-** ਉਪਰੋਕਤ ਬੈਚ ਦੇ ਖੇਡਦਿਆਂ ਹੋਇਆਂ ਹੀ ਇੱਕ ਹੋਰ ਬੈਚ ਛੋਟੇ ਬੱਚਿਆਂ ਦਾ 1987-88 ਵਿੱਚ ਸ਼ੁਰੂ ਹੋ ਗਿਆ। ਇਹਨਾਂ ਨੂੰ ਸਮੇਂ-ਸਮੇਂ 'ਤੇ ਬਲਦੇਵ ਸਿੰਘ ਸ਼ਾਹਬਾਦ, ਰਛਪਾਲ ਸਿੰਘ, ਦਰਸ਼ਨ ਸਿੰਘ, ਗੁਰਮੇਜ ਸਿੰਘ, ਬਲਦੇਵ ਸਿੰਘ ਨਾਈਜੀਰੀਆ, ਬੱਗਾ ਸਿੰਘ ਆਦਿ ਕੋਚਾਂ ਨੇ ਕੋਚਿੰਗ ਦਿੱਤੀ। ਸ. ਪਰਮਜੀਤ ਸਿੰਘ (ਪੰਮੀ) ਨਾਮਧਾਰੀ ਟੀਮ ਨਾਲ ਦਫ਼ਤਰੀ ਕੰਮਾਂ ਵਿੱਚ ਸਹਿਯੋਗ ਦੇਂਦੇ ਰਹੇ। ਸੰਤ ਭਜਨ ਸਿੰਘ ਇਸ ਟੀਮ ਦੇ ਮੈਨੇਜਰ ਵਜੋਂ ਸੇਵਾ ਕਰਦੇ ਰਹੇ। ਇਸ ਬੈਚ ਵਿੱਚ ਖੇਡਣ ਵਾਲੇ ਖਿਡਾਰੀ ਸਨ-

1. ਗੁਰਮੀਤ ਸਿੰਘ
2. ਗੁਰਬਖਸ਼ ਸਿੰਘ
3. ਹਰਦਿਆਲ ਸਿੰਘ
4. ਬਲਵੰਤ ਸਿੰਘ
5. ਸਤਨਾਮ ਸਿੰਘ
6. ਬੂਟਾ ਸਿੰਘ ਬੁੱਟਰ (ਗੋਲਕੀਪਰ)
7. ਗੁਰਪਾਲ ਸਿੰਘ ਲਾਡੀ
8. ਰਣਜੀਤ ਸਿੰਘ ਰਾਣਾ
9. ਕਾਬਲ ਸਿੰਘ

10. ਬਲਦੇਵ ਸਿੰਘ (ਬੱਲੀ)
11. ਰਘਬੀਰ ਸਿੰਘ
12. ਗੁਰਦੇਵ ਸਿੰਘ
13. ਜਸਵੀਰ ਸਿੰਘ
14. ਜਸਪਾਲ ਸਿੰਘ ਵੈਦ
15. ਜਗਰੂਪ ਸਿੰਘ
16. ਮੇਜਰ ਸਿੰਘ (ਗੋਲਕੀਪਰ)
17. ਬਲਵਿੰਦਰ ਸਿੰਘ

ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਇੱਕ ਭਾਸ਼ਣ ਵਿੱਚ ਬਚਨ ਕਰਦੇ ਹਨ- "ਜੇ ਅਸੀਂ ਕਾਲਜ ਲੈਵਲ 'ਤੇ ਹਾਕੀ ਦਾ ਰਿਜ਼ਲਟ ਚਾਹੁੰਦੇ ਹਾਂ ਤਾਂ ਸਾਨੂੰ ਸਕੂਲੀ ਪੱਧਰ 'ਤੇ ਕੰਮ ਕਰਨਾ ਪਵੇਗਾ, ਤਾਂ ਕਿ ਸਕੂਲ ਵਿੱਚੋਂ ਬੱਚੇ ਤਿਆਰ ਹੋ ਕੇ ਆਈ ਜਾਣ ਤੇ ਕਾਲਜ ਪੱਧਰ 'ਤੇ ਸਾਨੂੰ ਰਿਜ਼ਲਟ ਮਿਲ ਸਕੇ।"

ਹੁਣ ਨਾਮਧਾਰੀ ਹਾਕੀ ਦੀਆਂ ਟੀਮਾਂ ਏਸੇ ਤਰ੍ਹਾਂ ਤਿਆਰ ਹੋਣੀਆਂ ਸ਼ੁਰੂ ਹੋ ਗਈਆਂ ਸਨ। ਅਜੇ ਪਹਿਲਾ ਬੈਚ ਖੇਡ ਰਿਹਾ ਹੁੰਦਾ ਤੇ ਨਿੱਕੇ-ਨਿੱਕੇ ਹੋਰ ਕਈ ਬੱਚੇ ਹਾਕੀ ਸਿੱਖਣੀ ਸ਼ੁਰੂ ਕਰ ਦਿੰਦੇ। ਦੂਸਰੇ ਬੈਚ ਦੇ ਖਿਡਾਰੀ 1993-94 ਤੱਕ ਖੇਡਦੇ ਰਹੇ, ਪਰ ਤੀਸਰੇ ਬੈਚ ਦੇ ਖਿਡਾਰੀ ਵੀ ਉਦੋਂ ਤੱਕ ਹਾਕੀ ਖੇਡਣ ਵਿਚ ਕਾਫ਼ੀ ਸਿਆਣੇ ਹੋ ਗਏ।

ਜੇ ਅੱਸੀਵਿਆਂ ਦੇ ਅਖੀਰ ਤੇ ਨੱਬਵਿਆਂ ਦੇ ਮੁੱਢਲੇ ਵਰ੍ਹਿਆਂ ਦੇ ਪੰਜਾਬ ਨੂੰ ਵੇਖਿਆ ਜਾਵੇ ਤਾਂ ਇਹ ਉਹ ਦਿਨ ਸਨ, ਜੋ ਪੰਜਾਬ ਲਈ ਕਾਲੇ ਦਿਨਾਂ ਕਰਕੇ ਮਸ਼ਹੂਰ ਹਨ। ਪੰਜਾਬੀਆਂ ਦੇ ਬਹੁਤ ਸਾਰੇ ਮੁੰਡੇ, ਉਸ ਸਮੇਂ ਚੱਲੀ ਖਾੜਕੂ ਲਹਿਰ ਦਾ ਹਿੱਸਾ ਬਣੇ। ਬਹੁਤ ਸਾਰੇ ਪਰਿਵਾਰ ਖਾੜਕੂਆਂ ਦੀ ਦਹਿਸ਼ਤਗਰਦੀ ਦਾ ਸ਼ਿਕਾਰ ਬਣੇ ਤੇ ਕਈਆਂ 'ਤੇ ਪੰਜਾਬ ਪੁਲਿਸ ਨੇ ਕਿਰਪਾ ਕੀਤੀ। ਇਹ ਉਹ ਸਮਾਂ ਸੀ ਜਦੋਂ ਸ਼ਾਮ ਨੂੰ 5 ਵਜੇ ਤੋਂ ਬਾਅਦ ਪੰਜਾਬ ਦੇ ਪਿੰਡਾਂ ਦੀਆਂ ਗਲੀਆਂ 'ਚ ਚੁੱਪ ਪਸਰ ਜਾਂਦੀ। ਇਹਨੀਂ ਦਿਨੀਂ ਸਫ਼ਰ ਕਰਨਾ, ਆਉਣਾ-ਜਾਣਾ ਬਹੁਤ ਮੁਸ਼ਕਿਲ ਸੀ। ਜਦੋਂ ਇਹ ਜ਼ਰਾ ਵੀ ਯਕੀਨ ਨਹੀਂ ਸੀ ਹੁੰਦਾ ਕਿ ਘਰੋਂ ਗਿਆ ਜੀਅ ਵਾਪਸ ਪਰਤੇਗਾ ਜਾਂ ਨਹੀਂ।

ਜਸਵੀਰ ਸਿੰਘ ਜੱਸੀ ਦੱਸਦੇ ਹਨ ਕਿ ਅਸੀਂ ਇੱਕ ਵਾਰ ਬੰਗਲੌਰ ਖੇਡਣ ਗਏ। ਉੱਥੋਂ ਵਾਪਸੀ ਦੌਰਾਨ ਅਸੀਂ ਆਪਣੇ ਸਟਿੱਕ ਬੈਗਾਂ ਵਿੱਚ ਨਾਰੀਅਲ ਰੱਖ ਲਏ। ਜਦੋਂ ਅਸੀਂ ਵਾਪਸ ਪੰਜਾਬ ਪਹੁੰਚੇ, ਸਾਡੇ ਦੋ ਮੁੰਡੇ ਬਰਨਾਲੇ ਬੱਸ ਅੱਡੇ ਤੋਂ ਬਾਹਰ ਪੁਲਿਸ ਨੇ ਰੋਕ ਲਏ। ਜਦੋਂ ਉਨ੍ਹਾਂ ਮੁੰਡਿਆਂ ਦੇ ਬੈਗਾਂ ਨੂੰ ਬਾਹਰੋਂ ਟੋਹ ਕੇ ਵੇਖਿਆ ਤਾਂ ਉਨ੍ਹਾਂ ਨੂੰ ਭਾਸਿਆ ਕਿ ਬੈਗਾਂ ਵਿੱਚ ਬੰਬ ਹਨ। ਪੁਲਿਸ ਵਾਲੇ ਭੱਜ ਕੇ ਦੂਰ ਖੜ੍ਹੇ ਹੋ ਗਏ। ਜਦੋਂ ਮੁੰਡਿਆਂ ਯਕੀਨ ਦੁਆਇਆ ਕਿ ਇਹ ਬੰਬ ਨਹੀਂ, ਨਾਰੀਅਲ ਹਨ, ਤਾਂ ਉਹ ਕੋਲ ਆਏ। ਉਹਨੀਂ ਦਿਨੀਂ ਪੰਜਾਬ ਦੇ ਹਰ ਬਾਸ਼ਿੰਦੇ ਲਈ ਇੱਕ ਸਹਿਮ ਦਾ ਮਾਹੌਲ ਸੀ। ਇਹਨਾਂ ਦਿਨਾਂ ਦੌਰਾਨ ਵੀ ਟੂਰਨਾਮੈਂਟ ਹੁੰਦੇ। ਨਾਮਧਾਰੀ ਟੀਮ ਖੇਡਣ ਜਾਂਦੀ। ਜਸਵੀਰ ਜੱਸੀ ਦੱਸਦੇ ਹਨ ਕਿ ਕਈ ਵਾਰ ਅਸੀਂ ਕਿਸੇ ਟੂਰਨਾਮੈਂਟ ਖੇਡਣ ਜਾਣਾ ਤਾਂ ਇੱਕ ਦਿਨ ਜਿੱਤ ਕੇ ਜਦੋਂ ਦੂਸਰੇ ਦਿਨ ਪਹੁੰਚਣਾ ਤਾਂ ਅੱਗੋਂ ਉਸ ਪਿੰਡ ਵਿੱਚ ਫੌਜ ਦਾ ਪਹਿਰਾ ਲੱਗਾ ਹੋਣਾ। ਉੱਥੋਂ ਵਾਪਸ ਮੁੜਣਾ ਪੈਂਦਾ।

ਇੱਕ ਵਾਰ ਜਰਖੜ ਨਾਮਧਾਰੀ ਟੀਮ ਖੇਡਣ ਵਾਸਤੇ ਗਈ। ਉੱਥੇ ਉਹਨਾਂ ਦਾ ਡੇਰਾ ਜਰਖੜ ਸਟੇਡੀਅਮ ਦੇ ਨਾਲ ਬਣੇ ਗੁਰਦੁਆਰੇ ਵਿੱਚ ਸੀ। ਸਾਰੇ ਮੁੰਡੇ ਅੰਮ੍ਰਿਤ ਵੇਲੇ ਉੱਠ, ਸਣੇਕੇਸੀਂ ਇਸ਼ਨਾਨ ਕਰ, ਨਿਤਨੇਮ ਕਰਨ ਉਪਰੰਤ, ਗਰਾਊਂਡ ਵਿੱਚ ਮੈਚ ਖੇਡਣ ਲਈ ਉਤਰਦੇ। ਉੱਥੇ ਇੱਕ ਬਜ਼ੁਰਗ ਮਾਤਾ ਸੁਰਜੀਤ ਕੌਰ ਇਹਨਾਂ ਨੂੰ ਹਰ ਰੋਜ਼ ਵੇਖਦੀ, ਉਹ ਮੁੰਡਿਆਂ ਨੂੰ ਅਸ਼ੀਰਵਾਦ ਦੇਂਦੀ, ਖੁਸ਼ ਹੁੰਦੀ। ਨਾਮਧਾਰੀ ਟੀਮ ਉਸ ਟੂਰਨਾਮੈਂਟ ਵਿੱਚ ਬਹੁਤ ਵਧੀਆ ਖੇਡੀ। ਸੈਮੀਫਾਈਨਲ ਮੈਚ ਵਿੱਚ ਕਮੇਟੀ ਨਾਲ ਕਿਸੇ ਗੱਲੋਂ ਤਕਰਾਰ ਹੋਣ ਕਰਕੇ, ਉਨ੍ਹਾਂ ਜਿੱਤੀ ਹੋਈ ਨਾਮਧਾਰੀ ਟੀਮ ਨੂੰ ਫਾਈਨਲ ਮੈਚ ਖੇਡਣ ਤੋਂ ਵਰਜ ਦਿੱਤਾ। ਸਾਰੇ ਨਾਮਧਾਰੀ ਮੁੰਡੇ ਗਰਾਊਂਡ ਵਿੱਚ ਹੀ ਬੈਠ ਗਏ ਕਿ ਅਸੀਂ ਤਾਂ ਮੈਚ ਖੇਡਾਂਗੇ ਹੀ। ਉੱਥੇ ਮੈਚ ਵੇਖਣ ਵਾਸਤੇ ਖਾੜਕੂ ਲਹਿਰ ਦਾ ਹਿੱਸਾ ਬਣੇ ਕੁਝ ਮੁੰਡੇ ਵੀ ਆਏ ਹੋਏ ਸਨ। ਜਦੋਂ ਉਨ੍ਹਾਂ ਵੇਖਿਆ ਕਿ ਟੀਮ ਗਰਾਊਂਡ 'ਚੋਂ ਉੱਠ ਨਹੀਂ ਰਹੀ ਤਾਂ ਉਹ ਆਪਣੇ ਹਥਿਆਰ ਲਿਆਉਣ ਲਈ ਤਿਆਰ ਹੋ ਗਏ। ਕਮੇਟੀ ਦੇ ਜਾਣਕਾਰਾਂ ਉਨ੍ਹਾਂ ਮੁੰਡਿਆਂ ਨੂੰ ਇਹ ਕਹਿ ਕੇ ਰੋਕ ਦਿੱਤਾ ਕਿ ਸਾਡਾ ਟੂਰਨਾਮੈਂਟ ਖਰਾਬ ਹੋਵੇਗਾ। ਜਦੋਂ ਨਾਮਧਾਰੀ ਟੀਮ ਦੀ ਸੁਣਵਾਈ ਨਾ ਹੋਈ, ਉਹ ਨਿਰਾਸ਼ ਮਨ ਨਾਲ ਆਪਣੀ ਰਿਹਾਇਸ਼ ਵਾਲੀ ਥਾਂ ਗੁਰਦੁਆਰੇ ਪਹੁੰਚ ਗਏ। ਮਾਤਾ ਸੁਰਜੀਤ ਕੌਰ ਨੇ ਪੁੱਛਿਆ- "ਕੀ ਬਣਿਆ, ਅੱਜ ਤੁਹਾਡੇ ਮੈਚ ਦਾ?" ਕਿਉਂਕਿ ਮਾਤਾ ਹਰ ਰੋਜ਼ ਸਿੱਖੀ ਸਰੂਪ ਵਿੱਚ ਖੇਡ ਰਹੀ ਟੀਮ ਲਈ ਜਿੱਤ ਦੀ ਅਰਦਾਸ ਕਰਦੀ ਸੀ। ਜਦੋਂ ਮੁੰਡਿਆਂ ਨੇ ਦੱਸਿਆ ਕਿ ਸਾਨੂੰ ਜਿੱਤਣ ਤੋਂ ਬਾਅਦ ਵੀ ਖੇਡਣ ਨਹੀਂ ਦੇ ਰਹੇ, ਤਾਂ ਮਾਤਾ ਗੁੱਸੇ ਵਿੱਚ ਆ ਗਈ। ਕਹਿੰਦੀ- "ਚੱਲੋ, ਮੈਂ ਵੇਖਦੀ ਹਾਂ ਕਿਹੜਾ ਨਹੀਂ ਖੇਡਣ ਦਿੰਦਾ। ਏਨੇ ਵਧੀਆ ਮੁੰਡਿਆਂ ਨੇ। ਸਵੇਰੇ ਉੱਠ, ਇਸ਼ਨਾਨ ਕਰਕੇ ਹਰ ਰੋਜ਼ ਬਾਣੀ ਪੜ੍ਹਦੇ ਨੇ। ਸਿੱਖੀ ਪਹਿਰਾਵੇ 'ਚ ਖੇਡਦੇ ਨੇ।"

ਮਾਤਾ ਖ਼ੁਦ ਗਰਾਊਂਡ 'ਚ ਪਹੁੰਚ ਕਮੇਟੀ ਵਾਲਿਆਂ ਨਾਲ ਔਖੀ ਭਾਰੀ ਹੋਣ ਲੱਗੀ ਕਿ "ਮੈਨੂੰ ਦੱਸੋ ਇਹੋ ਜਿਹੀ ਕੋਈ ਟੀਮ ਪੰਜਾਬ ਵਿੱਚ ਹੈ? ਜਿਹੜੀ ਸਿੱਖੀ ਪਹਿਰਾਵੇ ਵਿੱਚ ਖੇਡਦੀ ਹੋਵੇ। ਤੁਸੀਂ ਇਨ੍ਹਾਂ ਨਾਲ ਧੱਕਾ ਕਰਨਾ ਬੰਦ ਕਰੋ ਤੇ ਮੈਚ ਕਰਵਾਓ।"

ਗੁਰਮੀਤ ਸਿੰਘ ਮਦਾਰ ਦੱਸਦੇ ਹਨ ਕਿ ਉਸ ਮਾਤਾ ਦੀ ਜਰਖੜ ਪਿੰਡ ਵਿੱਚ ਕੋਈ ਗੱਲ ਨਹੀਂ ਸੀ ਮੋੜਦਾ। ਉਸ ਦਿਨ ਸਾਡੀ ਇਮਦਾਦ ਉਸ ਮਾਤਾ ਨੇ ਕੀਤੀ, ਜਿਹੜੀ ਸਿੱਖੀ ਜੀਵਨ ਜਾਚ ਦੀ ਕਦਰ ਕਰਨ ਵਾਲੀ ਸੀ।

1991 ਵਿੱਚ ਜਰਖੜ ਟੂਰਨਾਮੈਂਟ 'ਤੇ ਨਾਮਧਾਰੀ ਸੀਨੀਅਰ ਤੇ ਜੂਨੀਅਰ ਦੋਵੇਂ ਵਰਗਾਂ ਦੀਆਂ ਟੀਮਾਂ ਨੇ ਸ਼ਮੂਲੀਅਤ ਕੀਤੀ ਤੇ ਦੋਵਾਂ ਨੇ ਪਹਿਲਾ-ਪਹਿਲਾ ਸਥਾਨ ਹਾਸਲ ਕੀਤਾ। ਸੀਨੀਅਰ ਵਰਗ ਵਿੱਚ ਦੂਜੇ ਬੈਚ ਦੀ ਟੀਮ ਦੇ ਖਿਡਾਰੀ ਖੇਡੇ ਤੇ ਜੂਨੀਅਰ ਵਰਗ ਵਿੱਚ ਤੀਜੇ ਬੈਚ ਦੇ ਖਿਡਾਰੀ ਖੇਡੇ।

ਇਸ ਬੈਚ ਦੇ ਖਿਡਾਰੀ ਕਾਬਲ ਸਿੰਘ ਨੇ 'ਸਕੂਲ ਏਸ਼ੀਅਨ ਖੇਡਾਂ' ਵਿੱਚ ਭਾਰਤੀ ਟੀਮ ਦੀ ਨੁਮਾਇੰਦਗੀ ਕੀਤੀ। ਇਸ ਤੋਂ ਇਲਾਵਾ ਇਸ ਬੈਚ ਨੇ ਦਿੱਲੀ ਦਾ ਨਾਮੀ ਟੂਰਨਾਮੈਂਟ 'ਸ. ਮੋਹਨ ਸਿੰਘ ਯਾਦਗਾਰੀ ਹਾਕੀ ਟੂਰਨਾਮੈਂਟ' ਜਿੱਤਿਆ। ਅੰਮ੍ਰਿਤਸਰ ਵਿੱਚ ਹੋਇਆ 1995 ਈ. ਦਾ 'ਸਰਬ ਭਾਰਤੀ ਮਹਾਰਾਜਾ ਰਣਜੀਤ ਸਿੰਘ ਹਾਕੀ ਟੂਰਨਾਮੈਂਟ' ਇਸ ਟੀਮ ਨੇ ਹਿੰਦੁਸਤਾਨ ਦੀਆਂ ਨਾਮੀ ਟੀਮਾਂ ਨੂੰ ਹਰਾ ਕੇ ਜਿੱਤਿਆ। ਅੱਜ ਇਸ ਬੈਚ ਦੇ ਬਹੁਤੇ ਖਿਡਾਰੀ ਵੱਖ-ਵੱਖ ਸਰਕਾਰੀ ਮਹਿਕਮਿਆਂ ਵਿੱਚ ਚੰਗੇ ਅਹੁਦਿਆਂ 'ਤੇ ਨੌਕਰੀਆਂ ਕਰ ਰਹੇ ਹਨ।

**ਚੌਥਾ ਬੈਚ-** ਉਪਰੋਕਤ ਬੈਚ ਤੋਂ ਮਗਰੋਂ ਨਾਮਧਾਰੀ ਹਾਕੀ ਪ੍ਰਤੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਧਿਆਨ ਘਟ ਗਿਆ। ਤਿੰਨ ਚਾਰ ਸਾਲ ਦੇ ਗੈਪ ਮਗਰੋਂ ਫਿਰ ਦੁਬਾਰਾ ਨਵੇਂ ਬੱਚਿਆਂ ਨੂੰ ਲੈ ਕੇ ਟੀਮ ਬਣਾਉਣ ਦਾ ਖਿਆਲ ਪਣਪਿਆ। ਕਾਰਨ ਬਣਿਆ ਸ੍ਰੀ ਭੈਣੀ ਸਾਹਿਬ ਦੇ ਕੁਝ ਬੱਚੇ, ਜੋ ਹਰ ਰੋਜ਼ ਗਰਾਊਂਡ ਜਾ ਪ੍ਰੈਕਟਿਸ ਕਰਦੇ ਸਨ। ਉਹਨਾਂ ਸੁਰਜੀਤ ਹਾਕੀ ਅਕੈਡਮੀ ਵਿੱਚ ਟਰਾਇਲ ਦਿੱਤੇ। ਤਿੰਨ ਬੱਚੇ ਸਲੈਕਟ ਹੋ ਗਏ, ਅਨਮੋਲਕ ਸਿੰਘ, ਨਿਰੰਜਨ ਸਿੰਘ ਤੇ ਜਗਮੋਹਨ ਸਿੰਘ। ਇਹਨਾਂ ਬੱਚਿਆਂ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਅਸੀਂ ਜਲੰਧਰ ਅਕੈਡਮੀ ਵਿੱਚ ਹਾਕੀ ਸਿੱਖਣ ਲਈ ਚਲੇ ਜਾਈਏ? ਸਤਿਗੁਰੂ ਜੀ ਨੇ ਨਾਂਹ ਕਰ ਦਿੱਤੀ ਤੇ ਹੁਕਮ ਕੀਤਾ- "ਆਪਾਂ ਇੱਥੇ ਈ ਟੀਮ ਬਣਾਂਵਾਂਗੇ।"

ਇਹ ਸੰਨ 1997 ਈ. ਦੀ ਗੱਲ ਹੈ। ਸ੍ਰੀ ਜੀਵਨ ਨਗਰ ਇਲਾਕੇ ਦੇ 30-35 ਮੁੰਡਿਆਂ ਨੂੰ ਇਕੱਠਿਆਂ ਕਰਕੇ ਇੱਕ ਨਵੇਂ ਬੈਚ ਦੀ ਸ਼ੁਰੂਆਤ ਕਰ ਦਿੱਤੀ। ਜੀਵਨ ਨਗਰ ਇਨ੍ਹਾਂ ਬੱਚਿਆਂ ਨੂੰ ਸੀਨੀਅਰ ਰਹਿ ਚੁੱਕੇ ਖਿਡਾਰੀ ਗੁਰਮੇਜ ਸਿੰਘ ਤੇ ਬਲਦੇਵ ਸਿੰਘ ਕੋਚਿੰਗ ਦੇਂਦੇ ਰਹੇ, ਫਿਰ ਕੁਝ ਚਿਰ ਬਾਅਦ ਉਨ੍ਹਾਂ ਵਿੱਚੋਂ 25-30 ਮੁੰਡੇ ਚੁਣ ਕੇ ਸ੍ਰੀ ਭੈਣੀ ਸਾਹਿਬ ਲੈ ਆਂਦੇ ਗਏ। ਇਹਨਾਂ ਨੂੰ ਕੋਚਿੰਗ ਪਹਿਲਾਂ ਸ. ਹੀਰਾ ਸਿੰਘ ਦੇਂਦੇ ਰਹੇ। ਫਿਰ ਸਮੇਂ-ਸਮੇਂ 'ਤੇ ਸ. ਬਲਦੇਵ ਸਿੰਘ ਸ਼ਾਹਬਾਦ, ਸ. ਦੀਦਾਰ ਸਿੰਘ ਓਲੰਪੀਅਨ ਤੇ ਹਰਮਿੰਦਰਪਾਲ ਸਿੰਘ ਕੋਚ ਰਹੇ। ਇਸ ਟੀਮ ਦੀ ਸਾਰੀ ਨਿਗਰਾਨੀ ਦਾ ਕਾਰਜ, ਸਾਰੀਆਂ ਸਹੂਲਤਾਂ ਦਾ ਖਿਆਲ ਠਾਕੁਰ ਉਦੇ ਸਿੰਘ ਜੀ ਨੇ ਵਿਸ਼ੇਸ਼ ਧਿਆਨ ਦੇ ਕੇ ਕੀਤਾ। ਗੁਰਚਰਨ ਸਿੰਘ (ਗੋਲ਼ੀ) ਇਸ ਟੀਮ ਦੇ ਮੈਨੇਜਰ ਬਣਾਏ ਗਏ। ਠਾਕੁਰ ਜੀ ਇਸ ਟੀਮ ਨੂੰ ਗਰਮੀਆਂ ਦੇ ਦਿਨਾਂ ਦੌਰਾਨ ਬੰਗਲੌਰ ਸੱਦ ਲੈਂਦੇ, ਜਿੱਥੇ ਉਹ ਡੇਢ-ਦੋ ਮਹੀਨਿਆਂ ਦਾ ਕੈਂਪ ਲਾਉਂਦੇ। ਖਿਡਾਰੀਆਂ ਦੀ ਰਿਹਾਇਸ਼, ਖਾਣ-ਪੀਣ ਦਾ ਵਿਸ਼ੇਸ਼ ਪ੍ਰਬੰਧ ਹੁੰਦਾ। ਕਈ ਵਾਰ ਤਾਂ ਠਾਕੁਰ ਜੀ (ਵਰਤਮਾਨ ਸਤਿਗੁਰੂ ਜੀ) ਦੁਪਹਿਰ ਦੇ ਖਾਣੇ ਸਮੇਂ ਖਿਡਾਰੀਆਂ ਦੇ ਨਾਲ ਹੀ ਖਾਣਾ ਖਾਂਦੇ। ਇਹ ਉਨ੍ਹਾਂ ਦਾ ਜਿੱਥੇ ਖਿਡਾਰੀਆਂ ਨੂੰ ਮਿਲ ਰਹੀ ਖ਼ੁਰਾਕ ਬਾਰੇ ਰਿਪੋਰਟ ਲੈਣਾ ਹੁੰਦਾ, ਉੱਥੇ ਉਨ੍ਹਾਂ ਦਾ ਗਰੀਬ, ਸਾਧਾਰਨ ਪਰਿਵਾਰਾਂ ਦੇ ਬੱਚਿਆਂ ਵਿੱਚ ਬੈਠਣਾ ਉਨ੍ਹਾਂ ਦੀ ਸਾਧਾਰਨਤਾ ਤੇ ਨਿਮਰਤਾ ਨੂੰ ਵੀ ਪ੍ਰਗਟ ਕਰਦਾ ਹੈ। ਉਹ ਬੱਚਿਆਂ ਨੂੰ ਖਰੀਦੋ-ਫਰੋਖ਼ਤ ਕਰਨ ਲਈ ਮਾਇਆ ਵੀ ਦੇਂਦੇ। ਜਦੋਂ ਬੱਚੇ ਥੋੜ੍ਹੇ ਵੱਡੇ ਹੋਏ ਤਾਂ ਉਨ੍ਹਾਂ ਦੇ ਮਹੀਨੇ ਦਾ ਖਰਚਾ ਵੀ ਲਾ ਦਿੱਤਾ ਗਿਆ ਕਿ ਇਨ੍ਹਾਂ ਨੂੰ ਆਉਣ-ਜਾਣ, ਖਾਣ-ਪੀਣ ਦੀ ਕੋਈ ਦਿੱਕਤ ਨਾ ਆਵੇ। ਜੇ ਕਿਸੇ ਖਿਡਾਰੀ ਨੇ ਭਾਰਤੀ ਟੀਮ ਨਾਲ ਵਿਦੇਸ਼ ਦੌਰੇ 'ਤੇ ਜਾਣਾ ਹੁੰਦਾ ਤਾਂ ਉਸਦੀ ਮਾਇਕ ਪੱਖੋਂ ਖ਼ਾਸ ਮਦਦ ਕਰਦੇ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਰਹਿੰਦਿਆਂ ਇਸ ਟੀਮ ਲਈ ਵੀ ਸਵੇਰੇ ਆਸਾ ਦੀ ਵਾਰ 'ਚ ਪਹੁੰਚਣਾ ਤੇ ਫਿਰ ਦੁਪਹਿਰੇ ਨਿਤਨੇਮ ਕਰਨਾ ਲਾਜ਼ਮੀ ਹੁੰਦਾ। ਬੱਚਿਆਂ ਦੀ ਪੜ੍ਹਾਈ ਲਈ ਸਕੂਲ ਤੋਂ ਇਲਾਵਾ ਟਿਊਸ਼ਨ ਅਧਿਆਪਕ ਦਾ ਵੀ ਖ਼ਾਸ ਪ੍ਰਬੰਧ ਕੀਤਾ ਗਿਆ। ਇਸ ਟੀਮ ਵਿੱਚ ਖੇਡਣ ਵਾਲੇ ਖਿਡਾਰੀ ਸਨ-

1. ਅਨਮੋਲਕ ਸਿੰਘ
2. ਸ਼ੇਰ ਸਿੰਘ
3. ਗੁਰਚਰਨ ਸਿੰਘ
4. ਅਜਮੇਰ ਸਿੰਘ
5. ਹਰਪਾਲ ਸਿੰਘ
6. ਗੁਰਵਿੰਦਰ ਸਿੰਘ (ਕਾਲਾ)
7. ਦੀਦਾਰ ਸਿੰਘ
8. ਹਰਵਿੰਦਰ ਸਿੰਘ
9. ਸਵਿੰਦਰ ਸਿੰਘ (ਗੋਲਕੀਪਰ)
10. ਗੁਰਪ੍ਰੀਤ ਸਿੰਘ
11. ਸਰਦਾਰ ਸਿੰਘ
12. ਕਰਮਜੀਤ ਸਿੰਘ
13. ਜੋਗਾ ਸਿੰਘ

14. ਜਸਵੇਦ ਸਿੰਘ
15. ਜਤਿੰਦਰਪਾਲ ਸਿੰਘ ਜੇ. ਪੀ.
16. ਹਰਨੇਕ ਸਿੰਘ (ਗੋਲਕੀਪਰ)
17. ਅਵਤਾਰ ਸਿੰਘ
18. ਹਰਜਿੰਦਰ ਸਿੰਘ (ਗੋਲਕੀਪਰ)
19. ਬਚਿੱਤਰ ਸਿੰਘ (ਮੰਡ)
20. ਸੁਖਜਿੰਦਰ ਸਿੰਘ
21. ਜਗਦੀਪ ਸਿੰਘ ਬੱਲੀ

ਪਹਿਲਾਂ-ਪਹਿਲ ਇਹ ਟੀਮ ਬੈਂਗਲੌਰ ਕੈਂਪ ਲਾਉਣ ਜਾਂਦੀ ਹੁੰਦੀ ਸੀ, ਫਿਰ ਉੱਥੇ ਲੀਗ ਹੋਣੀ ਸ਼ੁਰੂ ਹੋ ਗਈ। ਉੱਥੇ ਭਾਰਤ ਦੀਆਂ ਨਾਮਵਰ ਟੀਮਾਂ BPCL, ONGC, Indian Oil, Indian Airlines, PNB, Punjab & Sind Bank, Air India ਆਦਿ ਪਹੁੰਚਦੀਆਂ। ਉਹਨਾਂ ਨਾਲ ਖੇਡ-ਖੇਡ ਇਹ ਟੀਮ ਹੌਲੀ-ਹੌਲੀ ਚੰਗਾ ਖੇਡਣ ਲੱਗ ਪਈ। ਥੋੜ੍ਹੇ ਹੀ ਸਾਲਾਂ ਵਿੱਚ ਇਹ ਟੀਮ ਏਨੀ ਚੰਗੀ ਬਣ ਗਈ ਕਿ ਇਸ ਨੇ ਭਾਰਤ ਦੀਆਂ ਨਾਮਵਰ ਟੀਮਾਂ ਦੇ ਦੰਦ ਖੱਟੇ ਕਰਨੇ ਸ਼ੁਰੂ ਕਰ ਦਿੱਤੇ।

ਨਾਮਧਾਰੀ ਟੀਮ ਏਨਾ ਵਧੀਆ ਰਿਜ਼ਲਟ ਦੇਣ ਲੱਗ ਪਈ ਕਿ ਭਾਰਤ ਵਿੱਚ ਹੋਣ ਵਾਲੇ ਸਾਰੇ ਵੱਡੇ ਟੂਰਨਾਮੈਂਟਾਂ, ਸੁਰਜੀਤ ਹਾਕੀ ਟੂਰਨਾਮੈਂਟ, ਜਵਾਹਰ ਲਾਲ ਨਹਿਰੂ ਟੂਰਨਾਮੈਂਟ, ਕੇ. ਡੀ. ਬਾਬੂ ਟੂਰਨਾਮੈਂਟ, ਬੰਗਲੌਰ ਲੀਗ, ਮਹਾਰਾਜਾ ਰਣਜੀਤ ਸਿੰਘ ਟੂਰਨਾਮੈਂਟ (ਦਿੱਲੀ), ਬੰਬੇ ਗੋਲਡ ਕੱਪ, ਮਾਧੋ ਰਾਉ ਸਿੰਧੀਆ ਗੋਲਡ ਕੱਪ (ਗਵਾਲੀਅਰ), ਸੀਨੀਅਰ ਨੈਸ਼ਨਲ, ਆਦਿ ਵਿੱਚ ਪਹਿਲਾ ਜਾਂ ਦੂਜਾ ਦਰਜਾ ਹਾਸਲ ਕਰਦੀ, ਨਹੀਂ ਤਾਂ ਸੈਮੀਫਾਈਨਲ ਤਾਂ ਜ਼ਰੂਰ ਹੀ ਖੇਡਦੀ। ਨਾਮਧਾਰੀ ਟੀਮ ਦਾ ਨਾਮ ਭਾਰਤ ਦੀਆਂ ਪਹਿਲੀਆਂ ਚਾਰ ਟੀਮਾਂ ਵਿੱਚ ਸ਼ੁਮਾਰ ਹੋ ਗਿਆ। 2004 ਈ. ਵਿੱਚ ਪ੍ਰਸਿੱਧ 'ਜਵਾਹਰ ਲਾਲ ਨਹਿਰੂ ਹਾਕੀ ਟੂਰਨਾਮੈਂਟ' ਵਿੱਚ ਨਾਮਧਾਰੀ ਟੀਮ ਨੂੰ ਸਭ ਤੋਂ ਵਧੀਆ ਉੱਭਰ ਰਹੀ ਟੀਮ (Most Promising Team) ਅਤੇ 2006 ਵਿੱਚ ਨਾਮਧਾਰੀ ਟੀਮ ਨੂੰ plenty corner ਤੇ ਸਭ ਤੋਂ ਵੱਧ ਗੋਲ ਕਰਨ ਵਾਲੀ ਟੀਮ ਐਲਾਨਿਆ ਗਿਆ। stick2hockey.com ਵੱਲੋਂ ਹਰ ਸਾਲ ਇੱਕ ਰਸਾਲਾ 'Hockey Year Book' ਛਪਦਾ ਹੈ, ਉਨ੍ਹਾਂ ਨੇ 2006 ਈ. ਵਿੱਚ ਨਾਮਧਾਰੀ ਟੀਮ ਨੂੰ 'Best Team of The Year' ਦਾ ਖਿਤਾਬ ਦਿੱਤਾ।

ਸ਼ੇਰ ਸਿੰਘ (ਅੱਜ ਕੱਲ੍ਹ ਸਪੋਟਰਸ ਇੰਚਾਰਜ, ਸ੍ਰੀ ਭੈਣੀ ਸਾਹਿਬ) ਦੱਸਦੇ ਹਨ ਕਿ ਸੰਨ 2003 ਈ. ਨੂੰ ਰਾਏਪੁਰ (ਛੱਤੀਸਗੜ੍ਹ) ਜੂਨੀਅਰ ਨੈਸ਼ਨਲ ਵਿੱਚ ਨਾਮਧਾਰੀ ਟੀਮ ਬਹੁਤ ਵਧੀਆ ਖੇਡ ਰਹੀ ਸੀ। ਕੁਆਰਟਰ ਫਾਈਨਲ ਮੈਚ ਨਾਮਧਾਰੀ ਇਲੈਵਨ ਤੇ ਪੰਜਾਬ ਐਂਡ ਸਿੰਧ ਬੈਂਕ ਦਰਮਿਆਨ ਹੋਇਆ। ਨਾਮਧਾਰੀ ਟੀਮ 2-0 ਨਾਲ ਜਿੱਤ ਰਹੀ ਸੀ ਪਰ ਆਖਰੀ ਮਿੰਟਾਂ ਵਿੱਚ ਦੋਵੇਂ ਗੋਲ ਉੱਤਰ ਗਏ। ਗੋਲਡਨ ਗੋਲ ਦੇ ਸਮੇਂ ਗੋਲ ਕਰਕੇ ਪੰਜਾਬ ਐਂਡ ਸਿੰਧ ਬੈਂਕ ਦੀ ਟੀਮ ਨਾਮਧਾਰੀ ਟੀਮ ਨੂੰ ਜਿੱਤ ਗਈ। ਨਾਮਧਾਰੀ ਟੀਮ ਚੰਗਾ ਖੇਡ ਕੇ ਵੀ ਹਾਰ ਗਈ ਸੀ। ਟੀਮ ਉਸੇ ਹੀ ਦਿਨ ਟਰੇਨ 'ਤੇ ਸਵਾਰ ਹੋ ਵਾਪਸ ਆ ਗਈ। ਮਗਰੋਂ ਟੂਰਨਾਮੈਂਟ ਕਮੇਟੀ ਨੇ ਨਾਮਧਾਰੀ ਟੀਮ ਲਈ ਪੰਜਾਬ ਐਂਡ ਸਿੰਧ ਬੈਂਕ ਦੀ ਟੀਮ ਦੇ ਹੱਥ, ਪਹਿਲੇ ਮੈਚਾਂ ਵਿਚਲੀ ਖੇਡ ਨੂੰ ਮੱਦੇ ਨਜ਼ਰ ਰੱਖਦਿਆਂ ਹੋਇਆਂ 'ਫੇਅਰ ਪਲੇ ਟਰਾਫੀ' ਦੇ ਨਾਲ 10000/- ਰੁਪਏ ਇਨਾਮ ਵਜੋਂ ਭੇਜੇ ਕਿ ਖੇਡ ਦੇ ਮੈਦਾਨ ਵਿੱਚ ਜਿੱਤ-ਹਾਰ ਤਾਂ ਬਣੀ ਹੋਈ ਹੈ, ਪਰ ਜਿਸ ਤਰ੍ਹਾਂ ਦੀ ਸਾਫ਼ ਸੁਥਰੀ ਕਲਾਤਮਕ ਹਾਕੀ ਨਾਮਧਾਰੀ ਟੀਮ ਖੇਡੀ ਹੈ, ਉਸਨੇ ਸਾਡੇ ਦਰਸ਼ਕਾਂ ਦੇ ਮਨ ਖੁਸ਼ ਕੀਤੇ ਹਨ।

ਨਾਮਧਾਰੀ ਟੀਮ ਜਦੋਂ ਮੈਦਾਨ ਵਿੱਚ ਖੇਡਣ ਵਾਸਤੇ ਉੱਤਰਦੀ ਤਾਂ ਉਹ ਬਹੁਤ ਹੌਂਸਲੇ ਤੇ ਸਪਿਰਟ ਨਾਲ ਦਾਖਿਲ ਹੁੰਦੀ। ਫਿਰ ਖੇਡਦੀ ਵੀ ਉਸੇ ਸਪਿਰਟ ਨਾਲ। ਬਾਕੀ ਮਹਿਕਮਿਆਂ ਦੀਆਂ ਟੀਮਾਂ ਦੇ ਖਿਡਾਰੀ ਤਾਂ ਪੈਸਿਆਂ ਲਈ ਖੇਡ ਰਹੇ ਹੁੰਦੇ, ਪਰ ਨਾਮਧਾਰੀ ਟੀਮ ਪੰਥ ਦੀ ਸ਼ਾਨ ਤੇ ਸਿੱਖੀ ਦੇ ਮਾਣ ਨੂੰ ਬਰਕਰਾਰ ਰੱਖਣ ਲਈ ਖੇਡ ਦੇ ਮੈਦਾਨ ਵਿੱਚ ਜੂਝਦੀ। ਇਹ ਖਿਡਾਰੀ ਮਾੜੀ ਮੋਟੀ ਸੱਟ ਦੀ ਤਾਂ ਉੱਕਾ ਹੀ ਪ੍ਰਵਾਹ ਨਾ ਕਰਦੇ। ਇੱਕ ਵਾਰ ਕਰੀਮ ਨਗਰ ਨੈਸ਼ਨਲ ਵਿੱਚ ਕੇਰੀ ਵਾਲੇ ਮੈਦਾਨ ਵਿੱਚ ਖੇਡਦਿਆਂ, ਹੱਥ ਥੱਲੇ ਰਗੜੇ ਜਾਣ ਕਰਕੇ, ਉਨ੍ਹਾਂ 'ਤੇ ਜ਼ਖਮ ਹੋ ਗਏ। ਹੱਥਾਂ ਵਿੱਚੋਂ ਖੂਨ ਨਿਕਲਣ ਲੱਗ ਪਿਆ। ਖੇਡ ਦੇ ਰੂਲ ਮੁਤਾਬਿਕ ਜਦੋਂ ਖਿਡਾਰੀ ਦੇ ਕਿਸੇ ਵੀ ਅੰਗ 'ਚੋਂ ਖੂਨ ਨਿਕਲ ਰਿਹਾ ਹੋਵੇ ਤਾਂ ਉਹ ਖੇਡ ਨਹੀਂ ਸਕਦਾ। ਨਾਮਧਾਰੀ ਮੁੰਡੇ ਖੂਨ ਵਾਲੇ ਹੱਥ ਆਪਣੀਆਂ ਸ਼ਰਟਾਂ ਨਾਲ ਪੂੰਝ, ਉਸੇ ਹੀ ਜੋਸ਼ ਨਾਲ ਹਾਕੀ ਖੇਡ ਰਹੇ ਸਨ। ਟੂਰਨਾਮੈਂਟ ਕਮੇਟੀ ਨੇ ਮੈਚ ਰੋਕ ਕੇ ਜਿਨ੍ਹਾਂ ਖਿਡਾਰੀਆਂ ਦੇ ਹੱਥਾਂ 'ਚੋਂ ਖੂਨ ਆ ਰਿਹਾ ਸੀ, ਉਨ੍ਹਾਂ ਨੂੰ ਬਾਹਰ ਜਾਣ ਲਈ ਆਖਿਆ। ਪਰ ਨਾਮਧਾਰੀ ਖਿਡਾਰੀ ਉਸ ਖੂਨ ਦੇ ਨਿਕਲਣ ਨੂੰ 'ਮਾੜਾ ਮੋਟਾ ਆਉਂਦਾ ਖੂਨ' ਕਹਿ ਕੇ ਖੇਡਣ ਦੀ ਆਗਿਆ ਮੰਗ ਰਹੇ ਸਨ। ਟੂਰਨਾਮੈਂਟ ਕਮੇਟੀ ਨੇ ਇਸ ਸ਼ਰਤ 'ਤੇ ਖੇਡਣ ਦੀ ਆਗਿਆ ਦਿੱਤੀ ਕਿ ਸਾਨੂੰ ਪਹਿਲਾਂ ਲਿਖ ਕੇ ਦਿਓ ਕਿ ਤੁਸੀਂ ਆਪਣੀ ਜ਼ਿੰਮੇਵਾਰੀ ਨਾਲ ਖੇਡ ਰਹੇ ਹੋ। ਨਾਮਧਾਰੀ ਖਿਡਾਰੀਆਂ ਨੇ ਝੱਟ ਲਿਖ ਦਿੱਤਾ ਤੇ ਕਮੇਟੀ ਨੂੰ ਨਿਸ਼ਚਿੰਤ ਕਰ ਦਿੱਤਾ। ਨਾਮਧਾਰੀ ਖਿਡਾਰੀ ਖੇਡ ਦੇ ਮੈਦਾਨ ਵਿੱਚ ਸੱਟਾਂ ਦੀ ਪ੍ਰਵਾਹ ਨਾ ਕਰਦੇ ਹੋਏ ਮੈਚ ਦੇ ਆਖਰੀ ਸਮੇਂ ਤੱਕ ਜ਼ੋਰ ਲਾ ਕੇ ਖੇਡਦੇ ਸਨ।

ਸੰਨ 2006 ਈ. ਦੀ ਗੱਲ ਹੈ ਪ੍ਰੀਮੀਅਰ ਹਾਕੀ ਲੀਗ

ਵਿੱਚ 'ਬੈਂਗਲੌਰ ਲਾਇਨਜ਼' ਤੇ 'ਸ਼ੇਰੇ ਜਲੰਧਰ' ਸਾਰੀ ਲੀਗ ਵਿੱਚੋਂ ਜੇਤੂ ਰਹਿ ਕੇ ਫਾਈਨਲ ਮੈਚ ਵਿੱਚ ਪਹੁੰਚ ਗਈਆਂ। ਲੀਗ ਕਮੇਟੀ ਦੇ ਰੂਲ ਮੁਤਾਬਿਕ ਫਾਈਨਲ ਤਿੰਨ ਮੈਚ ਹੋਣੇ ਸਨ, ਜਿਹੜੀ ਟੀਮ ਦੋ ਮੈਚ ਜਿੱਤ ਜਾਂਦੀ, ਉਹ ਜੇਤੂ ਘੋਸ਼ਿਤ ਹੋਣੀ ਸੀ। ਪਹਿਲਾ ਮੈਚ 'ਸ਼ੇਰੇ ਜਲੰਧਰ' ਦੀ ਟੀਮ 'ਬੈਂਗਲੌਰ ਲਾਇਨਜ਼' ਕੋਲੋਂ ਹਾਰ ਗਈ ਸੀ। ਬੰਗਲੌਰ ਦੀ ਟੀਮ ਵਿੱਚ ਦੱਖਣੀ ਭਾਰਤ ਦੇ ਨਾਮੀ ਖਿਡਾਰੀ ਲੇਨ ਅੱਪਾ, ਅਰਜੁਨ ਹਲੱਪਾ, ਪ੍ਰਬੋਧ ਤਿਰਕੀ, ਸੰਦੀਪ ਮਾਈਕਲ, ਵੀ. ਐਸ. ਵਿਨੇ, ਤੁਸ਼ਾਰ ਖਾਂਡੇਕਰ ਆਦਿ ਖੇਡ ਰਹੇ ਸਨ। ਪੰਜਾਬ ਦੀ ਟੀਮ ਵਿੱਚ ਗਗਨਜੀਤ, ਪ੍ਰਭਜੋਤ, ਕੰਵਲਜੀਤ, ਜੁਗਰਾਜ, ਹਰਪਾਲ ਆਦਿ ਸਨ। ਜਦੋਂ ਪੰਜਾਬ ਦੀ ਟੀਮ ਦੇ ਮੈਚ ਤੋਂ ਪਹਿਲਾਂ ਮੀਟਿੰਗ ਹੋ ਰਹੀ ਸੀ ਤਾਂ ਸਾਰੇ ਸਲਾਹ ਕਰ ਰਹੇ ਸਨ ਕਿਉਂਕਿ ਅੱਜ ਦਾ ਮੈਚ ਪੰਜਾਬ ਦੀ ਟੀਮ ਲਈ ਜਿੱਤਣਾ ਬਹੁਤ ਜ਼ਰੂਰੀ ਸੀ। ਸਾਰੇ ਖਿਡਾਰੀ ਆਪਣੇ-ਆਪਣੇ ਤਜ਼ਰਬੇ ਅਨੁਸਰ ਸਲਾਹ ਦੇਣ ਲੱਗੇ। ਕੋਈ ਫਾਰਵਰਡ ਲਾਈਨ ਨੂੰ ਮਜ਼ਬੂਤ ਕਰਨ ਲਈ ਕਹਿ ਰਿਹਾ ਸੀ, ਕੋਈ ਡੀ ਵਿੱਚ ਜਾ ਕੇ ਪਲੈਨਟੀ ਕਾਰਨਰ ਬਣਾਉਣ ਨੂੰ ਕਹਿ ਰਿਹਾ ਸੀ, ਏਨੇ ਨੂੰ ਖਿਡਾਰੀ ਪ੍ਰਭਦੀਪ ਨੇ ਉੱਠਕੇ ਸਲਾਹ ਦਿੱਤੀ ਜੋ ਟੀਮ ਦੀ ਮੱਧ ਪੰਕਤੀ ਦਾ ਮੁੱਖ ਖਿਡਾਰੀ ਸੀ ਕਿ ਜੇ ਅਸੀਂ ਅੱਜ ਦਾ ਮੈਚ ਇਸ ਸਪਿਰਟ ਨਾਲ ਖੇਡੀਏ, ਜਿਸ ਸਪਿਰਟ ਨਾਲ ਨਾਮਧਾਰੀ ਟੀਮ ਖੇਡਦੀ ਹੈ ਤਾਂ ਸਾਡੀ ਟੀਮ ਦੀ ਹਾਰ ਨਹੀਂ ਹੋ ਸਕਦੀ। ਗੱਲ ਕੀ, ਭਾਰਤ ਦੀਆਂ ਸਾਰੀਆਂ ਟੀਮਾਂ ਨਾਮਧਾਰੀ ਟੀਮ ਦੇ ਖੇਡਣ ਦੀ ਸਪਿਰਟ ਦੀ ਦਾਦ ਦੇਂਦੀਆਂ ਹਨ।

ਸਰਬ ਭਾਰਤੀ ਗੁਰਮੀਤ ਹਾਕੀ ਟੂਰਨਾਮੈਂਟ ਚੰਡੀਗੜ੍ਹ 2004 ਈ. ਦੀ ਗੱਲ ਹੈ। ਨਾਮਧਾਰੀ ਹਾਕੀ ਟੀਮ ਦਾ ਮੈਚ ਪੰਜਾਬ ਪੁਲਿਸ ਨਾਲ ਸੀ। ਪੰਜਾਬ ਪੁਲਿਸ ਦੇ ਖਿਡਾਰੀ ਕਰੜੇ ਤੇ ਲੜਾਕੇ ਵਤੀਰੇ ਲਈ ਮਸ਼ਹੂਰ ਸਨ। ਨਾਮਧਾਰੀ ਹਾਕੀ ਟੀਮ ਕਿਸਾਨ ਭਵਨ ਵਿੱਚ ਠਹਿਰੀ ਹੋਈ ਸੀ। ਠਾਕੁਰ ਉਦੇ ਸਿੰਘ ਜੀ, ਜੋ ਉਸ ਸਮੇਂ ਟੀਮ ਦੇ ਮੁੱਖ ਪ੍ਰਬੰਧਕ ਸਨ, ਨੇ ਫੋਨ ਕਰਕੇ ਕਿਹਾ- "ਪੰਜਾਬ ਪੁਲਿਸ ਦੀ ਟੀਮ ਤੁਹਾਨੂੰ ਡਰਾ ਕੇ ਜਾਂ ਲੜ ਕੇ ਜਿੱਤਣ ਦੀ ਕੋਸ਼ਿਸ਼ ਕਰੇਗੀ। ਤੁਸੀਂ ਕਿਸੇ ਤਰ੍ਹਾਂ ਵੀ ਘਬਰਾਉਣਾ ਨਹੀਂ, ਡਰਨਾ ਨਹੀਂ। ਉਹਨਾਂ ਦੇ ਧੱਕੇ-ਮੁੱਕੇ ਦਾ ਜਵਾਬ ਉਥੇ ਹੀ ਦੇ ਦੇਣਾ। ਕੋਈ ਗੱਲ ਹੋਈ ਤਾਂ ਅਸੀਂ ਮਗਰ ਹਾਂ ਤੁਹਾਡੇ।" ਠਾਕੁਰ ਜੀ ਦਾ ਮਕਸਦ ਸੀ ਕਿ ਪੰਜਾਬ ਪੁਲਿਸ ਦੇ ਖਿਡਾਰੀ ਉਮਰ ਵਿੱਚ ਵੀ ਵੱਡੇ ਹਨ, ਉਨ੍ਹਾਂ ਦਾ ਖੇਡਣ ਦਾ ਤਜ਼ਰਬਾ ਵੀ ਜ਼ਿਆਦਾ ਹੈ, ਕਿਤੇ ਸਾਡੇ ਖਿਡਾਰੀ ਡਰ ਕੇ ਆਪਣੀ ਖੇਡ ਹੀ ਨਾ ਖੇਡਣ। ਉਹ ਖਿਡਾਰੀਆਂ ਨੂੰ ਮੈਦਾਨ ਵਿੱਚ ਹੌਂਸਲਾ ਰੱਖ ਕੇ ਖੇਡਣ ਲਈ ਸਾਕਾਰਾਤਮਕ ਕਰ ਰਹੇ ਸਨ।

ਨਾਮਧਾਰੀ ਟੀਮ ਹੌਂਸਲੇ ਤੇ ਸਪਿਰਟ ਨਾਲ ਖੇਡਣ ਦੇ ਨਾਲ-ਨਾਲ ਫਿੱਟਨੈਸ ਕਰਕੇ ਵੀ ਜਾਣੀ ਜਾਂਦੀ ਸੀ। ਇੱਕ ਵਾਰ ਹੈਦਰਾਬਾਦ ਸੀਨੀਅਰ ਨੈਸ਼ਨਲ ਦੇ ਮੈਚ ਦੌਰਾਨ ਨਾਮਧਾਰੀ ਟੀਮ ਆਰਮੀ ਇਲੈਵਨ ਨਾਲ ਖੇਡ ਰਹੀ ਸੀ। ਆਰਮੀ ਇਲੈਵਨ ਦੀ ਟੀਮ ਹਾਕੀ ਜਗਤ ਵਿੱਚ ਬਹੁਤ ਫਿੱਟ ਟੀਮ ਮੰਨੀ ਜਾਂਦੀ ਹੈ ਕਿਉਂਕਿ ਇਹ ਫੌਜੀਆਂ ਦੇ ਸਖ਼ਤ ਤੇ ਕਰੜੇ ਅਸੂਲਾਂ ਦਾ ਸਿੱਟਾ ਹੈ। ਨਾਮਧਾਰੀ ਇਲੈਵਨ ਤੇ ਆਰਮੀ ਇਲੈਵਨ ਦਾ ਮੈਚ ਜਿੱਥੇ ਬਾਹਰ ਬੈਠੇ ਦਰਸ਼ਕ ਵੇਖ ਰਹੇ ਸਨ, ਉੱਥੇ ਬਾਅਦ ਵਿੱਚ ਖੇਡਣ ਵਾਲੀਆਂ ਹੋਰ ਟੀਮਾਂ ਵੀ ਵੇਖ ਰਹੀਆਂ ਸਨ। ਮੈਚ ਦੀ ਸਮਾਪਤੀ ਤੋਂ ਬਾਅਦ ਪੰਜਾਬ ਦੀ ਟੀਮ ਨੇ ਨਾਮਧਾਰੀ ਟੀਮ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਆਰਮੀ ਇਲੈਵਨ ਦੀ ਟੀਮ ਭਾਵੇਂ ਬਹੁਤ ਫਿੱਟ ਹੈ, ਉਹ ਖਿਡਾਰੀ ਸਾਰਾ ਮੈਚ ਹੀ ਭੱਜਦੇ ਰਹਿੰਦੇ ਹਨ, ਥੱਕਦੇ ਨਹੀਂ ਪਰ ਅੱਜ ਤੁਸਾਂ ਉਨ੍ਹਾਂ ਨੂੰ ਵੀ ਖਲ੍ਹਿਆਰ ਦਿੱਤਾ।

ਇੱਕ ਵਾਰ ਨਾਮਧਾਰੀ ਟੀਮ ਦਿੱਲੀ ਵਿਖੇ 'ਲਾਲ ਬਹਾਦਰ ਸ਼ਾਸ਼ਤਰੀ ਟੂਰਨਾਮੈਂਟ' ਖੇਡ ਰਹੀ ਸੀ। ਹਾਲਾਤ ਏਦਾਂ ਦੇ ਬਣ ਗਏ ਕਿ ਪੂਲ ਦਾ ਆਖਰੀ ਮੈਚ ਨਾਮਧਾਰੀ ਇਲੈਵਨ ਦਾ ਬੀ. ਐਸ. ਐਫ. ਨਾਲ ਸੀ। ਬੀ. ਐਸ. ਐਫ. ਦੀ ਟੀਮ ਭਾਵੇਂ ਜਿੱਤਦੀ, ਭਾਵੇਂ ਹਾਰਦੀ ਉਹ ਟੂਰਨਾਮੈਂਟ ਤੋਂ ਬਾਹਰ ਹੋ ਚੁੱਕੀ ਸੀ। ਨਾਮਧਾਰੀ ਟੀਮ ਨੂੰ 5-0 ਨਾਲ ਜਿੱਤ ਚਾਹੀਦੀ ਸੀ, ਤਾਂ ਉਹ ਸੈਮੀਫਾਈਨਲ ਲਈ ਕੁਆਲੀਫਾਈ ਹੋ ਸਕਦੀ ਸੀ। ਨਾਮਧਾਰੀ ਟੀਮ ਦੇ ਕੋਚਾਂ ਨੇ ਬੀ. ਐਸ. ਐਫ. ਵਾਲੇ ਮੈਨੇਜਰ ਤੇ ਕੋਚ ਨਾਲ ਗੱਲ ਕੀਤੀ ਕਿ ਤੁਹਾਡਾ ਤੇ ਕੁਝ ਬਣਨਾ ਨਹੀਂ, ਤੁਸੀਂ ਸਾਨੂੰ 5-0 ਗੋਲਾਂ ਨਾ ਜਿੱਤ ਲੈਣ ਦਿਓ। ਬੀ. ਐਸ. ਐਫ. ਵਾਲਿਆਂ ਜਵਾਬ ਦੇ ਦਿੱਤਾ ਕਿ ਅਸੀਂ ਵੀ ਮਹਿਕਮੇ ਨੂੰ ਰਿਪੋਰਟ ਕਰਨੀ ਹੁੰਦੀ ਹੈ, ਏਨੇ ਗੋਲ ਅਸੀਂ ਨਹੀਂ ਕਰਵਾ ਸਕਦੇ। ਨਾਮਧਾਰੀ ਟੀਮ ਦੇ ਕੋਚਾਂ ਨੇ ਖਿਡਾਰੀਆਂ ਨੂੰ ਜੀਅ ਜਾਨ ਲਾ ਕੇ ਖੇਡਣ ਲਈ ਪ੍ਰਰਿਆ। ਨਾਮਧਾਰੀ ਖਿਡਾਰੀਆਂ ਨੇ ਐਸੀ ਜੁਝਾਰੂ ਖੇਡ ਦਾ ਪ੍ਰਦਰਸ਼ਨ ਕੀਤਾ ਕਿ 50ਵੇਂ ਮਿੰਟ ਤੱਕ 7-1 ਸਕੋਰ ਹੋ ਗਿਆ। ਹੁਣ ਬੀ. ਐਸ. ਐਫ. ਦੇ ਕੋਚ ਤੇ ਖਿਡਾਰੀ ਕਹਿੰਦੇ ਫਿਰਨ- "ਬਾਬਿਓ ਬੱਸ ਕਰੋ। ਅਸੀਂ ਮਹਿਕਮੇ ਨੂੰ ਰਿਪੋਰਟ ਵੀ ਕਰਨੀ ਏ।" ਨਾਮਧਾਰੀ ਕਹਿਣ- "ਤੁਹਾਨੂੰ ਪਹਿਲਾਂ ਕਿਹਾ ਸੀ, ਸਿਰਫ਼ ਪੰਜ ਗੋਲ ਕਰਵਾ ਲਉ, ਤੁਸੀਂ ਨਹੀਂ ਮੰਨੇ, ਹੁਣ ਤਾਂ ਏਦਾਂ ਹੀ ਚੱਲੂਗਾ।" ਅਖੀਰ ਬੀ. ਐਸ. ਐਫ. ਦੇ ਪ੍ਰਬੰਧਕਾਂ ਨੇ ਟੂਰਨਾਮੈਂਟ ਕਮੇਟੀ ਨੂੰ ਬੇਨਤੀ ਕਰਕੇ ਕੁਝ ਮਿੰਟ ਪਹਿਲਾਂ ਹੀ ਹਾਰ ਮੰਨ, ਮੈਚ ਬੰਦ ਕਰਵਾ ਦਿੱਤਾ।

ਅਨਮੋਲਕ ਸਿੰਘ ਦੱਸਦੇ ਹਨ ਕਿ ਇੱਕ ਵਾਰ 'ਨਹਿਰੂ ਹਾਕੀ ਟੂਰਨਾਮੈਂਟ' (ਦਿੱਲੀ) ਦੌਰਾਨ ਨਾਮਧਾਰੀ ਇਲੈਵਨ ਦਾ ਮੈਚ ਇੰਡੀਅਨ ਏਅਰ ਲਾਈਨਜ਼ ਨਾਲ ਸੀ। ਇੰਡੀਅਨ ਏਅਰ ਲਾਈਨਜ਼ ਦੀ ਟੀਮ ਵਿੱਚ 6-7 ਅੰਤਰ ਰਾਸ਼ਟਰੀ ਖਿਡਾਰੀ ਖੇਡ ਰਹੇ ਸਨ। ਜਿਨ੍ਹਾਂ ਵਿੱਚੋਂ ਅਰਜਨ ਹਲੱਪਾ, ਲੇਨ ਅੱਪਾ, ਧਨਰਾਜ

ਪਿੱਲੇ, ਬਿਮਨ ਲਾਕੜਾ, ਸੁਮੀਰ ਦਾਦ, ਦਲੀਪ ਤਿਰਕੀ, ਐਡਰਿਫ ਡਿਸੂਜ਼ਾ ਆਦਿ। ਇਹ ਮੈਚ ਤਾਂ ਭਾਵੇਂ 4-4 'ਤੇ ਬਰਾਬਰ ਰਹਿ ਗਿਆ। ਉੱਥੇ ਮੌਜੂਦ ਸਾਰੇ ਦਰਸ਼ਕਾਂ ਨੇ ਤਾਂ ਨਾਮਧਾਰੀ ਇਲੈਵਨ ਦੀ ਖੇਡ ਨੂੰ ਸਲਾਹਿਆ ਅਤੇ ਇੰਡੀਅਨ ਏਅਰ ਲਾਈਨਜ਼ ਦੇ ਖਿਡਾਰੀਆਂ ਤੇ ਕੋਚਾਂ ਨੇ ਵੀ ਨਾਮਧਾਰੀ ਖਿਡਾਰੀਆਂ ਦੀ ਖੇਡ ਪ੍ਰਦਰਸ਼ਨ ਦੀ ਖੂਬ ਪ੍ਰਸੰਸਾ ਕੀਤੀ।

ਸੰਨ 2006 ਈ. ਵਿੱਚ ਸੀਨੀਅਰ ਨੈਸ਼ਨਲ ਵਿੱਚ ਨਾਮਧਾਰੀ ਟੀਮ ਬਹੁਤ ਵਧੀਆ ਖੇਡ ਰਹੀ ਸੀ। ਲੀਗ ਤੱਕ ਨਾਮਧਾਰੀ ਟੀਮ ਜੇਤੂ ਬਣੀ ਰਹੀ। ਸੁਪਰ ਲੀਗ ਦੇ ਮੈਚ ਜਲੰਧਰ ਹੋਣੇ ਸਨ। ਨਾਮਧਾਰੀ ਇਲੈਵਨ, ਪੰਜਾਬ ਤੇ ਇੰਡੀਅਨ ਏਅਰ ਲਾਈਨਜ਼ ਦੀਆਂ ਟੀਮਾਂ ਇੱਕ ਪੂਲ ਵਿੱਚ ਆ ਗਈਆਂ। ਇਹਨਾਂ ਵਿੱਚੋਂ ਇੱਕ ਟੀਮ ਸੈਮੀਫਾਈਨਲ ਵਿੱਚ ਜਾਣੀ ਸੀ। ਨਾਮਧਾਰੀ ਟੀਮ ਦੇ ਖਿਡਾਰੀ ਹਾਕੀ ਸੰਬੰਧੀ ਸਮਾਨ ਲੈਣ ਲਈ ਖੇਡ ਮਾਰਕੀਟ ਗਏ। ਉੱਥੇ ਹਾਕੀਆਂ ਬਣਾਉਣ ਵਾਲੀ ਇੱਕ ਕੰਪਨੀ ਦੇ ਮਾਲਕ ਨੇ ਨਾਮਧਾਰੀ ਖਿਡਾਰੀਆਂ ਨੂੰ ਟਿੱਚਰ ਕਰਦਿਆਂ ਕਿਹਾ- "ਤੁਹਾਨੂੰ ਤੇ ਬਹੁਤ ਸੌਖਾ ਪੂਲ ਮਿਲ ਗਿਐ।" ਦਰਅਸਲ ਇਹ ਸਭ ਤੋਂ ਔਖਾ ਪੂਲ ਸੀ। ਪੰਜਾਬ ਦੀ ਟੀਮ ਵਿੱਚ ਪੰਜਾਬ ਦੇ ਸਾਰੇ ਉਲੰਪੀਅਨ ਤੇ ਅੰਤਰਰਾਸ਼ਟਰੀ ਖਿਡਾਰੀ ਖੇਡ ਰਹੇ ਸਨ ਅਤੇ ਇੰਡੀਅਨ ਏਅਰ ਲਾਈਨਜ਼ ਦੀ ਟੀਮ ਵਿੱਚ ਦੱਖਣ ਦੇ ਸੋਲ੍ਹਾਂ ਦੇ ਸੋਲ੍ਹਾਂ ਖਿਡਾਰੀ ਅੰਤਰ ਰਾਸ਼ਟਰੀ ਸਨ। ਉਸਦੇ ਕਹਿਣ 'ਤੇ ਨਾਮਧਾਰੀ ਖਿਡਾਰੀਆਂ ਨੇ ਜਵਾਬ ਦਿੱਤਾ ਕਿ "ਪੰਜਾਬ ਤੇ ਏਅਰ ਲਾਈਨਜ਼ ਦੇ ਖਿਡਾਰੀਆਂ ਨੇ ਕਿਹੜਾ ਉੱਡ ਕੇ ਲੰਘ ਜਾਣਾ ਹੈ? ਪੰਜਾਬੀ ਦੀ ਕਹਾਵਤ ਹੈ- ਭੱਜਦਿਆਂ ਨੂੰ ਵਾਹਨ ਇੱਕੋ ਜਿਹੇ।" ਨਾਮਧਾਰੀ ਖਿਡਾਰੀ ਹੌਂਸਲੇ ਵਿੱਚ ਸਨ। ਉਹੀ ਗੱਲ ਹੋਈ ਨਾਮਧਾਰੀ ਟੀਮ ਨੇ ਪੰਜਾਬ ਤੇ ਇੰਡੀਅਨ ਏਅਰ ਲਾਈਨਜ਼ ਦੀਆਂ ਟੀਮਾਂ ਨੂੰ ਹਰਾ ਕੇ ਸੈਮੀਫਾਈਨਲ ਵਿੱਚ ਥਾਂ ਪੱਕੀ ਕੀਤੀ। ਇਸ ਟੂਰਨਾਮੈਂਟ ਦੌਰਾਨ ਸ. ਪਰਗਟ ਸਿੰਘ (ਪ੍ਰਸਿੱਧ ਹਾਕੀ ਖਿਡਾਰੀ) ਨੇ ਨਾਮਧਾਰੀਆਂ ਦੀ ਖੇਡ ਵੇਖ ਕੇ ਉਹਨਾਂ ਦੀ ਖੂਬ ਪ੍ਰਸੰਸਾ ਕੀਤੀ ਸੀ।

ਸੰਨ 2009 ਈ. ਵਿੱਚ ਸਰੀ ਕੱਪ ਕਨੇਡਾ ਵਿੱਚ ਸ਼ਮੂਲੀਅਤ ਕਰਨ ਲਈ ਨਾਮਧਾਰੀ ਟੀਮ ਟੂਰਨਾਮੈਂਟ ਤੋਂ ਕੁਝ ਕੁ ਦਿਨ ਪਹਿਲਾਂ ਹੀ ਸਰੀ (ਵੈਨਕੂਵਰ) ਪਹੁੰਚ ਗਈ। ਪ੍ਰਬੰਧਕਾਂ ਨੇ ਟੂਰਨਾਮੈਂਟ ਤੋਂ ਪਹਿਲਾਂ ਨਾਮਧਾਰੀ ਟੀਮ ਦਾ ਮੈਚ ਕਨੇਡਾ ਦੀ ਨੈਸ਼ਨਲ ਟੀਮ ਨਾਲ ਰੱਖ ਲਿਆ। ਕਨੇਡਾ ਟੀਮ ਦਾ ਪਿਛਲੇ ਇੱਕ ਮਹੀਨੇ ਤੋਂ ਕੈਂਪ ਲੱਗਾ ਹੋਇਆ ਸੀ। ਨਾਮਧਾਰੀ ਟੀਮ ਆਫ ਸੀਜ਼ਨ ਤੋਂ ਬਾਅਦ ਸਿੱਧੀ ਕਨੇਡਾ ਪਹੁੰਚੀ ਸੀ। ਕਨੇਡਾ ਦੀ ਟੀਮ ਨੇ ਨਾਮਧਾਰੀ ਟੀਮ ਨੂੰ 5-3 ਨਾਲ ਹਰਾਇਆ। ਇਸ ਤੋਂ ਬਾਅਦ ਨਾਮਧਾਰੀ ਟੀਮ ਦੇ ਖਿਡਾਰੀਆਂ ਨੇ ਫੈਸਲਾ ਕੀਤਾ ਕਿ ਟੂਰਨਾਮੈਂਟ ਵਿੱਚ ਅਜੇ ਕੁਝ ਦਿਨ ਬਾਕੀ ਹਨ, ਆਪਾਂ ਪ੍ਰੈਕਟਿਸ ਕਰਕੇ ਸਾਰੇ ਫਿੱਟ ਹੋਈਏ ਤਾਂ ਕਿ ਟੂਰਨਾਮੈਂਟ ਵਿੱਚ ਨਾਮਧਾਰੀ ਟੀਮ ਵਧੀਆ ਖੇਡੇ, ਬੇਇੱਜ਼ਤੀ ਨਾ ਹੋਵੇ। ਹਰ ਰੋਜ਼ ਸਵੇਰੇ-ਸ਼ਾਮ ਖਿਡਾਰੀ ਪ੍ਰੈਕਟਿਸ ਨੂੰ ਜੁੱਟ ਪਏ।

ਇੱਕ ਦਿਨ ਪ੍ਰੈਕਟਿਸ ਕਰਦਿਆਂ ਹਾਕੀ ਗੇਂਦ ਜਾਲੀ ਤੋਂ ਬਾਹਰ ਚਲੀ ਗਈ। ਨਾਮਧਾਰੀ ਖਿਡਾਰੀ ਕਰਮਜੀਤ ਸਿੰਘ (ਕਰਮਾ) ਬਾਲ ਚੁੱਕਣ ਲਈ ਜਾਲੀ ਟੱਪ ਕੇ ਜਾਣ ਲੱਗਾ ਤਾਂ ਜਾਲੀ ਤੋਂ ਬਾਹਰ ਦੋ ਬਜ਼ੁਰਗ ਸੈਰ ਕਰ ਰਹੇ ਸਨ। ਉਨ੍ਹਾਂ ਕਿਹਾ- "ਕਾਕਾ! ਰਹਿਣ ਦੇ, ਅਸੀਂ ਫੜਾ ਦੇਂਦੇ ਹਾਂ। ਤੁਸੀਂ ਏਥੇ ਜਿੱਤ ਨਹੀਂ ਸਕਦੇ (ਉਨ੍ਹਾਂ ਨੇ ਕਨੇਡਾ ਵਾਲਾ ਮੈਚ ਵੇਖਿਆ ਸੀ)। ਲੱਗਦਾ ਤੁਸੀਂ ਪਹਿਲੀ ਵਾਰ ਬਨਾਉਟੀ ਘਾਹ ਦੇ ਮੈਦਾਨ 'ਤੇ ਖੇਡ ਰਹੇ ਓ, ਇਹ ਗੋਰੇ ਤੁਹਾਡੇ ਤੋਂ ਫੜ੍ਹੇ ਨਹੀਂ ਜਾਣੇ ਕਿਉਂਕਿ ਭਾਰਤ ਵਿੱਚ ਬਨਾਉਟੀ ਘਾਹ ਵਾਲੇ ਮੈਦਾਨ ਬਹੁਤ ਘੱਟ ਹਨ।"

ਕਰਮਜੀਤ ਸਿੰਘ ਕਹਿੰਦਾ- ਮੈਨੂੰ ਬਾਬੇ ਦੀ ਗੱਲ ਵਿੱਚੋਂ ਚਿੰਤਾ ਵੀ ਜਾਪੀ ਤੇ ਟਿੱਚਰ ਵੀ। ਨਾਮਧਾਰੀ ਖਿਡਾਰੀਆਂ ਨੇ ਆਪਸ ਵਿੱਚ ਸਲਾਹ ਕਰਕੇ, ਕੰਮ ਕਰਦੇ ਮੁੰਡਿਆਂ ਨੂੰ ਵੀ ਛੁੱਟੀਆਂ ਕਰਾ, ਲਗਨ ਨਾਲ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਥੋੜ੍ਹੇ ਹੀ ਦਿਨਾਂ ਬਾਅਦ ਹੋਣ ਵਾਲੇ ਸਰੀ ਕੱਪ ਵਿੱਚ ਨਾਮਧਾਰੀ ਟੀਮ ਨੇ ਐਸਾ ਪ੍ਰਦਰਸ਼ਨ ਕੀਤਾ ਕਿ ਦੇਸ਼ਾਂ-ਵਿਦੇਸ਼ਾਂ ਤੋਂ ਆਈਆਂ ਟੀਮਾਂ ਨੂੰ ਨਾਮਧਾਰੀਆਂ ਤੋਂ ਹਾਰ ਸਵੀਕਾਰ ਕਰਨੀ ਪਈ। ਅਖੀਰ ਨਾਮਧਾਰੀ ਟੀਮ ਟੂਰਨਾਮੈਂਟ ਦੀ ਜੇਤੂ ਰਹੀ। ਉਹ ਬਾਬੇ ਜਿਹੜੇ ਕੁਝ ਦਿਨ ਪਹਿਲਾਂ ਸੈਰ ਕਰਦਿਆਂ ਟਿੱਚਰ ਕਰ ਗਏ ਸੀ। ਨਾਮਧਾਰੀ ਟੀਮ ਦੀ ਖੇਡ ਵੇਖ ਕੇ ਬਹੁਤ ਖੁਸ਼ ਹੋਏ, ਹੋਰ ਸਾਥੀਆਂ ਨੂੰ ਨਾਲ ਲੈ ਕੇ ਸਾਰੀ ਟੀਮ ਨੂੰ ਵਧਾਈ ਦੇਣ ਆਏ ਤੇ ਕਹਿਣ-ਸ਼ਾਬਾਸ਼ ਮੁੰਡਿਓ! ਟੂਰਨਾਮੈਂਟ 'ਚ ਤੁਸਾਂ ਗੋਰੇ ਨਹੀਂ ਚੱਲਣ ਦਿੱਤੇ। ਨਾਮਧਾਰੀ ਖਿਡਾਰੀਆਂ ਨੇ ਉਹਨਾਂ ਬਾਬਿਆਂ ਨੂੰ ਦੱਸਿਆ ਕਿ ਇਹੋ ਜਿਹਾ ਬਣਾਉਟੀ ਘਾਹ ਵਾਲਾ ਮੈਦਾਨ ਸਾਡੇ ਪਿੰਡ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਲੱਗਾ ਹੋਇਆ ਹੈ। ਅਸੀਂ ਵੀ ਉੱਥੇ ਹੀ ਪ੍ਰੈਕਟਿਸ ਕਰਦੇ ਹਾਂ। ਇਹ ਸੁਣ ਬਾਬੇ ਬਹੁਤ ਹੈਰਾਨ ਹੋਏ ਤੇ ਨਾਮਧਾਰੀਆਂ ਦੀ ਹਾਕੀ ਖੇਡ ਦੀ ਪ੍ਰਸੰਸਾ ਕਰਦੇ ਘਰਾਂ ਨੂੰ ਪਰਤੇ।

ਸੰਨ 2005 ਈ. ਦੀ ਗੱਲ ਹੈ, ਨਾਮਧਾਰੀ ਟੀਮ ਅਮਰੀਕਾ ਜਾਣ ਲਈ ਦਿੱਲੀ ਅਮਰੀਕਾ ਅੰਬੈਸੀ ਦੇ ਬਾਹਰ ਆਪਣੀ ਇੰਟਰਵਿਊ ਦੀ ਉਡੀਕ ਕਰ ਰਹੀ ਸੀ। ਉੱਥੇ ਸ. ਦਲਮੇਘ ਸਿੰਘ (ਸੈਕਟਰੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਆਏ। ਉਹਨਾਂ ਨੇ ਪੁੱਛਿਆ ਕਿ "ਇਹ ਕੋਈ ਨਾਮਧਾਰੀਆਂ ਦਾ ਰਾਗੀ ਜਥਾ, ਅਮਰੀਕਾ ਜਾ ਰਿਹਾ ਹੈ?" ਜਦੋਂ ਖਿਡਾਰੀਆਂ ਨੇ ਦੱਸਿਆ ਕਿ ਇਹ ਸਾਰੇ ਮੁੰਡੇ ਨਾਮਧਾਰੀ ਹਾਕੀ ਟੀਮ ਦੇ ਖਿਡਾਰੀ ਹਨ, ਤਾਂ ਉਹ ਉਹਨਾਂ ਨੂੰ ਗੁਰਸਿੱਖੀ ਬਾਣੇ 'ਚ ਵੇਖ ਬਹੁਤ ਹੈਰਾਨ ਵੀ ਹੋਏ ਤੇ

ਖੁਸ਼ ਵੀ। ਬਾਅਦ ਵਿੱਚ ਉਹਨਾਂ ਯਤਨ ਕਰਕੇ ਨਾਮਧਾਰੀ ਸਿੱਖੀ ਪਹਿਰਾਵੇ ਵਾਲੀ ਟੀਮ ਦੀ ਤਰਜ਼ 'ਤੇ ਸ਼੍ਰੋਮਣੀ ਕਮੇਟੀ ਦੀ ਹਾਕੀ ਟੀਮ ਬਣਾਉਣ ਦਾ ਯਤਨ ਕੀਤਾ।

ਅਨਮੋਲਕ ਸਿੰਘ ਦੱਸਦੇ ਹਨ ਕਿ ਇੱਕ ਵਾਰ ਸੈਕਰਾਮੈਂਟੋ (ਅਮਰੀਕਾ) ਹਾਕੀ ਟੂਰਨਾਮੈਂਟ ਵਿੱਚ ਮੈਂ ਤੇ ਗੁਰਚਰਨ ਸਿੰਘ (ਚੰਨਾ) ਖੇਡਣ ਗਏ। ਟੂਰਨਾਮੈਂਟ ਵਾਲਿਆਂ ਨੇ ਸ. ਸੁਰਿੰਦਰ ਸਿੰਘ ਸੋਢੀ (ਹਾਕੀ ਓਲੰਪੀਅਨ 1980, ਗੋਲਡ ਮੈਡਲਿਸਟ) ਨੂੰ ਮੁੱਖ ਮਹਿਮਾਨ ਵਜੋਂ ਸੱਦਿਆ ਹੋਇਆ ਸੀ। ਜਦੋਂ ਸ. ਸੁਰਿੰਦਰ ਸਿੰਘ ਹੁਰਾਂ ਨੂੰ ਕੁਝ ਬੋਲਣ ਲਈ ਆਖਿਆ ਤਾਂ ਉਹਨਾਂ ਟੂਰਨਾਮੈਂਟ ਕਰਵਾਉਣ ਵਾਲਿਆਂ ਦੇ ਯਤਨ ਦੀ ਸ਼ਲਾਘਾ ਕਰਨ ਤੋਂ ਪਹਿਲਾਂ ਨਾਮਧਾਰੀ ਸੰਸਥਾ ਦੇ ਹਾਕੀ ਯੋਗਦਾਨ ਬਾਰੇ ਕਾਫ਼ੀ ਪ੍ਰਸੰਸਾ ਕੀਤੀ। ਸ. ਸੋਢੀ ਨੇ ਵੱਡੀ ਭੀੜ ਨੂੰ ਸੰਬੋਧਤ ਹੁੰਦਿਆਂ ਕਿਹਾ ਕਿ "ਆਹ, ਦੋ ਖਿਡਾਰੀ (ਅਨਮੋਲਕ ਸਿੰਘ ਤੇ ਗੁਰਚਰਨ ਸਿੰਘ) ਜਿਸ ਸੰਸਥਾ ਦੇ ਹਨ, ਉਨ੍ਹਾਂ ਦੀ ਹਾਕੀ ਦੇ ਖੇਤਰ ਵਿੱਚ ਵੱਡੀ ਘਾਲਣਾ ਹੈ। ਇਸ ਸੰਸਥਾ (ਨਾਮਧਾਰੀ) ਨੇ ਸਿੱਖੀ ਦੇ ਪ੍ਰਚਾਰ ਦੇ ਨਾਲ-ਨਾਲ ਹਾਕੀ ਜਗਤ ਨੂੰ ਬਹੁਤ ਨਾਮਵਰ ਖਿਡਾਰੀ ਦਿੱਤੇ ਹਨ। ਸਾਡਾ ਦੇਸ਼ ਭਾਰਤ, ਇਸ ਸੰਸਥਾ ਦਾ ਰਿਣੀ ਹੈ।" ਅਨਮੋਲਕ ਸਿੰਘ ਦੱਸਦੇ ਹਨ ਕਿ ਸੋਢੀ ਸਾਹਿਬ ਦੇ ਮੂੰਹੋਂ ਨਾਮਧਾਰੀ ਸੰਸਥਾ ਤੇ ਸਤਿਗੁਰੂ ਜੀ ਦੀ ਸਿਫ਼ਤ ਸੁਣ ਕੇ ਸਾਨੂੰ ਆਪਣੀ ਵਿਰਾਸਤ 'ਤੇ ਮਾਣ ਮਹਿਸੂਸ ਹੋਇਆ।

ਪਿਛਲੇ ਦਿਨੀਂ ਭਾਰਤੀ ਹਾਕੀ ਟੀਮ ਦੇ ਸਾਬਕਾ ਕੋਚ ਹਰਿੰਦਰ ਸਿੰਘ ਸਤਿਗੁਰੂ ਉਦੇ ਸਿੰਘ ਜੀ ਦੇ ਦਰਸ਼ਨ ਕਰਨ ਸ੍ਰੀ ਭੈਣੀ ਸਾਹਿਬ ਆਏ। ਉਹਨਾਂ ਗੱਲਬਾਤ ਕਰਦਿਆਂ ਆਖਿਆ ਕਿ ਅੱਜ ਦੇ ਸਮੇਂ ਵਿੱਚ ਯੂਰਪੀਅਨ ਹਾਕੀ ਦੇ ਵਧਦੇ ਪ੍ਰਭਾਵ ਕਰਕੇ ਏਸ਼ੀਅਨ ਸਟਾਈਲ ਕਲਾਤਮਕ ਹਾਕੀ ਖ਼ਤਮ ਹੋ ਰਹੀ ਹੈ। ਅਜੋਕੇ ਸਮੇਂ ਜੇ ਇੰਡੀਆ ਵਿੱਚ ਕੋਈ ਕਲਾਤਮਕ ਹਾਕੀ (ਡਾਜ਼ ਮਾਰ ਕੇ) ਖੇਡਦਾ ਹੈ, ਤਾਂ ਉਹ ਦੋ ਹੀ ਟੀਮਾਂ ਹਨ। ਪਹਿਲੀ ਨਾਮਧਾਰੀ ਇਲੈਵਨ ਤੇ ਦੂਜੀ ਇੰਡੀਅਨ ਏਅਰ ਲਾਈਨਜ਼, ਜੋ ਆਪ ਵੀ ਖੇਡਦੇ ਹਨ ਤੇ ਵਿਰੋਧੀ ਟੀਮ ਨੂੰ ਵੀ ਖੇਡਣ ਦੇਂਦੇ ਹਨ।

ਨਾਮਧਾਰੀ ਹਾਕੀ ਟੀਮ ਦੇ ਇਸ ਬੈਚ ਦੇ ਦੋ ਖਿਡਾਰੀ ਓਲੰਪਿਕ ਖੇਡਾਂ ਵਿੱਚ ਹਿੱਸਾ ਲੈ ਚੁੱਕੇ ਹਨ। ਜਿਨ੍ਹਾਂ ਵਿੱਚ ਹਰਪਾਲ ਸਿੰਘ 2004 ਏਥਨਜ਼ 'ਚ ਹੋਣ ਵਾਲੀਆਂ ਓਲੰਪਿਕ ਖੇਡਾਂ 'ਚ ਪ੍ਰਤਿਯੋਗੀ ਬਣਿਆ। ਸਰਦਾਰ ਸਿੰਘ 2012 ਲੰਡਨ ਓਲੰਪਿਕ ਤੇ 2016 ਰੀਓ (ਬ੍ਰਾਜ਼ੀਲ) ਓਲੰਪਿਕ ਖੇਡਾਂ ਵਿੱਚ ਹਿੱਸਾ ਲੈ ਚੁੱਕਾ ਹੈ। ਸਰਦਾਰ ਸਿੰਘ ਨੂੰ ਭਾਰਤੀ ਹਾਕੀ ਟੀਮ ਦੀ ਕਪਤਾਨੀ ਕਰਨ ਦਾ ਮਾਣ ਵੀ ਹਾਂਸਿਲ ਹੈ। ਉਸਨੂੰ ਭਾਰਤ ਦੇ ਪ੍ਰਸਿੱਧ ਇਨਾਮ ਅਰਜੁਨ ਐਵਾਰਡ, ਰਾਜੀਵ ਗਾਂਧੀ ਖੇਲ ਰਤਨ, ਪਦਮ ਸ਼੍ਰੀ ਆਦਿ ਪ੍ਰਾਪਤ ਹੋ ਚੁੱਕੇ ਹਨ। ਬਹੁਤ ਸਾਰੇ ਖਿਡਾਰੀ ਅੰਤਰ-ਰਾਸ਼ਟਰੀ ਮੁਕਾਬਲਿਆਂ ਵਿੱਚ ਭਾਰਤੀ ਟੀਮ ਵੱਲੋਂ ਨੁਮਾਇੰਦਗੀ ਕਰ ਚੁੱਕੇ ਹਨ। ਜਿਨ੍ਹਾਂ ਵਿੱਚੋਂ ਦੀਦਾਰ ਸਿੰਘ, ਅਜਮੇਰ ਸਿੰਘ, ਗੁਰਵਿੰਦਰ ਸਿੰਘ, ਗੁਰਚਰਨ ਸਿੰਘ, ਕਰਮਜੀਤ ਸਿੰਘ, ਅਵਤਾਰ ਸਿੰਘ, ਸਵਿੰਦਰ ਸਿੰਘ, ਜੋਗਾ ਸਿੰਘ ਆਦਿ ਹਨ। ਬਹੁਤ ਸਾਰੇ ਨਾਮਧਾਰੀ ਹਾਕੀ ਟੀਮ ਦੇ ਖਿਡਾਰੀ ਭਾਰਤੀ ਹਾਕੀ ਟੀਮ ਦੇ ਕੈਂਪਾਂ ਵਿੱਚ ਵੀ ਪ੍ਰੈਕਟਿਸ ਕਰ ਚੁੱਕੇ ਹਨ। ਇਸ ਬੈਚ ਦੇ ਖਿਡਾਰੀ ਗੁਰਵਿੰਦਰ ਸਿੰਘ ਤੇ ਕਰਮਜੀਤ ਸਿੰਘ ਨੇ ਭਾਰਤੀ-ਪੰਜਾਬ ਦੀ ਟੀਮ ਦੀ ਨੁਮਾਇੰਦਗੀ ਕਰਦਿਆਂ ਹੋਇਆਂ ਲਾਹੌਰ ਵਿਖੇ ਪਾਕਿਸਤਾਨੀ-ਪੰਜਾਬ ਨਾਲ ਪੰਜਾਬ ਗੇਮਜ਼ ਵਿੱਚ ਖੇਡ ਕੇ ਜਿੱਤ ਪ੍ਰਾਪਤ ਕੀਤੀ।

ਇਹ ਨਾਮਧਾਰੀ ਹਾਕੀ ਟੀਮ ਵਿਦੇਸ਼ਾਂ ਵਿੱਚ ਵੀ ਆਪਣੀ ਜਿੱਤ ਦੇ ਝੰਡੇ ਗੱਡ ਚੁੱਕੀ ਹੈ। ਦੋ ਵਾਰ ਅਮਰੀਕਾ ਵਿਖੇ ਕੈਲੀਫੋਰਨੀਆ ਕੱਪ 2007 ਤੇ 2008 ਵਿੱਚ ਖੇਡ ਕੇ ਦੁਨੀਆਂ ਦੇ ਚੰਗੇ-ਚੰਗੇ ਕਲੱਬਾਂ ਨੂੰ ਮਾਤ ਦੇ ਕੇ ਆਪਣੀ ਖੇਡ ਦਾ ਸਿੱਕਾ ਜਮਾ ਚੁੱਕੀ ਹੈ। ਕਨੇਡਾ ਸਰੀ ਕੱਪ ਦੀ ਸ਼ੁਰੂਆਤ ਨਾਲ ਵੀ ਨਾਮਧਾਰੀ ਖਿਡਾਰੀਆਂ ਦਾ ਯੋਗਦਾਨ ਜੁੜਿਆ ਹੋਇਆ ਹੈ। ਉੱਥੇ ਜਸਬੀਰ ਸਰਾਂ, ਸੁਰਿੰਦਰ ਹੇਅਰ, ਹਰਵਿੰਦਰ ਹੇਅਰ ਟੂਰਨਾਮੈਂਟ ਕਰਵਾਉਂਦੇ ਹਨ। ਪਹਿਲੇ ਸਾਲ ਸੰਨ 2008 ਈ. ਵਿੱਚ ਨਾਮਧਾਰੀ ਟੀਮ ਦੇ ਚਾਰ ਖਿਡਾਰੀ ਸਰਦਾਰ ਸਿੰਘ, ਅਨਮੋਲਕ ਸਿੰਘ, ਸ਼ੇਰ ਸਿੰਘ ਤੇ ਜਸਵੇਦ ਸਿੰਘ ਜਦੋਂ ਖੇਡੇ। ਉੱਥੋਂ ਦੇ ਦਰਸ਼ਕਾਂ ਤੇ ਉਸ ਕਲੱਬ ਨੇ ਇਹਨਾਂ ਦੀ ਖੇਡ ਬਹੁਤ ਪਸੰਦ ਕੀਤੀ, ਜਿਨ੍ਹਾਂ ਵਲੋਂ ਇਹ ਖੇਡ ਰਹੇ ਸਨ। ਸਾਰਿਆਂ ਨੇ ਜ਼ੋਰ ਪਾਇਆ ਕਿ ਅਗਲੇ ਸਾਲ ਤੁਸੀਂ ਪੂਰੀ ਦੀ ਪੂਰੀ ਨਾਮਧਾਰੀ ਟੀਮ ਲੈ ਕੇ ਆਓ। ਅਗਲੇ ਸਾਲ ਪੂਰੀ ਨਾਮਧਾਰੀ ਟੀਮ ਨੇ ਕਨੇਡਾ ਵਿੱਚ ਆਪਣੀ ਖੇਡ ਦੇ ਜੌਹਰ ਦੇ ਬਲ ਨਾਲ ਕਨੇਡਾ ਵਾਸੀਆਂ ਦੇ ਦਿਲ ਜਿੱਤੇ।

ਇਸ ਬੈਚ ਦੇ ਜਦੋਂ ਕੁਝ ਖਿਡਾਰੀਆਂ ਨੂੰ ਨੌਕਰੀਆਂ ਮਿਲ ਗਈਆਂ ਤਾਂ ਉਹ ਵੱਖ ਵੱਖ ਮਹਿਕਮਿਆਂ ਵਲੋਂ ਖੇਡਣ ਲੱਗੇ। ਹੁਣ ਨਾਮਧਾਰੀ ਟੀਮ ਨੂੰ ਕੁਝ ਖਿਡਾਰੀ ਗ਼ੈਰ ਨਾਮਧਾਰੀ ਵੀ ਖਿਡਾਉਣੇ ਪੈਂਦੇ। ਨਾਮਧਾਰੀ ਟੀਮ ਨਾਲ ਲੰਮਾ ਸਮਾਂ ਹਾਕੀ ਖੇਡਦੇ ਰਹੇ ਖਿਡਾਰੀ ਜੋਗਾ ਸਿੰਘ ਦੱਸਦੇ ਹਨ ਕਿ "ਮੈਂ ਭਾਵੇਂ ਪਹਿਲਾਂ ਸੁਰਜੀਤ ਅਕੈਡਮੀ ਵਿੱਚ ਖੇਡਦਾ ਸਾਂ, ਪਰ ਕਿਤੇ ਵੀ ਮੇਰਾ ਕੁਝ ਨਾ ਬਣਿਆ। ਮੈਂ ਹਾਕੀ ਛੱਡ ਕੇ ਘਰ ਬੈਠ ਗਿਆ। ਘਰੇ ਗਰੀਬੀ ਬਹੁਤ ਸੀ। ਦਿਹਾੜੀਆਂ ਕਰਨ ਵਾਲੀ ਹੀ ਹਾਲਤ ਸੀ। ਫਿਰ 2005 ਈ. ਵਿੱਚ ਮੇਰਾ ਨਾਮਧਾਰੀ ਟੀਮ ਨਾਲ ਸੰਪਰਕ ਬਣਿਆ। ਮੈਂ ਨਾਮਧਾਰੀ ਟੀਮ ਵਲੋਂ ਫਾਰਵਰਡ ਖੇਡਦਾ ਸੀ। ਮੇਰਾ ਨਾਂ ਜੇ ਹਾਕੀ ਦੇ ਖੇਤਰ ਵਿੱਚ ਰੌਸ਼ਨ ਹੋਇਆ ਤਾਂ ਨਾਮਧਾਰੀਆਂ ਦੀ ਬਦੌਲਤ। ਫਿਰ ਮੈਂ ਭਾਰਤੀ ਟੀਮ ਵੱਲੋਂ ਵੀ ਖੇਡਿਆ। ਅੱਜ ਮੈਂ

ਇੰਡੀਅਨ ਏਅਰ ਲਾਈਨਜ਼ 'ਚ ਨੌਕਰੀ ਕਰ ਰਿਹਾ ਹਾਂ। ਬਹੁਤ ਸੁਖੀ ਹਾਂ। ਇਹ ਸਭ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਹੈ।"

ਇਸੇ ਤਰ੍ਹਾਂ ਇੱਕ ਹੋਰ ਖਿਡਾਰੀ ਬਚਿੱਤਰ ਮੰਡ ਨੂੰ ਨਾਮਧਾਰੀ ਟੀਮ ਵਲੋਂ ਖੇਡਦੇ ਨੂੰ ਸਾਲ ਕੁ ਹੀ ਹੋਇਆ ਸੀ। ਉਦੋਂ ਨਾਮਧਾਰੀ ਟੀਮ ਦੇ ਅਮਰੀਕਾ ਦੇ ਵੀਜ਼ੇ ਲੱਗ ਗਏ। ਉਹਨੇ ਅਮਰੀਕਾ ਪਹੁੰਚ ਟੂਰਨਾਮੈਂਟ ਖੇਡਣ ਤੋਂ ਬਾਅਦ ਠਾਕੁਰ ਉਦੇ ਸਿੰਘ ਜੀ (ਵਰਤਮਾਨ ਸਤਿਗੁਰੂ ਜੀ) ਨੂੰ ਬੇਨਤੀ ਕੀਤੀ ਕਿ ਮੇਰੇ ਘਰ ਦੀ ਹਾਲਤ ਬਹੁਤ ਮਾੜੀ ਹੈ। ਤਿੰਨ ਭੈਣਾਂ ਦਾ ਮੈਂ ਇਕੱਲਾ ਭਰਾ ਹਾਂ। ਇੰਡੀਆ ਮੈਨੂੰ ਪਤਾ ਨਹੀਂ ਕਿਸੇ ਮਹਿਕਮੇ ਵਿੱਚ ਨੌਕਰੀ ਮਿਲੇ ਜਾਂ ਨਾ ਮਿਲੇ। ਜੇ ਤੁਹਾਡੀ ਮਨਜ਼ੂਰੀ ਹੋਵੇ ਤਾਂ ਮੈਂ ਇੱਥੇ ਅਮਰੀਕਾ ਹੀ ਰਹਿ ਜਾਵਾਂ। ਇੱਥੇ ਮੈਂ ਮਾਇਕ ਤੌਰ 'ਤੇ ਕੁਝ ਸੰਤੁਸ਼ਟ ਹੋ ਸਕਦਾ ਹਾਂ। ਠਾਕੁਰ ਜੀ ਬਿਨਾਂ ਦੇਰੀ ਤੋਂ ਉਹਨੂੰ ਉੱਥੇ ਰਹਿਣ ਦੀ ਮਨਜ਼ੂਰੀ ਦੇ ਦਿੱਤੀ। ਇਸ ਤਰ੍ਹਾਂ ਦੇ ਹੋਰ ਵੀ ਕਈ ਖਿਡਾਰੀ ਹਨ, ਜੋ ਗ਼ੈਰ-ਨਾਮਧਾਰੀ ਸਨ, ਪਰ ਕੁਝ ਸਮਾਂ ਨਾਮਧਾਰੀ ਟੀਮ ਵਲੋਂ ਖੇਡ ਅੱਜ ਵਿਦੇਸ਼ਾਂ 'ਚ ਸੁਖ ਲੈ ਰਹੇ ਹਨ ਜਾਂ ਵੱਖ-ਵੱਖ ਮਹਿਕਮਿਆਂ ਵਿੱਚ ਨੌਕਰੀਆਂ ਕਰ ਰਹੇ ਹਨ।

ਇਸ ਬੈਚ ਵਾਲੀ ਨਾਮਧਾਰੀ ਹਾਕੀ ਟੀਮ ਦਾ ਬਹੁਤ ਵਧੀਆ ਰਿਜ਼ਲਟ ਰਿਹਾ। ਪਿਛਲੇ ਦਿਨੀਂ ਇੱਕ ਦਿਨ ਫੁੱਟਬਾਲ ਗਰਾਊਂਡ 'ਚ ਸਤਿਗੁਰੂ ਉਦੇ ਸਿੰਘ ਜੀ ਵਰਤਮਾਨ ਖੇਡ ਰਹੀ ਨਾਮਧਾਰੀ ਫੁੱਟਬਾਲ ਟੀਮ ਨੂੰ ਸੰਬੋਧਿਤ ਹੁੰਦਿਆਂ ਬਚਨ ਕੀਤਾ- "ਆਹ, ਗੋਲ੍ਹੀ (ਗੁਰਚਰਨ ਸਿੰਘ) ਹੁਰਾਂ ਦੀ ਟੀਮ ਅਤੇ ਅਨਮੋਲਕ ਤੇ ਸ਼ੇਰੇ ਹੁਰਾਂ ਦੀ ਟੀਮ ਬਹੁਤ ਵਧੀਆ ਹਾਕੀ ਖੇਡੀ, ਇਹਨਾਂ ਦੇ ਰਿਜ਼ਲਟ ਬਹੁਤ ਵਧੀਆ ਰਹੇ, ਤੁਸੀਂ ਵੀ ਉਸੇ ਤਰ੍ਹਾਂ ਖੇਡਣਾ।"

**ਪੰਜਵਾਂ ਬੈਚ-** ਨਾਮਧਾਰੀ ਹਾਕੀ ਟੀਮ ਦੇ ਹਰ ਨਵੇਂ ਬੈਚ ਦੀ ਸ਼ੁਰੂਆਤ ਇਲਾਕਾ ਜੀਵਨ ਨਗਰ 'ਚੋਂ ਬੱਚੇ ਚੁਣ ਕੇ ਕੀਤੀ ਜਾਂਦੀ ਹੈ ਕਿਉਂਕਿ ਓਧਰ ਕਾਫ਼ੀ ਨਾਮਧਾਰੀ ਸਿੰਘਾਂ ਦੇ ਪਿੰਡ ਹਨ। ਉੱਥੇ ਲੰਮੇ ਸਮੇਂ ਤੋਂ ਕੋਚ ਗੁਰਮੇਜ ਸਿੰਘ ਬੱਚਿਆਂ ਨੂੰ ਕੋਚਿੰਗ ਦੇ ਰਹੇ ਹਨ, ਅੱਜ ਕੱਲ੍ਹ ਕੋਚ ਹਰਵਿੰਦਰ ਸਿੰਘ ਵੀ ਉਨ੍ਹਾਂ ਦੇ ਸਹਾਇਕ ਹਨ। ਜਦੋਂ ਉੱਥੇ ਬੱਚੇ ਕੁਝ ਚੰਗਾ ਖੇਡਣ ਲੱਗ ਪੈਂਦੇ ਹਨ ਤੇ ਥੋੜ੍ਹੇ ਵੱਡੇ ਹੋ ਜਾਂਦੇ ਹਨ। ਉਦੋਂ ਉੱਥੋਂ ਬੱਚੇ ਚੁਣ ਕੇ ਸ੍ਰੀ ਭੈਣੀ ਸਾਹਿਬ ਭੇਜ ਦਿੱਤੇ ਜਾਂਦੇ ਹਨ। ਸ੍ਰੀ ਭੈਣੀ ਸਾਹਿਬ ਨਾਮਧਾਰੀ ਹਾਕੀ ਟੀਮ ਲਈ ਸਾਰੀਆਂ ਸਹੂਲਤਾਂ ਹਨ- ਵਧੀਆ ਰਿਹਾਇਸ਼, ਖਾਣ-ਪੀਣ, ਸਕੂਲ, ਗਰਾਊਂਡ ਆਦਿ। 2007-08 ਈ. ਵਿੱਚ ਜੀਵਨ ਨਗਰ ਤੋਂ ਇੱਕ ਹੋਰ ਨਵਾਂ ਬੈਚ ਸ੍ਰੀ ਭੈਣੀ ਸਾਹਿਬ ਪਹੁੰਚਿਆ। ਇੱਥੇ ਉਹਨਾਂ ਬੱਚਿਆਂ ਨੂੰ ਕੋਚ ਬਲਦੇਵ ਸਿੰਘ (ਨਾਈਜੀਰੀਆ) ਤੇ ਦੀਦਾਰ ਸਿੰਘ ਕੋਚਿੰਗ ਦੇਣ ਲੱਗੇ। ਬਾਅਦ ਵਿੱਚ ਅਨਮੋਲਕ ਸਿੰਘ ਵੀ ਕੋਚਿੰਗ ਦੇਂਦੇ ਰਹੇ।

ਇਸ ਬੈਚ ਵਿੱਚ ਖੇਡਣ ਵਾਲੇ ਖਿਡਾਰੀ ਸਨ-

1. ਨਾਨਕ ਸਿੰਘ ਗੋਲਕੀਪਰ
2. ਮਾਲਕ ਸਿੰਘ
3. ਹਰਪ੍ਰੀਤ ਸਿੰਘ(ਨਾਗਰਾ)
4. ਗੁਰਮੇਲ ਸਿੰਘ
5. ਗੁਰਭੇਜ ਸਿੰਘ
6. ਗੁਰਪ੍ਰੀਤ ਸਿੰਘ (ਗੋਪੀ) (ਜੂ.)
7. ਮਨਪ੍ਰੀਤ ਸਿੰਘ
8. ਲੱਖਾ ਸਿੰਘ
9. ਦਿਲਬਾਗ ਸਿੰਘ (ਬੱਗਾ)
10. ਧਿਆਨ ਸਿੰਘ
11. ਲਖਵਿੰਦਰ ਸਿੰਘ
12. ਗਿਆਨ ਸਿੰਘ (ਗੋਲਕੀਪਰ)
13. ਦਲਜੀਤ ਸਿੰਘ
14. ਗੁਰਮੀਤ ਸਿੰਘ
15. ਹਰਮੀਤ ਸਿੰਘ
16. ਅਮੋਲਕ ਸਿੰਘ
17. ਗੁਰਵਿੰਦਰ ਸਿੰਘ
18. ਦਿਲਬਾਗ ਸਿੰਘ (ਕਾਲਾ)
19. ਗੁਰਭਾਗ ਸਿੰਘ (ਢਾਕਾ)
20. ਦੁੰਮਣ ਸਿੰਘ (ਗੋਲਕੀਪਰ)

ਇਸ ਬੈਚ ਨੇ ਕੁਝ ਜੂਨੀਅਰ ਟੂਰਨਾਮੈਂਟ ਖੇਡਣ ਤੋਂ ਬਾਅਦ ਜਦੋਂ ਸੀਨੀਅਰ ਟੂਰਨਾਮੈਂਟ ਖੇਡਣੇ ਸ਼ੁਰੂ ਕੀਤੇ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕੀਤੀ। ਉਹਨੀਂ ਦਿਨੀਂ ਸਤਿਗੁਰੂ ਜੀ ਬਹੁਤ ਘੱਟ ਬਚਨ ਕਰਦੇ ਸਨ। ਪਰ ਜਦੋਂ ਸੇਵਕ ਰਛਪਾਲ ਸਿੰਘ ਹੁਰਾਂ ਅਰਜ਼ ਕੀਤੀ ਕਿ ਨਾਮਧਾਰੀ ਹਾਕੀ ਟੀਮ ਦਾ ਇੱਕ ਨਵਾਂ ਬੈਚ ਇਸ ਵਾਰ ਪਹਿਲਾ ਸੀਨੀਅਰ ਟੂਰਨਾਮੈਂਟ ਖੇਡਣ ਜਾ ਰਿਹਾ ਹੈ, ਤਾਂ ਸਤਿਗੁਰੂ ਜੀ ਬੜੇ ਵੇਰਵੇ ਨਾਲ ਸਾਰੀ ਗੱਲ-ਕੱਥ ਪੁੱਛ, ਖੇਡਣ ਦੀ ਆਗਿਆ ਦਿੱਤੀ।

ਇਸ ਬੈਚ ਦੇ ਖਿਡਾਰੀਆਂ ਨੇ ਨਾਮਵਰ ਭਾਰਤੀ ਟੂਰਨਾਮੈਂਟਾਂ ਵਿੱਚ ਸ਼ਿਰਕਤ ਕਰਨੀ ਸ਼ੁਰੂ ਕੀਤੀ। ਸਾਲ ਕੁ ਵਿੱਚ ਇਹ ਨਾਮਧਾਰੀ ਟੀਮ ਨਾਮਵਰ ਭਾਰਤੀ ਮਹਿਕਮਿਆਂ ਦੀਆਂ ਟੀਮਾਂ ਨੂੰ ਹਰਾਉਣ ਲੱਗ ਪਈ। ਇਸ ਟੀਮ ਦੀ ਵੱਡੀ ਉਪਲਬਧੀ ਇਹ ਹੈ ਕਿ ਇਹਨਾਂ ਨੇ 'ਸਰਬ ਭਾਰਤੀ ਨਹਿਰੂ ਹਾਕੀ ਟੂਰਨਾਮੈਂਟ' 2009 ਈ. ਵਿੱਚ ਖੇਡ ਕੇ ਪਹਿਲਾ ਸਥਾਨ ਹਾਸਲ ਕੀਤਾ। ਇਸ ਬੈਚ ਤੋਂ ਪਹਿਲਾਂ ਸੀਨੀਅਰ ਨਹਿਰੂ ਟੂਰਮਾਮੈਂਟ ਵਿੱਚ ਨਾਮਧਾਰੀ ਟੀਮ

ਦੂਸਰੇ, ਤੀਸਰੇ ਸਥਾਨ ਤਾਂ ਹਾਸਿਲ ਕਰਦੀ ਰਹੀ, ਪਰ ਪਹਿਲੀ ਵਾਰ ਪਹਿਲਾ ਸਥਾਨ 2009 ਈ. ਵਿੱਚ ਇਸੇ ਬੈਚ ਦੀ ਬਦੌਲਤ ਹਾਸਲ ਹੋਇਆ। ਨਾਮਧਾਰੀ ਟੀਮ ਦਾ ਫਾਈਨਲ ਮੈਚ ਇੰਡੀਅਨ ਆਇਲ ਨਾਲ ਹੋਇਆ। ਇਹ ਸਾਰਾ ਮੈਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਟੀ. ਵੀ. 'ਤੇ ਆਪ ਕਿਰਪਾ ਕਰਕੇ ਵੇਖਿਆ।

ਇਹ ਟੀਮ ਭਾਰਤੀ ਟੂਰਨਾਮੈਂਟਾਂ ਤੋਂ ਇਲਾਵਾ ਕਨੇਡਾ ਵਿੱਚ ਵੀ ਜਿੱਤਾਂ ਹਾਸਿਲ ਕਰ ਕੇ ਆਪਣੀ ਖੇਡ ਦੀ ਧੌਂਸ ਜਮਾ ਚੁੱਕੀ ਹੈ। ਅੱਜ ਕੱਲ੍ਹ ਇਸ ਬੈਚ ਦੇ ਬਹੁਤੇ ਖਿਡਾਰੀ ਕਨੇਡਾ ਵਿੱਚ ਸਰੀ ਲਾਇਨਜ਼ ਕਲੱਬ ਵਲੋਂ ਖੇਡਦੇ ਹਨ। ਉੱਥੇ ਰਹਿ ਕੇ ਆਪਣਾ ਕੰਮ ਕਰ ਰਹੇ ਹਨ। ਕੁਝ ਖਿਡਾਰੀ ਭਾਰਤ ਵਿੱਚ ਵੱਖ-ਵੱਖ ਮਹਿਕਮਿਆਂ ਵਿੱਚ ਨੌਕਰੀਆਂ ਵੀ ਕਰ ਰਹੇ ਹਨ।

ਇਸ ਟੀਮ ਦੇ ਕੁਝ ਖਿਡਾਰੀ ਅੰਤਰ-ਰਾਸ਼ਟਰੀ ਮੁਕਾਬਲਿਆਂ ਵਿੱਚ ਹਿੱਸਾ ਲੈ ਚੁੱਕੇ ਹਨ। ਉਹ ਭਾਰਤੀ ਟੀਮ ਵਲੋਂ ਨਾਮਧਾਰੀ ਦਸਤਾਰ ਨਾਲ ਖੇਡ ਕੇ ਸਿੱਖੀ ਪਹਿਰਾਵੇ ਦੀ ਪਹਿਚਾਣ ਵਿਸ਼ਵ ਪੱਧਰ 'ਤੇ ਕਰ ਚੁੱਕੇ ਹਨ। ਜਿਨ੍ਹਾਂ ਵਿੱਚੋਂ- ਮਾਲਕ ਸਿੰਘ, ਨਾਨਕ ਸਿੰਘ, ਗੁਰਮੇਲ ਸਿੰਘ, ਹਰਪ੍ਰੀਤ ਸਿੰਘ (ਨਾਗਰਾ)। ਇਸ ਤੋਂ ਇਲਾਵਾ ਨਾਮਧਾਰੀ ਹਾਕੀ ਖਿਡਾਰੀ ਪ੍ਰੀਮੀਅਰ ਹਾਕੀ ਲੀਗ ਵਿੱਚ ਵੀ ਵੱਖ-ਵੱਖ ਟੀਮਾਂ ਵਲੋਂ ਖੇਡ ਚੁੱਕੇ ਹਨ।

ਖੇਡ ਪੱਤਰਕਾਰ ਕੁਲਦੀਪ ਸਿੰਘ ਪੱਟੀ ਨਾਮਧਾਰੀ ਹਾਕੀ ਟੀਮ ਬਾਰੇ ਲਿਖਦਾ ਹੈ- "ਨਾਮਧਾਰੀ ਦੇਸ਼ ਭਗਤ ਜੁਝਾਰੂ ਹਨ ਤੇ ਤੋਪਾਂ ਅੱਗੇ ਸ਼ਹੀਦੀ ਪ੍ਰਾਪਤੀ ਇਤਿਹਾਸਕ ਮਿਸਾਲ ਹੈ। ਹੁਣ ਨਾਮਧਾਰੀ ਹਾਕੀ ਵਾਲੇ ਕਿੱਲਰ ਇਨਸਫਿਕਟ ਨਾਲ ਖੇਡ ਰਹੇ ਹਨ ਤੇ ਭਾਰਤੀ ਹਾਕੀ ਦਾ ਨਾਮ ਰੌਸ਼ਨ ਕਰ ਰਹੇ ਹਨ। ਜੇ ਭਵਿੱਖ ਵਿੱਚ ਨਾਮਧਾਰੀ ਮੁੰਡਿਆਂ ਦੇ ਨਾਲ ਨਾਮਧਾਰੀ ਕੁੜੀਆਂ ਦੀ ਹਾਕੀ ਟੀਮ ਵੀ ਨਾਮਧਾਰੀ ਪ੍ਰਬੰਧਕ ਤਿਆਰ ਕਰ ਲੈਣ ਤਾਂ ਭਾਰਤੀ ਹਾਕੀ ਦਾ ਕੌਮੀ ਤੇ ਕੌਮਾਂਤਰੀ ਮਿਆਰ ਦੋ ਵਰਗਾਂ (ਕੁੜੀਆਂ ਤੇ ਮੁੰਡਿਆਂ) ਵਿੱਚ ਉੱਚਾ ਹੋ ਸਕਦਾ ਹੈ। ਮੈਂ ਨਾਮਧਾਰੀ ਹਾਕੀ ਟੀਮ ਨੂੰ ਸੁਰਜੀਤ ਹਾਕੀ ਟੂਰਨਾਮੈਂਟ ਵਿੱਚ ਖੇਡਦਿਆਂ ਵੇਖਿਆ ਹੈ। ਉਹਨਾਂ ਵਿੱਚ ਨਿਵੇਕਲਾ ਹਾਕੀ ਸਟਾਈਲ, ਸਟਿੱਕ ਵਰਕ, ਸਪੀਡ, ਸਟੈਮਨਾ ਅਤੇ ਲੰਮਾ ਹਾਕੀ ਦਾਈਆ ਹੈ।"

**ਛੇਵਾਂ ਬੈਚ-** 2010-11 ਵਿੱਚ ਇੱਕ ਹੋਰ ਨਵੇਂ ਬੈਚ ਦੀ ਸ਼ੁਰੂਆਤ ਕੀਤੀ ਗਈ। ਇਸ ਬੈਚ ਦੇ ਖਿਡਾਰੀ ਚੁਣ ਕੇ ਸ੍ਰੀ ਭੈਣੀ ਸਾਹਿਬ ਕੋਚਿੰਗ ਦੇਂਦੇ ਕੋਚ ਓਲੰਪੀਅਨ ਦੀਦਾਰ ਸਿੰਘ, ਬਲਦੇਵ ਸਿੰਘ ਨਾਈਜੀਰੀਆ ਤੇ ਕੋਚ ਅਨਮੋਲਕ ਸਿੰਘ ਦੇ ਸਪੁਰਦ ਕਰ ਦਿੱਤੇ ਗਏ। ਇਸ ਬੈਚ ਵਿੱਚ ਖੇਡਣ ਵਾਲੇ ਖਿਡਾਰੀ ਸਨ-

1. ਭਗਤ ਸਿੰਘ
2. ਬਿਸ਼ਨ ਸਿੰਘ
3. ਜਸਵੰਤ ਸਿੰਘ (ਗੋਲਕੀਪਰ)
4. ਸੰਤਾ ਸਿੰਘ
5. ਕੁਲਦੀਪ ਸਿੰਘ
6. ਹਰਵਿੰਦਰ ਸਿੰਘ
7. ਬਖਸ਼ਿੰਦਰ ਸਿੰਘ
8. ਹਰਪ੍ਰੀਤ ਸਿੰਘ (ਹੈਪੀ)
9. ਊਧਮਪ੍ਰੀਤ ਸਿੰਘ
10. ਸ਼ਮਸ਼ੇਰ ਸਿੰਘ
11. ਗੁਰਮੁਖ ਸਿੰਘ
12. ਬੰਤਾ ਸਿੰਘ (ਗੋਲਕੀਪਰ)
13. ਅੰਮ੍ਰਿਤਪਾਲ ਸਿੰਘ
14. ਸਾਹਿਲਪ੍ਰੀਤ ਸਿੰਘ
15. ਹਰਪ੍ਰੀਤ ਸਿੰਘ (ਭੋਲਾ)
16. ਪ੍ਰਿੰਸ
17. ਗਗਨਪ੍ਰੀਤ ਸਿੰਘ
18. ਕਰਨਦੀਪ ਸਿੰਘ
19. ਅਵਤਾਰ ਸਿੰਘ ਤਾਰਾ
20. ਬਚਿੱਤਰ ਸਿੰਘ

2014 ਵਿੱਚ 'ਦੂਜਾ ਗੁਰਬਖਸ਼ ਸਿੰਘ ਯਾਦਗਾਰੀ ਹਾਕੀ ਟੂਟਨਾਮੈਂਟ' ਇਸ ਬੈਚ ਦੀ ਟੀਮ ਨੇ ਜਿੱਤਿਆ। 6ਵੇਂ ਨਾਮਧਾਰੀ ਹਾਕੀ ਟੀਮ ਦੇ ਬੈਚ ਦੀ ਸੀਨੀਅਰ ਨੈਸ਼ਨਲ (Divison -B) ਨੂੰ ਜਿੱਤਣਾ ਇੱਕ ਵੱਡੀ ਉਪਲਬਧੀ ਹੈ। ਇਹ ਨੈਸ਼ਨਲ ਸੰਨ 2015 ਈ. ਵਿੱਚ ਮਹਾਂਰਾਸ਼ਟਰ ਦੇ ਸ਼ਹਿਰ ਪੂਨੇ ਵਿਖੇ ਹੋਈ। ਇਸ ਟੂਰਨਾਮੈਂਟ ਵਿੱਚ ਨਾਮਧਾਰੀ ਟੀਮ ਜੇਤੂ ਰਹੀ।

ਸਤਿਗੁਰੂ ਉਦੇ ਸਿੰਘ ਜੀ ਨੇ 2013 ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ U-21 ਦਾ ਹਾਕੀ ਟੂਰਨਾਮੈਂਟ ਅੱਸੂ ਦੇ ਮੇਲੇ ਦੌਰਾਨ ਕਰਾਉਣਾ ਸ਼ੁਰੂ ਕੀਤਾ। ਇਹ ਟੂਰਨਾਮੈਂਟ ਤਿੰਨ ਸਾਲ ਲਗਾਤਾਰ ਹੁੰਦਾ ਰਿਹਾ। 2013, 2014 ਤੇ 2015 ਵਿੱਚ। ਪਰ ਬਾਅਦ ਵਿੱਚ ਸ੍ਰੀ ਭੈਣੀ ਸਾਹਿਬ ਵਾਲੀ ਐਸਟਰੋਟਰਫ ਖ਼ਰਾਬ ਹੋ ਜਾਣ ਕਰਕੇ ਟੂਰਨਾਮੈਂਟ ਬੰਦ ਕਰਨਾ ਪਿਆ। ਇਹਨਾਂ ਟੂਰਨਾਮੈਂਟਾਂ ਵਿੱਚ ਭਾਰਤ ਦੀਆਂ ਜੂਨੀਅਰ ਅਕੈਡਮੀਆਂ ਦੀਆਂ ਨਾਮਵਰ ਟੀਮਾਂ ਨੂੰ ਸੱਦੇ ਦਿੱਤੇ ਜਾਂਦੇ। ਇਹ ਤਿੰਨੇ ਟੂਰਨਾਮੈਂਟ ਨਾਮਧਾਰੀ ਹਾਕੀ ਟੀਮ ਦੀ 6ਵੇਂ ਬੈਚ ਵਾਲੀ ਟੀਮ ਖੇਡਦੀ ਰਹੀ।

ਪਹਿਲੇ ਸਾਲ 2013 ਈ. ਵਿੱਚ ਨਾਮਧਾਰੀ ਟੀਮ ਸੈਮੀਫਾਈਨਲ ਵਿੱਚੋਂ ਹਾਰ ਕੇ ਟੂਰਨਾਮੈਂਟ ਵਿੱਚੋਂ ਬਾਹਰ ਹੋ ਗਈ। 2014 ਈ. ਵਿਚ ਨਾਮਧਾਰੀ ਟੀਮ ਦੂਸਰੇ ਸਥਾਨ 'ਤੇ ਰਹੀ, ਉਸ

ਸਾਲ ਪਹਿਲਾ ਸਥਾਨ ਹਰਿਆਣਾ ਦੀ ਸੋਨੀਪਤ ਅਕੈਡਮੀ ਨੂੰ ਪ੍ਰਾਪਤ ਹੋਇਆ। ਤੀਸਰੇ ਸਾਲ 2015 ਵਿੱਚ ਸਤਿਗੁਰੂ ਜਗਜੀਤ ਸਿੰਘ ਟੂਰਨਾਮੈਂਟ 'ਤੇ ਨਾਮਧਾਰੀ ਹਾਕੀ ਟੀਮ ਨੇ ਭਾਰਤ ਦੀਆਂ ਪ੍ਰਸਿੱਧ ਅਕੈਡਮੀਆਂ ਨੂੰ ਹਰਾ ਕੇ ਜਿੱਤ ਹਾਸਲ ਕੀਤੀ।

2010 ਵਿੱਚ ਦਿੱਲੀ (ਭਾਰਤ) ਵਿਖੇ ਹੋਏ ਵਿਸ਼ਵ ਕੱਪ ਵੇਖਣ ਲਈ ਇਸ ਟੀਮ ਨੂੰ ਭੇਜਿਆ। ਸਤਿਗੁਰੂ ਜੀ ਵਿਸ਼ੇਸ਼ ਯਤਨ ਕਰਕੇ ਵਿਸ਼ਵ ਪੱਧਰੀ ਮੈਚਾਂ ਨੂੰ ਵਿਖਾਉਣ ਵਾਸਤੇ ਟੀਮ ਨੂੰ ਭੇਜਦੇ ਤਾਂ ਕਿ ਸਾਡੇ ਬੱਚੇ ਕੁਝ ਨਵਾਂ ਸਿੱਖ ਸਕਣ। ਪਹਿਲਾਂ ਵੀ 1982 ਵਿੱਚ ਮੁੰਬਈ (ਭਾਰਤ) ਵਿਖੇ ਵਿਸ਼ਵ ਕੱਪ ਤੇ 1982 ਦੀਆਂ ਏਸ਼ੀਅਨ ਖੇਡਾਂ ਵੇਖਣ ਲਈ ਵੀ ਟੀਮ ਨੂੰ ਭੇਜਿਆ ਸੀ।

2016 ਈ. ਵਿੱਚ ਲਖਨਊ (ਭਾਰਤ) ਵਿੱਚ ਹੋਏ ਜੂਨੀਅਰ ਵਰਲਡ ਕੱਪ ਵਿੱਚ ਭਾਰਤੀ ਹਾਕੀ ਟੀਮ ਨੇ 2001 ਈ. ਤੋਂ ਬਾਅਦ ਦੂਸਰਾ ਵਿਸ਼ਵ ਕੱਪ ਜਿੱਤਿਆ। ਇਹ ਭਾਰਤ ਲਈ ਬਹੁਤ ਮਾਣ ਵਾਲੀ ਗੱਲ ਹੈ। ਨਾਮਧਾਰੀ ਟੀਮ ਦਾ ਸੰਤਾ ਸਿੰਘ ਇਸ ਵਿਸ਼ਵ ਕੱਪ ਵਿੱਚ ਸਰਗਰਮ ਖਿਡਾਰੀ ਸੀ। ਇਸ ਬੈਚ ਦੇ ਖਿਡਾਰੀ ਕੁਝ ਵੱਖ-ਵੱਖ ਦੇਸ਼ਾਂ ਵਿੱਚ ਸੈੱਟ ਹਨ ਅਤੇ ਕੁਝ ਵੱਖ-ਵੱਖ ਮਹਿਕਮਿਆਂ ਵਿੱਚ ਨੌਕਰੀ ਕਰ ਰਹੇ ਹਨ।

**ਸੱਤਵਾਂ ਬੈਚ–** ਹੁਣ ਨਾਮਧਾਰੀ ਹਾਕੀ ਟੀਮ ਦਾ ਸੱਤਵਾਂ ਬੈਚ ਚੱਲ ਰਿਹਾ ਹੈ। ਇਹ ਖਿਡਾਰੀ ਸ੍ਰੀ ਭੈਣੀ ਸਾਹਿਬ ਤੇ ਜੀਵਨ ਨਗਰ ਦੋਵੇਂ ਥਾਵਾਂ 'ਤੇ ਕੋਚਿੰਗ ਲੈ ਰਹੇ ਹਨ। ਜੀਵਨ ਨਗਰ ਕੋਚ ਹਰਵਿੰਦਰ ਸਿੰਘ ਨਵੇਂ ਬੱਚਿਆਂ ਨੂੰ ਕੋਚਿੰਗ ਦੇ ਰਹੇ ਹਨ ਅਤੇ ਸ੍ਰੀ ਭੈਣੀ ਸਾਹਿਬ ਕੋਚ ਲਵਜੀਤ ਸਿੰਘ ਬੱਚਿਆਂ ਨੂੰ ਹਾਕੀ ਖਿਡਾ ਰਹੇ ਹਨ। ਇਸ ਬੈਚ ਦੇ ਖਿਡਾਰੀ ਪ੍ਰਿੰਸਪਾਲ ਸਿੰਘ ਤੇ ਅਕਾਸ਼ਦੀਪ ਸਿੰਘ ਭਾਰਤੀ ਹਾਕੀ ਟੀਮ ਦੇ ਕੈਂਪ ਲਾ ਚੁੱਕੇ ਹਨ। ਅਕਾਸ਼ਦੀਪ ਸਿੰਘ ਜੂਨੀਅਰ ਭਾਰਤੀ ਹਾਕੀ ਟੀਮ ਵੱਲੋਂ ਸਪੇਨ ਦਾ ਦੌਰਾ ਕਰ ਚੁੱਕਾ ਹੈ। ਅੱਜ ਕੱਲ੍ਹ ਨਾਮਧਾਰੀ ਹਾਕੀ ਟੀਮ ਦੇ ਨਾਲ-ਨਾਲ ਹੁਣ ਸ੍ਰੀ ਭੈਣੀ ਸਾਹਿਬ ਫੁੱਟਬਾਲ ਦੀ ਟੀਮ ਵੀ ਤਿਆਰ ਹੋ ਰਹੀ ਹੈ।

ਨਾਮਧਾਰੀ ਹਾਕੀ ਖੇਡਣ ਵਾਲੇ ਖਿਡਾਰੀ ਅੱਜ ਵੱਖ-ਵੱਖ ਮਹਿਕਮਿਆਂ ਵਿੱਚ ਨੌਕਰੀ ਕਰ ਰਹੇ ਹਨ, ਵਿਦੇਸਾਂ ਵਿੱਚ ਆਪਣੇ ਕਾਰੋਬਾਰ ਕਰ ਰਹੇ ਹਨ। ਉਹ ਮਾਇਕ ਪੱਖੋਂ ਕਾਫ਼ੀ ਸੰਤੁਸਟ ਹਨ। ਇਸ ਲਈ ਉਹ ਸਤਿਗੁਰੂ ਜਗਜੀਤ ਸਿੰਘ ਜੀ ਤੇ ਸਤਿਗੁਰੂ ਉਦੇ ਸਿੰਘ ਜੀ ਦੇ ਸ਼ੁਕਰਗੁਜ਼ਾਰ ਹਨ। ਉਨ੍ਹਾਂ ਨੇ 2021 ਵਿੱਚ ਹੋਣ ਵਾਲੇ ਨਾਮਧਾਰੀ ਹੋਲੇ ਮਹੱਲੇ ਦੀ ਸੇਵਾ ਸਤਿਗੁਰੂ ਜੀ ਤੋਂ ਮੰਗ ਕੇ ਲਈ ਹੈ।

**ਵੱਖ-ਵੱਖ ਮਹਿਕਮਿਆਂ ਵਿੱਚ ਨੌਕਰੀ ਕਰ ਰਹੇ ਹਾਕੀ ਖਿਡਾਰੀ**

**ਰੇਲਵੇ** – ਸੁਖਵਿੰਦਰ ਸਿੰਘ ਛੀਨਾ, ਕਾਬਲ ਸਿੰਘ, ਗੁਰਸੇਵ ਸਿੰਘ, ਮਨਜੀਤ ਸਿੰਘ, ਮਾਲਕ ਸਿੰਘ, ਹਰਮੀਤ ਸਿੰਘ, ਗੁਰਭੇਜ ਸਿੰਘ।

CAG – ਨਾਨਕ ਸਿੰਘ, ਧਿਆਨ ਸਿੰਘ, ਦਲਜੀਤ ਸਿੰਘ।

CISF – ਹਰਪ੍ਰੀਤ ਸਿੰਘ।

Air India – ਅਜਮੇਰ ਸਿੰਘ, ਜੋਗਾ ਸਿੰਘ।

Indian Oil – ਦੀਦਾਰ ਸਿੰਘ

Punjab Sind Bank – ਗੁਰਮੇਲ ਸਿੰਘ, ਸੰਤਾ ਸਿੰਘ, ਗੰਗਾ ਸਿੰਘ, ਗੁਰਵਿੰਦਰ ਸਿੰਘ, ਕਰਮਜੀਤ ਸਿੰਘ, ਹਰਪ੍ਰੀਤ ਸਿੰਘ।

Punjab National Bank – ਭਗਤ ਸਿੰਘ।

Punjab Police – ਸੁਖਵਿੰਦਰ ਸਿੰਘ, ਮੇਜਰ ਸਿੰਘ, ਜਗਰੂਪ ਸਿੰਘ, ਜਸਵੰਤ ਸਿੰਘ।

Haryana Police – ਸਰਦਾਰ ਸਿੰਘ

BSF – ਸਤਨਾਮ ਸਿੰਘ, ਸਰਵਰਾਜ ਸਿੰਘ।

PSEB – ਗੁਰਮੀਤ ਸਿੰਘ, ਗੁਰਬਖਸ਼ ਸਿੰਘ, ਬਲਵੰਤ ਸਿੰਘ, ਹਰਦਿਆਲ ਸਿੰਘ।

ITBP – ਗੁਰਿੰਦਰ ਸਿੰਘ।

ONGC – ਹਰਪਾਲ ਸਿੰਘ।

BPCL – ਸ਼ੇਰ ਸਿੰਘ, ਗੁਰਪ੍ਰੀਤ ਸਿੰਘ, ਸਵਿੰਦਰ ਸਿੰਘ।

NAMDHARI SEEDS – ਗੁਰਚਰਨ ਸਿੰਘ ਗੋਲ੍ਹੀ, ਸੁਖਦੇਵ ਸਿੰਘ ਘੁੱਦ, ਗੁਰਚਰਨ ਸਿੰਘ ਪੱਪੂ, ਗੁਰਮੇਜ ਸਿੰਘ, ਗੁਰਬਖਸ਼ ਸਿੰਘ, ਸਵਿੰਦਰ ਸਿੰਘ ਛਿੰਦੂ, ਜਸਵੰਤ ਸਿੰਘ ਜੱਸੀ, ਜਸਵੀਰ ਸਿੰਘ ਜੱਸੀ ਅਦਿ।

COACH – ਹੀਰਾ ਸਿੰਘ (ਸਪੋਰਟਸ ਅਥਾਰਟੀ ਆਫ ਇੰਡੀਆ), ਗੁਰਨਾਮ ਸਿੰਘ, ਹਰਵਿੰਦਰ ਸਿੰਘ, ਸੁਰਿੰਦਰ ਸਿੰਘ, ਬਲਜੀਤ ਸਿੰਘ (ਹਰਿਆਣਾ ਸਪੋਰਟਸ ਡਿਪਾਰਟਮੈਂਟ), ਅਮਨਦੀਪ ਸਿੰਘ, ਅਨਮੋਲਕ ਸਿੰਘ (ਨਿਊਯਾਰਕ)

ਭਾਰਤ ਵਿੱਚ ਵੱਖ-ਵੱਖ ਸਮੇਂ ਹਾਕੀ ਲੀਗਾਂ ਵੀ ਹੁੰਦੀਆਂ ਰਹਿੰਦੀਆਂ ਹਨ। ਇਨ੍ਹਾਂ ਲੀਗਾਂ ਵਿੱਚ ਭਾਵੇਂ ਉਹ ਪ੍ਰੀਮੀਅਰ ਹਾਕੀ ਲੀਗ ਹੋਵੇ ਭਾਵੇਂ ਉਹ ਵਰਲਡ ਹਾਕੀ ਸੀਰੀਜ਼ ਹੋਵੇ ਤੇ ਭਾਵੇਂ ਹਾਕੀ ਇੰਡੀਅਨ ਲੀਗ, ਉਸ ਵਿੱਚ ਵੀ ਨਾਮਧਾਰੀ ਖਿਡਾਰੀ ਵੱਖ-ਵੱਖ ਟੀਮਾਂ (ਜੋ ਕਿ ਵੱਖ-ਵੱਖ ਵਪਾਰਿਕ ਅਦਾਰਿਆਂ ਨੇ ਖਰੀਦੀਆਂ ਸਨ) ਵੱਲੋਂ ਖੇਡੇ ਤੇ ਜਿੱਤਾਂ ਪ੍ਰਾਪਤ ਕੀਤੀਆਂ- ਸਰਦਾਰ ਸਿੰਘ, ਹਰਪਾਲ ਸਿੰਘ, ਦੀਦਾਰ ਸਿੰਘ, ਅਜਮੇਰ ਸਿੰਘ, ਸਵਿੰਦਰ ਸਿੰਘ, ਗੁਰਚਰਨ ਸਿੰਘ, ਅਵਤਾਰ ਸਿੰਘ, ਅਨਮੋਲਕ ਸਿੰਘ, ਸ਼ੇਰ ਸਿੰਘ, ਗੁਰਵਿੰਦਰ ਸਿੰਘ, ਕਰਮਜੀਤ ਸਿੰਘ, ਜੋਗਾ ਸਿੰਘ, ਹਰਵਿੰਦਰ ਸਿੰਘ, ਗੁਰਮੀਤ ਸਿੰਘ, ਗੁਰਪ੍ਰੀਤ ਸਿੰਘ, ਮਾਲਕ ਸਿੰਘ, ਸੰਤਾ ਸਿੰਘ, ਗੁਰਮੇਲ ਸਿੰਘ, ਹਰਪ੍ਰੀਤ ਸਿੰਘ ਨਾਗਰਾ, ਗੰਗਾ ਸਿੰਘ।

**ਬਹੁਤ ਸਾਰੇ ਖਿਡਾਰੀ ਵੱਖ-ਵੱਖ ਦੇਸਾਂ ਵਿੱਚ ਹਨ–**

**ਅਮਰੀਕਾ**- ਗੁਰਦੀਪ ਸਿੰਘ, ਬੱਗਾ ਸਿੰਘ, ਦਰਸ਼ਨ ਸਿੰਘ, ਅਨਮੋਲਕ ਸਿੰਘ, ਅਵਤਾਰ ਸਿੰਘ, ਹਰਜਿੰਦਰ ਸਿੰਘ, ਜਗਦੀਪ ਸਿੰਘ, ਜਤਿੰਦਰਪਾਲ ਸਿੰਘ, ਬਚਿੱਤਰ ਸਿੰਘ।

**ਹਾਂਗਕਾਂਗ** - ਗੁਰਭਾਗ ਸਿੰਘ (ਢਾਕਾ), ਕੁਲਦੀਪ ਸਿੰਘ, ਹਰਵਿੰਦਰ ਸਿੰਘ, ਊਧਮਪ੍ਰੀਤ ਸਿੰਘ, ਹਰਪ੍ਰੀਤ ਸਿੰਘ (ਭੋਲਾ)।

**ਕਨੇਡਾ** - ਗੁਰਵਿੰਦਰ ਸਿੰਘ, ਕਰਮਜੀਤ ਸਿੰਘ, ਦਿਲਬਾਗ ਸਿੰਘ (ਕਾਲਾ), ਲਖਵਿੰਦਰ ਸਿੰਘ, ਮਨਪ੍ਰੀਤ ਸਿੰਘ, ਸੁਖਚੈਨ ਸਿੰਘ, ਪ੍ਰਿੰਸ, ਲੱਖਾ ਸਿੰਘ, ਹਰਪ੍ਰੀਤ ਸਿੰਘ (ਨਾਗਰਾ), ਦਿਲਬਾਗ ਸਿੰਘ (ਬੱਗਾ), ਅਮੋਲਕ ਸਿੰਘ, ਗੁਰਮੀਤ ਸਿੰਘ, ਬਿਸ਼ਨ ਸਿੰਘ, ਬਲਵਿੰਦਰ ਸਿੰਘ (ਭਿੰਡਰ)।

**ਨਿਊਜ਼ੀਲੈਂਡ**- ਨਿਰਵੈਰ ਸਿੰਘ, ਸੁਖਦੀਪ ਸਿੰਘ।

**ਪੁਰਤਗਾਲ**- ਹਰਨੇਕ ਸਿੰਘ।

**ਆਸਟਰੇਲੀਆ**- ਰਣਜੀਤ ਸਿੰਘ, ਹਰਦੇਵ ਸਿੰਘ, ਜਗਜੀਤ ਸਿੰਘ।

**ਨਾਮਧਾਰੀ ਟੀਮ ਦੇ ਹੁਣ ਤੱਕ ਵੱਖ-ਵੱਖ ਸਮਿਆਂ ਵਿੱਚ ਰਹਿ ਚੁੱਕੇ ਕੋਚ-**

ਸ. ਪਾਲ ਸਿੰਘ, ਸ. ਮੋਹਨਜੀਤ ਸਿੰਘ, ਸ. ਬਲਦੇਵ ਸਿੰਘ ਸ਼ਾਹਬਾਦ, ਸ. ਗੁਰਦਿਆਲ ਸਿੰਘ, ਸ. ਮੇਜਰ ਸਿੰਘ, ਸ. ਹੀਰਾ ਸਿੰਘ, ਸ. ਰਛਪਾਲ ਸਿੰਘ, ਸ. ਬਲਦੇਵ ਸਿੰਘ ਨਾਈਜੀਰੀਆ, ਸ. ਦਰਸ਼ਨ ਸਿੰਘ, ਸ. ਦੀਦਾਰ ਸਿੰਘ, ਸ. ਹਰਮਿੰਦਰਪਾਲ ਸਿੰਘ, ਸ. ਗੁਰਮੇਜ ਸਿੰਘ, ਸ. ਬਲਦੇਵ ਸਿੰਘ ਸੰਤ ਨਗਰ, ਅਨਮੋਲਕ ਸਿੰਘ, ਹਰਵਿੰਦਰ ਸਿੰਘ, ਲਵਜੀਤ ਸਿੰਘ ਆਦਿ।

**ਸਪੋਰਟਸ ਇੰਚਾਰਜ**- ਗੁਰਚਰਨ ਸਿੰਘ ਗੋਲ੍ਹੀ, ਦੀਦਾਰ ਸਿੰਘ, ਸ਼ੇਰ ਸਿੰਘ।

**ਕਨੇਡਾ ਦੀ ਨੈਸ਼ਨਲ ਟੀਮ ਵਿੱਚ ਖੇਡੇ ਨਾਮਧਾਰੀ ਖਿਡਾਰੀ**- ਗੰਗਾ ਸਿੰਘ ਸੀਨੀਅਰ, ਗੰਗਾ ਸਿੰਘ ਜੂਨੀਅਰ।

**ਨਾਮਧਾਰੀ ਹਾਕੀ ਟੀਮ ਨਾਲ ਵੱਖ-ਵੱਖ ਸਮੇਂ ਰਹੇ ਲਾਂਗਰੀ, ਜਿਨ੍ਹਾਂ ਨੇ ਟੀਮ ਦੀ ਬਹੁਤ ਸੇਵਾ ਕੀਤੀ।**

ਬੀਬੀ ਬਲਬੀਰ ਕੌਰ (ਬੀਰੋ), ਸੰਤ ਕਸ਼ਮੀਰ ਸਿੰਘ, ਗੁਰਦੇਵ ਸਿੰਘ, ਜਰਨੈਲ ਸਿੰਘ।

ਸਤਿਗੁਰੂ ਜਗਜੀਤ ਸਿੰਘ ਜੀ ਹਾਕੀ ਦੇ ਖੇਤਰ ਵਿੱਚ ਕੇਵਲ ਨਾਮਧਾਰੀ ਟੀਮ ਨੂੰ ਹੀ ਤਿਆਰ ਕਰਨ ਵੱਲ ਰੁਚਿਤ ਨਹੀਂ ਸਨ, ਸਗੋਂ ਉਹਨਾਂ ਦਾ ਖਿਆਲ ਸੀ ਕਿ ਸਾਡਾ ਦੇਸ਼ ਇਸ ਖੇਡ ਵਿੱਚ ਵਿਸ਼ਵ ਪੱਧਰ 'ਤੇ ਸਭ ਨਾਲੋਂ ਚੰਗਾ ਹੋਵੇ। ਇਸ ਕਰਕੇ ਉਹ ਹਾਕੀ ਨਾਲ ਜੁੜੀਆਂ ਵੱਖ-ਵੱਖ ਸੰਸਥਾਵਾਂ ਦੀ ਮਾਇਕ ਮਦਦ ਕਰਦੇ ਰਹਿੰਦੇ ਸਨ। ਜਿਨ੍ਹਾਂ ਵਿੱਚੋਂ ਨਹਿਰੂ ਹਾਕੀ ਸੁਸਾਇਟੀ, ਜਰਖੜ ਹਾਕੀ ਅਕੈਡਮੀ, ਮਹਾਰਾਜਾ ਰਣਜੀਤ ਸਿੰਘ ਅਕੈਡਮੀ, ਲੁਧਿਆਣਾ ਸਪੋਰਟਸ ਵੈਲਫੇਅਰ ਸੁਸਾਇਟੀ, ਹਰਿਆਣਾ ਹਾਕੀ ਐਸੋਸੀਏਸ਼ਨ ਆਦਿ ਜ਼ਿਕਰਯੋਗ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਤਿਆਰ ਕੀਤੇ ਬੂਟਿਆਂ ਨੂੰ ਕਦੇ ਵੀ ਪਾਣੀ ਪਾਉਣਾ ਨਹੀਂ ਸਨ ਭੁੱਲਦੇ। ਉਹ ਬੂਟੇ ਭਾਵੇਂ ਸੰਗੀਤਕ ਮਹਿਕ ਵਾਲੇ ਹੋਣ ਤੇ ਭਾਵੇਂ ਖਿਡਾਰੀਆਂ ਦੇ ਰੂਪ ਵਿੱਚ ਹੋਣ। ਉਨ੍ਹਾਂ ਕੇਵਲ ਸਿਖਾਇਆ ਹੀ ਨਹੀਂ, ਸਗੋਂ ਉਨ੍ਹਾਂ ਦਾ ਸੁਭਾਅ ਸੀ, ਜਿਨ੍ਹਾਂ ਨੂੰ ਉਹਨਾਂ ਕੋਈ ਗੁਣ ਦਿੱਤਾ, ਫਿਰ ਉਸ ਗੁਣ ਦੀ ਕਦਰ ਵੀ ਕੀਤੀ। ਉਹਨਾਂ ਆਪਣੇ ਹੀ ਤਿਆਰ ਕੀਤੇ ਬੱਚਿਆਂ ਨੂੰ ਵਿਸ਼ੇਸ਼ ਸਹੂਲਤਾਂ ਪ੍ਰਦਾਨ ਕੀਤੀਆਂ। ਹਰ ਹੋਲੇ-ਮੇਲੇ ਦੌਰਾਨ ਨਾਮਧਾਰੀ ਹਾਕੀ ਟੀਮ ਦੇ ਖਿਡਾਰੀਆਂ ਨੂੰ ਕਿਸੇ ਬਾਹਰੋਂ ਆਏ ਹੋਏ ਖ਼ਾਸ ਮਹਿਮਾਨ ਹੱਥੋਂ ਸਨਮਾਨ ਦਿਵਾਉਂਦੇ। 1994 ਵਿੱਚ ਵਿਦਿਆਲੇ ਹੋਲੇ (ਇਲਾਕਾ ਜੀਵਨ ਨਗਰ) ਦੌਰਾਨ ਸਾਰੀ ਹਾਕੀ ਟੀਮ ਨੂੰ ਸਤਿਗੁਰੂ ਜੀ ਨੇ ਸਕੂਟਰ ਦਿੱਤੇ। ਜਦੋਂ ਟੀਮ ਕਿਤੋਂ ਵੀ ਜਿੱਤ ਕੇ ਆਉਂਦੀ ਤਾਂ ਉਸਨੂੰ ਖੁਸ਼ੀਆਂ ਬਖਸ਼ਦੇ। ਜੇ ਟੀਮ ਨੂੰ ਇੱਕ ਲੱਖ ਰੁਪਇਆ ਇਨਾਮ ਮਿਲਿਆ ਹੁੰਦਾ ਤਾਂ ਇੱਕ ਲੱਖ ਕੋਲੋਂ ਪਾ, ਦੋ ਲੱਖ ਦੇਂਦੇ। ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਸ੍ਰੀ ਭੈਣੀ ਸਾਹਿਬ 3-4 ਸਾਲ ਅਟੱਲ ਪ੍ਰਤਾਪੀ ਟੂਰਨਾਮੈਂਟ ਹੁੰਦਾ ਰਿਹਾ। ਇਹਨਾਂ ਟੂਰਨਾਮੈਂਟਾਂ ਦੌਰਾਨ ਸਤਿਗੁਰੂ ਜੀ ਜਿੱਤਣ ਵਾਲੇ ਖਿਡਾਰੀਆਂ ਨੂੰ ਐਲਾਨੀ ਰਾਸ਼ੀ ਤੋਂ ਇਲਾਵਾ ਦੇਸੀ ਘਿਉ ਦੇ ਪੀਪੇ ਬਖਸ਼ਦੇ। ਭੈਣੀ ਸਾਹਿਬ ਦੀ ਤਰਜ਼ 'ਤੇ ਭੈਣੀ ਸਾਹਿਬ ਦੇ ਕੋਲ ਪੈਂਦੇ ਪਿੰਡ ਲਾਟੋਂ ਜੋਗਾ ਵਾਲਿਆਂ ਨੇ ਵੀ ਟੂਰਨਾਮੈਂਟ ਕਰਵਾਇਆ। ਸਤਿਗੁਰੂ ਜੀ ਨੂੰ ਮੁੱਖ ਮਹਿਮਾਨ ਵਜੋਂ ਸੱਦਿਆ ਕਿ ਇਨਾਮ ਤੁਸੀਂ ਵੰਡੋ। ਜਦੋਂ ਸਤਿਗੁਰੂ ਜੀ ਇਨਾਮ ਵੰਡਣ ਲੱਗੇ, ਤਾਂ ਪਤਾ ਲੱਗਾ ਕਿ ਜਿਹੜਾ ਘਿਉ ਖਿਡਾਰੀਆਂ ਨੂੰ ਦਿੱਤਾ ਜਾ ਰਿਹਾ ਹੈ, ਉਹ ਡਾਲਡਾ ਹੈ। ਤੁਰੰਤ ਆਪਣੇ ਸੇਵਕ ਤੋਂ ਪ੍ਰਬੰਧ ਕਰਵਾ ਕੇ ਸਾਰੇ ਜੇਤੂ ਖਿਡਾਰੀਆਂ ਨੂੰ ਦੇਸੀ ਘਿਉ ਦੇ ਪੀਪਿਆਂ ਨਾਲ ਨਿਵਾਜਿਆ। ਇਹ ਉਨ੍ਹਾਂ ਦਾ ਸੁਭਾਅ ਸੀ, ਉਹ ਖਿਡਾਰੀਆਂ ਨਾਲ ਖ਼ਾਸ ਸਨੇਹ ਕਰਦੇ ਸਨ।

ਸੰਨ 2003 ਈ. ਦੀ ਗੱਲ ਹੈ। ਭਾਰਤ ਦੀ ਹਾਕੀ ਟੀਮ ਦਾ ਚੰਡੀਗੜ੍ਹ ਕੈਂਪ ਲੱਗਾ ਹੋਇਆ ਸੀ। ਨਾਮਧਾਰੀ ਟੀਮ ਭਾਰਤ ਦੀ ਰਾਸ਼ਟਰੀ ਟੀਮ ਨਾਲ ਅਭਿਆਸ ਮੈਚ ਖੇਡਣ ਗਈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਮੈਚ ਵਿੱਚ ਉਚੇਚਾ ਦਰਸ਼ਨ ਦਿੱਤੇ। ਮੈਚ ਤੋਂ ਬਾਅਦ ਸਤਿਗੁਰੂ ਜੀ ਨੇ ਭਾਰਤੀ ਟੀਮ ਨੂੰ ਮਾਇਕ ਆਸ਼ੀਰਵਾਦ ਵੀ ਪ੍ਰਦਾਨ ਕੀਤਾ। ਜਦੋਂ ਵੀ ਭਾਰਤੀ ਹਾਕੀ ਟੀਮ ਕਿਤੋਂ ਜਿੱਤ ਕੇ ਆਉਂਦੀ ਤਾਂ ਸਤਿਗੁਰੂ ਜੀ ਬਹੁਤ ਖੁਸ਼ ਹੁੰਦੇ ਸਨ।

ਜਦੋਂ ਸੰਨ 1975 ਈ. ਵਿੱਚ ਭਾਰਤੀ ਹਾਕੀ ਟੀਮ ਨੇ ਵਰਲਡ ਕੱਪ ਜਿੱਤਿਆ ਸੀ ਤਾਂ ਉਦੋਂ ਸਤਿਗੁਰੂ ਜੀ ਨੇ ਜੀਵਨ ਨਗਰ ਇਲਾਕੇ ਵਿੱਚ ਲੱਡੂ ਵੰਡਵਾਏ। ਭਾਰਤੀ ਹਾਕੀ ਟੀਮ 1998 ਈ. ਵਿੱਚ ਜਦੋਂ ਏਸ਼ੀਅਨ ਖੇਡਾਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਭਾਰਤ ਵਾਪਸ ਪਰਤੀ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਰੀ ਇੰਡੀਆ ਟੀਮ ਨੂੰ ਬੰਗਲੌਰ ਵਿਖੇ ਮਾਇਕ ਆਸ਼ੀਰਵਾਦ ਬਖਸ਼ਿਆ। ਇਸੇ ਤਰ੍ਹਾਂ ਪ੍ਰਸਿੱਧ ਹਾਕੀ ਖਿਡਾਰੀ ਗੁਨਦੀਪ ਕੁਮਾਰ ਤੇ ਚਰਨਜੀਤ ਕੁਮਾਰ (ਦੋਵੇਂ ਓਲੰਪੀਅਨ) ਦੇ ਪਿਤਾ ਰਾਜ ਕੁਮਾਰ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਸ਼ੀਰਵਾਦ ਵਜੋਂ 'ਸਾਹੀਵਾਲ ਗਾਂ' ਦਿੱਤੀ ਸੀ। ਪ੍ਰਸਿੱਧ ਹਾਕੀ ਖਿਡਾਰੀ ਧਨਰਾਜ ਪਿੱਲੇ ਨੇ ਗੱਲਬਾਤ ਕਰਦਿਆਂ ਦੱਸਿਆ ਕਿ "ਸਤਿਗੁਰੂ ਜਗਜੀਤ ਸਿੰਘ ਜੀ ਨੇ ਮੁਝ ਪਰ ਬਹੁਤ ਬਖਸ਼ਿਸ਼ ਕੀ ਹੈ, ਮੈਨੇ ਆਜ ਭੀ ਸਤਿਗੁਰੂ ਜੀ ਕੀ ਬਖ਼ਸ਼ੀ ਹੁਈ ਸੋਨੇ ਕੀ ਚੈਨ ਸੰਭਾਲ ਕਰ ਰਖੀ ਹੂਈ ਹੈ, ਉਨਕਾ ਆਸ਼ੀਰਵਾਦ ਸਮਝ ਕਰ।"

ਸਤਿਗੁਰੂ ਜੀ ਜਿੱਥੇ ਆਪ ਖੇਡਾਂ ਦੇ ਖ਼ਾਸ ਸ਼ੌਕੀਨ ਸਨ, ਉੱਥੇ ਉਹਨਾਂ ਨੇ ਨਾਮਧਾਰੀ ਪੰਥ ਦੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਪ੍ਰੇਰਿਤ ਕਰਕੇ ਨਾਮਧਾਰੀ ਪੰਥ ਵਿੱਚ ਖੇਡਣ ਦਾ ਮਾਹੌਲ ਸਿਰਜਿਆ। ਜਿਸ ਕਰਕੇ ਨਾਮਧਾਰੀ ਇਲਾਕਿਆਂ ਦੇ ਆਮ ਨੌਜਵਾਨ (ਨਾਮਧਾਰੀ ਤੇ ਗ਼ੈਰ ਨਾਮਧਾਰੀ) ਵੀ ਖੇਡ-ਮੈਦਾਨ ਨਾਲ ਜੁੜ ਕੇ ਤੰਦਰੁਸਤ ਰਹਿਣ ਲੱਗੇ ਹਨ। ਉੱਥੇ ਹੀ ਇਨ੍ਹਾਂ ਇਲਾਕਿਆਂ ਦੇ ਬਹੁਤ ਸਾਰੇ ਨੌਜਵਾਨਾਂ ਨੇ ਵਿਸ਼ਵ ਪੱਧਰ 'ਤੇ ਖੇਡ ਕੇ ਦੇਸ਼ ਦਾ ਨਾਂ ਉੱਚਾ ਕੀਤਾ ਹੈ, ਸਤਿਗੁਰੂ ਜੀ ਇਨ੍ਹਾਂ ਹੁਨਰਮੰਦ ਖਿਡਾਰੀਆਂ ਦਾ ਵਿਸ਼ੇਸ਼ ਸਨਮਾਨ ਵੀ ਕਰਦੇ ਰਹੇ ਬੇਸ਼ੱਕ ਉਹ ਗ਼ੈਰ ਨਾਮਧਾਰੀ ਹੀ ਕਿਉਂ ਨਾ ਹੁੰਦੇ। ਸਤਿਗੁਰੂ ਜਗਜੀਤ ਸਿੰਘ ਜੀ ਦੀ ਖੇਡਾਂ ਨੂੰ ਮਹਾਨ ਦੇਣ ਸਦਕਾ ਆਉਣ ਵਾਲੇ ਸਮੇਂ ਵਿੱਚ ਵੀ ਨਾਮਧਾਰੀ ਇਲਾਕਿਆਂ ਵਿੱਚੋਂ ਨਾਮੀ ਖਿਡਾਰੀ ਪੈਦਾ ਹੋਣਗੇ।

**ਮੋ. 9988445538**

**ਜਿਸ ਹਾਲਤ ਵਿੱਚ ਹੋ, ਭਗਵਾਨ ਦਾ ਧੰਨਵਾਦ ਕਰੋ। ਸੰਸਾਰ ਵਿੱਚ ਇਸ ਤੋਂ ਵੀ ਜਿਆਦਾ ਦੁੱਖ ਹਨ।**

**– ਜੈਸ਼ੰਕਰ ਪ੍ਰਸ਼ਾਦ**

**........ਬਾਕੀ ਸਫ਼ਾ 15 ਦੀ (ਛੋਟੇ ਸਾਹਿਬਜ਼ਾਦਿਆਂ..)**

11. ਰਤਨ ਸਿੰਘ ਭੰਗੂ; ਪ੍ਰਾਚੀਨ ਪੰਥ ਪ੍ਰਕਾਸ਼, ਸੰਪਾਦਕ ਭਾਈ ਵੀਰ ਸਿੰਘ, ਪੰਨਾ 63, ਖ਼ਾਲਸਾ ਸਮਾਚਾਰ, ਅੰਮ੍ਰਿਤਸਰ।

12. ਇਹ ਗੁਰ ਪ੍ਰਣਾਲੀ ਨਿਰਮਲੇ ਸੰਤ ਪੰਡਤ ਗੁਲਾਬ ਸਿੰਘ ਜੀ ਦੀ ਰਚਿਤ ਹੈ ਪਰ ਇਹ ਕਦੋਂ ਲਿਖੀ ਗਈ, ਇਹ ਨਿਰਣਾ ਨਹੀਂ ਹੋ ਸਕਿਆ। ਕਿਉਂਕਿ ਨਿਰਮਲੇ ਭੇਖ ਵਿਚ ਪੰਜ, ਇਕ ਨਾਮ ਵਾਲੇ ਪੰਡਤ ਗੁਲਾਬ ਸਿੰਘ ਵਿਦਵਾਨ ਹੋ ਚੁੱਕੇ ਹਨ ਪਰ ਸਾਡੇ ਖਿਆਲ ਅਨੁਸਾਰ ਇਸਦੇ ਲਿਖਾਰੀ, ਨਿਰਮਲੇ ਭੇਖ ਦੀ ਗਿਰਵੜੀ ਸੰਪ੍ਰਦਾਇ ਜਿਲਾ ਹੁਸ਼ਿਆਰਪੁਰ ਨਾਲ ਸੰਬੰਧਤ ਸਨ। ਡੇਰਾ ਗਿਰਵੜ-ਕੁਰਾਲਾ ਸਾਡੇ ਪਿੰਡ ਨੇੜੇ ਸਥਿਤ ਹੈ। ਮੈਂ ਕਈ ਉਹਨਾਂ ਦੀਆਂ ਰਚਿਤ ਪੁਸਤਕਾਂ ਪੜ੍ਹਣ ਤੋਂ ਬਾਅਦ ਇਹ ਨਿਰਣਾ ਲਿਆ ਹੈ ਕਿ ਇਹ ਲਿਖਤ ਪੰਡਤ ਗੁਲਾਬ ਸਿੰਘ ਗਿੜਵੜੀ ਵਾਲਿਆਂ ਦੀਆਂ ਰਚਿਤ ਹੈ। ਆਪ ਜੀ ਮਹੰਤ ਗਣੇਸ਼ਾ ਸਿੰਘ ਜੀ ਦੀ ਪੁਸਤਕ 'ਨਿਰਮਲ ਭੂਸ਼ਣ' ਪੰਨਾ 105 ਅਨੁਸਾਰ 1912 ਬਿਕਰਮੀ ਦੇ ਕੁੰਭ ਸਮੇਂ ਹਰਦੁਆਰ ਗਏ ਸਨ ਤੇ ਨਿਰਮਲੇ ਸੰਤਾਂ ਦੇ ਸਮਾਗਮਾਂ ਵਿੱਚ ਸ਼ਾਮਲ ਹੋਏ ਸਨ। ਇਸ ਅਨੁਸਾਰ ਆਪ ਜੀ ਦੀ ਇਸ ਲਿਖਤ ਦਾ ਸਮਾਂ 1912 ਬਿਕਰਮੀ (1855 ਈਸਵੀ) ਦੇ ਲਗਭਗ ਮੰਨਿਆ ਹੈ।

13. ਮਹੰਤ ਸੁਮੇਰ ਸਿੰਘ ਪਟਨਾ ਸਾਹਿਬ ਵਾਲੇ : ਗੁਰ ਪਦ ਪ੍ਰੇਮ ਪ੍ਰਕਾਸ਼, ਸਾਖੀ 205, ਉਤਰਾਰਧ, ਰਿਸਾਲਾ ਨਿਰੀਖਿਅਕ, ਅਕਤੂਬਰ 1980, ਪੰਨਾ 6।

14. ਗਿਆਨੀ ਗਿਆਨ ਸਿੰਘ : ਸ੍ਰੀ ਗੁਰੂ ਪੰਥ ਪ੍ਰਕਾਸ਼ : ਸੰਪਾਦਕ ਗਿਆਨੀ ਕ੍ਰਿਪਾਲ ਸਿੰਘ ਜੀ ਭਾਗ 3, ਪੰਨਾ 1655-56।

15. (ਨੋਟ: ਇਹ ਪੇਪਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਆਯੋਜਿਤ ਸੈਮੀਨਾਰ ਦਾ ਹਿੱਸਾ ਸੀ॥

**ਜਿਵੇਂ ਪਾਣੀ ਬਿਨਾਂ ਝੋਨਾ ਨਹੀਂ ਪੈਦਾ ਹੁੰਦਾ ਉਸੇ ਤਰ੍ਹਾਂ ਬਿਨਾਂ ਨਿਮਰਤਾ ਦੇ ਹਾਸਿਲ ਕੀਤੀ ਗਈ ਵਿੱਦਿਆ ਫਲਦਾਇਕ ਨਹੀਂ ਹੁੰਦੀ।**

**–ਭਗਵਾਨ ਮਹਾਂਵੀਰ**

# ਵਕਤ ਦੀ ਕਦਰ

– ਗੁਰਬਖਸ਼ ਸਿੰਘ 'ਪ੍ਰੀਤਲੜੀ'

ਕਹਿੰਦੇ ਹਨ, 'ਵਕਤ ਧਨ ਹੈ'। ਕੇਡੀ ਠੀਕ ਕਹਾਵਤ ਹੈ। ਦੁਨੀਆਂ ਜਦੋਂ ਪੈਦਾ ਹੋਈ ਸੀ, ਖਾਰੇ ਪਾਣੀਆਂ ਤੇ ਸੁੱਕੇ ਪੱਥਰਾਂ ਦੀ ਇਕ ਬੇ-ਮੁਰਾਦ ਜਿਹੀ ਧਰਤੀ ਸੀ, ਇਹਦੇ ਹੀਰੇ ਤੇ ਚਾਂਦੀ ਸੋਨੇ ਅਜਿਹੀਆਂ ਕੁੰਦਰਾਂ ਵਿਚ ਕੈਦ ਸਨ ਕਿ ਕਰੋੜਾਂ ਵਰ੍ਹੇ ਉਹਨਾਂ ਦਾ ਭੇਤ ਨਹੀਂ ਸਨ ਢੂੰਡ ਸਕੇ।

ਜਦੋਂ ਮਨੁੱਖ ਪ੍ਰਗਟ ਹੋਇਆ ਤੇ ਇਹਦੇ ਦਿਮਾਗ ਵਿਚ ਬੁੱਧੀ ਦੀ ਜੋਤ ਜਗੀ ਤਾਂ ਧਰਤੀ ਦੀਆਂ ਹਨ੍ਹੇਰੀਆਂ ਕੁੰਦਰਾਂ ਉੱਜਲੀਆਂ ਹੋਣ ਲਗ ਪਈਆਂ। ਉਹ ਅਮੁੱਕ ਧਨ ਇਹਦੀ ਨਜ਼ਰੀਂ ਪਿਆ ਕਿ ਜਿਥੇ ਕਰੋੜਾਂ ਵਰੇ ਅਣ-ਪੁੱਛਿਆਂ ਬੀਤ ਗਏ ਸਨ, ਓਥੇ ਅੱਜ ਇਹਨੂੰ ਘੜੀਆਂ ਦਾ ਲਾਲਚ ਹੋ ਗਿਆ। ਹਰੇਕ ਪਲ ਹਰੇਕ ਘੜੀ ਨਾਲ ਕੋਈ ਨਾ ਕੋਈ ਹੀਰਾ ਜਾਂ ਪੰਨਾ ਏਸ ਭੰਡਾਰ ਵਿਚੋਂ ਚੁੱਕ ਕੇ ਆਪਣਾ ਬਣਾਇਆ ਜਾ ਸਕਦਾ ਸੀ। ਇਹ ਭੰਡਾਰ ਅਮੁੱਕ ਹੈ, ਪਰ ਏਥੋਂ ਚੁੱਕ ਓਨਾ ਹੀ ਕੋਈ ਸਕਦਾ ਹੈ, ਜਿੰਨੀਆਂ ਘੜੀਆਂ ਉਹਦੇ ਕੋਲ ਹੁੰਦੀਆਂ ਹਨ।

ਘੜੀਆਂ ਹੀ ਏਸ ਲਈ ਹੀਰੇ ਹਨ, ਘੜੀਆਂ ਹੀ ਸੋਨਾ ਹਨ। ਘੜੀਆਂ ਹੀ ਓਹ ਸਾਡੀਆਂ ਪੇਟੀਆਂ ਹਨ, ਜਿਨ੍ਹਾਂ ਵਿਚ ਇਹ ਧਨ ਆਪਣੇ ਲਈ ਅਸੀਂ ਇਕੱਠਾ ਕਰ ਸਕਦੇ ਹਾਂ। ਜੀਹਦੇ ਕੋਲ ਇਹ ਪੇਟੀਆਂ ਨਹੀਂ, ਉਸ ਨੂੰ ਏਸ ਖ਼ਜ਼ਾਨੇ ਵਿਚੋਂ ਖ਼ਾਲੀ ਹੱਥ ਲੰਘ ਜਾਣਾ ਪੈਂਦਾ ਹੈ। ਓਹਦੇ ਸਾਹਮਣੇ ਲੋਕ ਪੇਟੀਆਂ ਭਰੀ ਜਾਂਦੇ ਹਨ, ਪਰ ਉਹ ਆਪਣੇ ਖਾਲੀ ਹੱਥਾਂ ਵਿਚ ਅਰਮਾਨ ਹੀ ਭਰਦਾ ਰਹਿੰਦਾ ਹੈ।

ਬਿਲਕੁਲ ਠੀਕ, ਕਿ ਵਕਤ ਧਨ ਹੈ। ਖਾਰੇ ਪਾਣੀਆਂ ਤੇ ਸੁੱਕੇ ਪੱਥਰਾਂ ਦਾ ਧਰਤੀ ਅੱਜ ਮਿੱਠਾ ਗੁਲਜ਼ਾਰ ਬਣੀ ਪਈ ਹੈ, ਮਾਇਆ ਨਾਲ ਖ਼ਜ਼ਾਨੇ ਭਰੇ ਹਨ, ਦੁੱਧ ਦੀਆਂ ਨਦੀਆਂ ਵਗ ਸਕਦੀਆਂ ਹਨ, ਅਨਾਜ ਦੇ ਅੰਬਾਰਾਂ ਦੀਆਂ ਚੋਟੀਆਂ ਅਸਮਾਨ ਨਾਲ ਲਗਦੀਆਂ ਹਨ, ਸਵਰਗ ਨੂੰ ਮਾਤ ਕਰਨ ਵਾਲੇ ਮਹਿਲ ਹਨ, ਹੂਰਾਂ ਨੂੰ ਸ਼ਰਮਾਉਣ ਵਾਲਾ ਹੁਸਨ ਹੈ।

ਇਹ ਸਾਰਾ ਧਨ ਧਰਤੀ ਦੇ ਤਹਿਖਾਨਿਆਂ ਵਿੱਚੋਂ ਵਕਤ ਦੀਆਂ ਪੇਟੀਆਂ ਵਿੱਚ ਬੰਦ ਕਰਕੇ ਉੱਪਰ ਲਿਆਇਆ ਗਿਆ ਹੈ। ਓਹਨਾਂ ਆਦਮੀਆਂ ਤੇ ਇਸਤਰੀਆਂ ਨੇ ਆਂਦਾ ਹੈ, ਜਿਹੜੇ ਖਾਣਾ, ਸੌਣਾ, ਪਹਿਨਣਾ ਭੁੱਲ ਗਏ ਤੇ ਆਪਣੀਆਂ ਘੜੀਆਂ ਨੂੰ ਧਨ ਨਾਲ ਭਰ ਕੇ ਲੋਕਾਂ ਦੀ ਵਰਤੋਂ ਲਈ ਭੇਟ ਕਰਦੇ ਰਹੇ। ਜਦੋਂ ਸਾਥੀ ਸੁੱਤੇ ਹੋਏ ਹੁੰਦੇ ਸਨ, ਜਾਂ ਦਾਅਵਤਾਂ ਉੱਤੇ ਬੈਠੇ ਸ਼ਰਾਬਾਂ ਪੀ ਰਹੇ ਤੇ ਐਸ਼ ਕਰਦੇ ਸਨ, ਓਦੋਂ ਫੋਰਡ ਤੇ ਐਡੀਸਨ ਆਪਣੇ ਰੀਸਰਚ-ਕਮਰਿਆਂ (ਤਜਰਬਾ-ਕਮਰਿਆਂ) ਵਿੱਚ ਦੋ ਦਿਨਾਂ ਦੀਆਂ ਉਨੀਂਦੀਆਂ ਅੱਖਾਂ ਨਾਲ ਭੁੱਖੇ, ਤਿਹਾਏ, ਤਜ਼ਰਬੇ ਕਰਦੇ ਹੁੰਦੇ ਸਨ। ਸਾਰੀਆਂ ਸੁਖ-ਵਧਾਊ ਕਾਢਾਂ, ਰੇਲਾਂ, ਹਵਾਈ ਜਹਾਜ਼, ਸਮੁੰਦਰੀ ਬੇੜੇ, ਮੋਟਰਾਂ, ਤਾਰਾਂ, ਪੁਲ ਤੇ ਨਹਿਰਾਂ ਉਹਨਾਂ ਦੀ ਕ੍ਰਿਤ ਹਨ, ਜਿਨ੍ਹਾਂ ਆਪਣੀ ਇਕ ਇਕ ਘੜੀ ਨੂੰ ਏਸ ਤਰ੍ਹਾਂ ਵਰਤਿਆ ਹੈ, ਜਿਸ ਤਰ੍ਹਾਂ ਕੋਈ ਸਿਆਣਾ ਸੁਦਾਗਰ ਆਪਣੇ ਧਨ ਨੂੰ ਵਰਤਦਾ ਹੈ ।

ਵਕਤ ਹੀ ਧਨ ਹੈ, ਜਿਸ ਨੇ ਇਹ ਸਚਿਆਈ ਪਰਖ ਲਈ, ਉਹ ਫੇਰ ਨਾ ਆਪਣੀ ਹੀ ਕੋਈ ਘੜੀ ਗਵਾਉਂਦਾ ਹੈ ਤੇ ਨਾ ਕਿਸੇ ਦੂਜੇ ਦੀ। ਉਹਨੂੰ ਵਕਤ ਭਾਰਾ ਨਹੀਂ ਜਾਪਦਾ, ਉਹ ਇਹ ਨਹੀਂ ਕਹਿੰਦਾ, "ਜੋ ਦਮ ਲੰਘ ਗਿਆ, ਵਾਹ ਵਾਹ"। ਉਹਦੀ ਚਾਲ ਤਿੱਖੀ ਹੋ ਜਾਂਦੀ ਹੈ, ਉਹ ਸਵੇਰੇ ਮੰਜੇ ਉੱਤੇ ਪਾਸੇ ਨਹੀਂ ਮਾਰਦਾ, ਉਹ ਦੁਪਹਿਰੀਂ ਘੁਰਾੜੇ ਨਹੀਂ ਮਾਰਦਾ, ਉਹ ਤਾਸ਼ ਨਹੀਂ ਖੇਡ ਸਕਦਾ, ਉਹ ਗੱਪਾਂ ਤੋਂ ਕਾਹਲਾ ਪੈ ਜਾਂਦਾ ਹੈ।

ਜਿਸ ਕੌਮ ਵਿੱਚ ਵਕਤ ਦੀ ਕਦਰ ਨਹੀਂ, ਉਹ ਹਮੇਸ਼ਾਂ ਗਰੀਬ ਰਹੇਗੀ। ਅਮੀਰ ਕੌਮਾਂ ਵਿੱਚ ਵਕਤ ਦੀ ਪਾਬੰਦੀ ਕਹੌਤ ਬਣ ਗਈ ਹੈ। ਠੀਕ ਵੇਲੇ ਸਿਰ ਗੱਡੀਆਂ ਆਉਂਦੀਆਂ ਹਨ, ਮੀਟਿੰਗਾਂ ਲੱਗਦੀਆਂ ਹਨ। ਅੰਗਰੇਜ਼ ਅਫਸਰਾਂ ਦਾ ਦੌਰਾ ਮਹੀਨਾ-ਮਹੀਨਾ ਪਹਿਲੋਂ ਛਪ ਜਾਂਦਾ ਹੈ ਤੇ ਛਪੇ ਪ੍ਰੋਗਰਾਮ ਅਨੁਸਾਰ ਨੇਪਰੇ ਚੜ੍ਹਦਾ ਹੈ। ਜਹਾਜ਼ਾਂ ਦੇ ਵਕਤਾਂ ਦਾ ਚਾਰ ਚਾਰ ਮਹੀਨੇ ਪਹਿਲੋਂ ਇਸ਼ਤਿਹਾਰ ਦਿੱਤਾ ਜਾਂਦਾ ਹੈ।

ਅਸੀਂ ਹਿੰਦੁਸਤਾਨੀ ਤੇ ਖ਼ਾਸ ਕਰ ਪੰਜਾਬੀ ਏਸ ਗੱਲ ਵਿਚ ਬੜੇ ਕਸੂਰਵਾਰ ਹਾਂ, ਸਾਨੂੰ ਵਕਤ ਦੀ ਕੋਈ ਕਦਰ ਨਹੀਂ। ਸਾਡੀਆਂ ਰਸਮਾਂ ਵਕਤ ਦੀਆਂ ਖਾਊ ਹਨ। ਸਾਡੇ ਵਿਆਹ, ਜੰਮਣੀਆਂ, ਮਰਨੇ, ਸਿਆਪੇ, ਮਕਾਣਾਂ, ਬੀਮਾਰ ਪੁਰਸੀਆਂ ਸਭ ਵਕਤ ਨੂੰ ਬਰਬਾਦ ਕਰਦੇ ਹਨ। ਅਮੀਰ ਮੁਲਕਾਂ ਵਿੱਚ ਇਹਨਾਂ ਵਿੱਚੋਂ ਕਿਸੇ ਕੰਮ ਉੱਤੇ ਨਾ ਆਪਣਾ ਤੇ ਨਾ ਦੋਸਤਾਂ-ਸੰਬੰਧੀਆਂ ਦਾ ਵਕਤ ਹਰਜ ਕੀਤਾ ਜਾਂਦਾ ਹੈ। ਉਹਨਾਂ ਮੁਲਕਾਂ ਵਿੱਚ ਬਿਨਾਂ ਕੰਮ ਦੇ ਕੋਈ ਕਿਸੇ ਦੇ ਘਰ ਨਹੀਂ ਜਾਂਦਾ ਤੇ ਜਦੋਂ ਜਾਂਦਾ ਹੈ, ਮਤਲਬ ਦੀ ਗੱਲ ਕਰਕੇ ਮੁੜ ਆਉਂਦਾ ਹੈ। ਅਸੀਂ ਬਿਨਾਂ ਕੰਮ ਹੀ ਕਿਸੇ ਦੇ ਘਰ ਚਲੇ

ਜਾਂਦੇ, ਤੇ ਅੱਧਾ-ਅੱਧਾ ਦਿਨ ਓਥੇ ਬੈਠੇ ਰਹਿੰਦੇ ਹਾਂ। ਚਾਹੀਦਾ ਇਹ ਹੈ ਕਿ ਆਪਣੇ ਜਾਣ ਦੀ ਦੂਜੀ ਧਿਰ ਨੂੰ ਪਹਿਲੋਂ ਖ਼ਬਰ ਦਿੱਤੀ ਜਾਏ, ਤੇ ਉਹਦੇ ਵਕਤ ਦਾ ਪੂਰਾ ਖ਼ਿਆਲ ਰੱਖਿਆ ਜਾਏ।

ਸਾਡੀਆਂ ਸ਼ਖ਼ਸੀਅਤਾਂ ਏਸੇ ਲਈ ਵੱਡੀਆਂ ਨਹੀਂ ਹੁੰਦੀਆਂ, ਕਿਉਂਕਿ ਜਿਹੜਾ ਥੋੜ੍ਹਾ ਜਿਹਾ ਸਮਾਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਤੋਂ ਬਚਦਾ ਹੈ, ਉਹ ਅਸੀਂ ਵਿਅਰਥ ਗਵਾ ਦਿੰਦੇ ਹਾਂ। ਸਾਡੀਆਂ ਰਸਮਾਂ ਸਾਨੂੰ ਕੁਝ ਕਰਨ ਨਹੀਂ ਦੇਂਦੀਆਂ। ਸ਼ਖ਼ਸੀਅਤ ਵੱਡੀ ਹੁੰਦੀ ਹੈ ਪੜ੍ਹਨ ਨਾਲ, ਚੰਗੀ ਸੁਹਬਤ ਨਾਲ, ਵਿਚਾਰ ਕਰਨ ਨਾਲ। ਅਸੀਂ ਲੋਕ ਕੋਈ ਏਡੇ ਕੰਮਾਂ ਵਾਲੇ ਨਹੀਂ, ਪਰ ਤਾਂ ਵੀ ਸਾਡੇ ਵਿਚੋਂ ਚੰਗੀ ਪੜ੍ਹਾਈ ਦਾ ਸ਼ੌਕ ਰੱਖਣ ਵਾਲੇ ਸਾਲ ਵਿੱਚ ਬਾਰਾਂ ਚੌਦਾਂ ਕਿਤਾਬਾਂ ਤੋਂ ਵੱਧ ਨਹੀਂ ਪੜ੍ਹਦੇ। ਪਰ ਵਕਤ ਦੀ ਕਦਰ ਕਰਨ ਵਾਲੇ ਲੋਕ ਬਾਵਜੂਦ ਕੰਮਾਂ ਕਾਜਾਂ ਦੇ ਅਨੇਕਾਂ ਕਿਤਾਬਾਂ ਪੜ੍ਹ ਛੱਡਦੇ ਹਨ।

ਆਪਣੇ ਵਕਤ ਦਾ ਹਿਸਾਬ ਰੱਖਣਾ ਸ਼ੁਰੂ ਕਰ ਦਿਉ। ਆਪਣਾ ਟਾਈਮ ਟੇਬਲ ਬਣਾਓ। ਤੁਸੀਂ ਹੈਰਾਨ ਹੋ ਜਾਉਗੇ ਕਿ ਕਿੰਨਾ ਸਾਡਾ ਵਕਤ ਐਵੇਂ ਅਣਮੱਲਿਆ ਹੀ ਤੁਰ ਜਾਂਦਾ ਰਿਹਾ ਹੈ ਤੇ ਏਸ ਵਕਤ ਦੀ ਵਰਤੋਂ ਨਾਲ ਤੁਸੀਂ ਕੀ ਕੁਝ ਨਹੀਂ ਬਣ ਸਕਦੇ। ਜਦੋਂ ਵਕਤ ਨੂੰ ਸਾਂਭ ਕੇ ਵਰਤਣ ਦਾ ਸੁਆਦ ਪੈ ਜਾਏਗਾ, ਤੁਸੀਂ ਹਰ ਜੰਞ ਵਿੱਚ ਸ਼ਾਮਿਲ ਨਹੀਂ ਹੋ ਸਕੋਗੇ, ਹੋਰ ਵਿਖਾਲਿਆਂ ਤੋਂ ਅੱਕ ਜਾਓਗੇ। ਭੈੜੀਆਂ ਰਸਮਾਂ ਓਨਾ ਚਿਰ ਦੂਰ ਨਹੀਂ ਹੋਣਗੀਆਂ ਜਿੰਨਾ ਚਿਰ ਸਾਨੂੰ ਆਪਣੇ ਵਕਤ ਦੀ ਲੋੜ ਨਹੀਂ ਪੈਂਦੀ। ਵਕਤ ਦੀ ਸਿਆਣੀ ਵਰਤੋਂ ਹੀ ਗਾਂਧੀ ਵਰਗੀਆਂ ਹਸਤੀਆਂ ਪੈਦਾ ਕਰਦੀ ਹੈ। ਗਾਂਧੀ ਇਕ ਸਾਧਾਰਨ ਆਦਮੀ ਹੈ। ਗਾਂਧੀ ਜੀ ਦੀਆਂ ਦਿਮਾਗੀ ਤੇ ਮਾਨਸਿਕ ਤਾਕਤਾਂ ਅਨੋਖੀਆਂ ਨਹੀਂ ਹਨ। ਓਹਨਾਂ ਦੀ ਵਡਿੱਤਣ ਦਾ ਭੇਤ ਇਹੀ ਹੈ ਕਿ ਉਹਨਾਂ ਆਪਣੀ ਇਕ-ਇਕ ਘੜੀ ਨੂੰ ਲੇਖੇ ਲਾਉਣ ਦਾ ਯਤਨ ਕੀਤਾ ਹੈ। ਕਿਹਾ ਜਾਂਦਾ ਹੈ ਕਿ ਉਹ ਦੁਨੀਆਂ ਦੇ ਸਭ ਤੋਂ ਬਹੁਤੇ ਮਸਰੂਫ (ਰੁਝੇਵੇਂ ਵਾਲੇ) ਆਦਮੀ ਰਹੇ ਹਨ। ਇਹ ਵੀ ਗੱਲ ਠੀਕ ਹੈ ਕਿ ਜਿੰਨਾ ਬਹੁਤਾ ਰੁਝੇਵਾਂ ਕਿਸੇ ਦਾ ਹੋਵੇ, ਉਨੇ ਹੀ ਕੰਮਾਂ ਲਈ ਉਹ ਵਿਹਲ ਕੱਢ ਸਕਦਾ ਹੈ। ਵਿਹਲੇ ਆਦਮੀਆਂ ਨੂੰ ਕਾਸੇ ਦੀ ਵਿਹਲ ਨਹੀਂ ਹੁੰਦੀ, ਉਹ ਆਪਣੇ ਖ਼ਤਾਂ ਦਾ ਉੱਤਰ ਵੀ ਨਹੀਂ ਦੇ ਸਕਦੇ, ਪਰ ਗਾਂਧੀ ਜੀ ਵਰਗੇ ਮਸਰੂਫ ਆਦਮੀ ਸੈਂਕੜੇ ਚਿੱਠੀਆਂ ਦਾ ਉੱਤਰ ਆਪ ਲਿਖਾਂਦੇ ਤੇ ਲਿਖਦੇ ਹਨ।

ਵਕਤ ਦੀ ਚੰਗੀ ਵਰਤੋਂ ਦੇ ਗੁਰ ਇਹ ਹਨ-

1. ਕੋਈ ਮਨੋਰਥ ਸਾਹਮਣੇ ਰੱਖੋ- ਇਮਤਿਹਾਨ ਪਾਸ ਕਰਨਾ, ਕੋਈ ਕਿਤਾਬ ਲਿਖਣਾ, ਹਰ ਸਾਲ ਦੇ ਸ਼ੁਰੂ ਵਿਚ ਨੀਯਤ ਕਰ ਲੈਣਾ ਕਿ ਇਸ ਸਾਲ ਤਾਰਿਆਂ ਦਾ ਕੁਝ ਗਿਆਨ ਸਿੱਖਣਾ ਹੈ, ਏਸ ਸਾਲ ਹਿਸਟਰੀ ਦੀ ਵਾਕਫ਼ੀਅਤ ਕਰਨੀ ਹੈ, ਏਸ ਸਾਲ ਕੋਈ ਜ਼ੁਬਾਨ ਸਿਖਣੀ ਹੈ ਆਦਿ।

2. ਟਾਈਮ-ਟੇਬਲ ਬਣਾ ਕੇ ਕੰਮ ਕਰੋ। ਹਰ ਮਹੀਨੇ ਦੇ ਸ਼ੁਰੂ ਵਿਚ ਟਾਈਮ-ਟੇਬਲ ਬਣਾਉ, ਮੁਤਾਲਿਆ ਕਰਨ ਵਾਲੀਆਂ ਕਿਤਾਬਾਂ ਨੀਯਤ ਕਰੋ, ਤੇ ਆਪਣੇ ਵਿਹਲੇ ਵਕਤ ਦਾ ਹਿਸਾਬ ਲਾ ਕੇ ਆਪਣਾ ਮਾਹਵਾਰੀ ਕੋਰਸ ਤਜਵੀਜ਼ ਕਰੋ।

3. ਆਪਣੇ ਸੌਣ ਦੇ ਸਮੇਂ ਦਾ ਫੈਸਲਾ ਕਰੋ। ਸੱਤ ਹੱਦ ਅੱਠ ਘੰਟੇ ਨੀਂਦ ਬੜੀ ਕਾਫ਼ੀ ਹੈ। ਏਦੂੰ ਵਧ ਸੌਣਾ ਵਕਤ ਦੀ ਚੰਗੀ ਵਰਤੋਂ ਨਹੀਂ ਹੈ। ਹਫ਼ਤੇ ਵਿੱਚ ਇਕ ਅੱਧ ਦਿਨ ਜੇ ਜੀ ਕਰੇ ਤਾਂ ਅੱਠ ਘੰਟੇ ਤੋਂ ਵੱਧ ਵੀ ਸੌਂ ਲਿਆ ਜਾਏ।

4. ਜ਼ਿੰਦਗੀ ਵਿਚੋਂ ਸਭ ਵਿਖਾਲਾ ਕੱਢ ਸੁੱਟੋ। ਨਾ ਵਿਖਾਲੇ ਲਈ ਕਿਸੇ ਦੇ ਘਰ ਜਾਓ, ਨਾ ਵਿਖਾਲੇ ਲਈ ਕਿਸੇ ਨੂੰ ਸੱਦੋ। ਸਿਵਾਇ ਉਹਨਾਂ ਡਾਢੇ ਨਿਕਟੀ ਮਿੱਤਰਾਂ ਦੇ, ਜਿਨ੍ਹਾਂ ਕੋਲੋਂ ਤੁਹਾਨੂੰ ਕੋਈ ਸੰਕੋਚ ਨਹੀਂ, ਕਿਸੇ ਨੂੰ ਨਿਉਂਦੇ (ਸੱਦੇ, ਬੁਲਾਵੇ) ਨਾ ਆਖੋ ਤੇ ਨਾ ਦੂਜਿਆਂ ਦੇ ਨਿਉਂਦੇ ਮੰਨੋ। ਇਹਨਾਂ ਨਿਉਂਦਿਆਂ ਉੱਤੇ ਬੜਾ ਸਮਾਂ ਲੱਗਦਾ ਹੈ।

5. ਰਸਮੀ-ਪੂਜਾ, ਮੇਲੇ, ਤੀਰਥ ਸਭ ਪਰ੍ਹੇ ਕਰੋ। ਆਪਣੇ ਕੰਮ ਵਿਚ ਜੁੱਟ ਜਾਓ, ਇਹ ਸਭ ਤੋਂ ਵੱਡੀ ਪੂਜਾ ਹੈ ।

6. ਇਕ ਵਾਰੀ ਔਖੇ ਸੁਖਾਲੇ ਹੋ ਕੇ ਇਹ ਸ਼ੁਹਰਤ ਪੈਦਾ ਕਰ ਲਵੋ, ਕਿ ਤੁਸੀਂ ਮਸਰੂਫ ਆਦਮੀ ਹੋ, ਵਕਤ ਦੀ ਕਦਰ ਕਰਨ ਵਾਲੇ ਹੋ। ਫੇਰ ਆਪੇ ਹੀ ਲੋਕ ਤੁਹਾਡੇ ਕੋਲ ਆਉਣੋਂ ਸੰਕੋਚ ਕਰਿਆ ਕਰਨਗੇ। ਇਹ ਸ਼ੁਹਰਤ ਏਸ ਤਰ੍ਹਾਂ ਪ੍ਰਾਪਤ ਹੋ ਸਕਦੀ ਹੈ ਕਿ ਜਦ ਕਿਸੇ ਜੰਞ ਵਿਆਹ ਤੇ ਕੁੜਮਾਈ ਆਦਿ ਦਾ ਸੱਦਾ ਆਵੇ, ਤਾਂ ਵੀ ਸੌ ਗਿਣਤੀ ਬਾਅਦ ਮੰਨਿਆ ਕਰੋ, (ਜੇ ਤੁਸੀਂ ਮੋੜ ਸਕੋ ਤਾਂ ਉਸ ਵਰਗੀ ਤਾਂ ਗੱਲ ਹੀ ਕੋਈ ਨਹੀਂ)।

7. ਜੇ ਕਿਸੇ ਦੇ ਘਰੇ ਜਾਣਾ ਪਵੇ, ਤਾਂ ਮਤਲਬ ਪੂਰਾ ਕਰ ਕੇ ਉੱਠ ਆਇਆ ਕਰੋ। ਕਈ ਆਦਮੀ ਉੱਠਣੋਂ ਹੀ ਸੰਗਦੇ ਰਹਿੰਦੇ ਹਨ। ਜਿਸ ਵੇਲੇ ਬੋਲ ਚਾਲ ਵਿਚ ਜਰਾ ਲੰਮੇਰੀ ਚੁੱਪ ਆਉਂਦੀ ਵੇਖੋ, ਓਸੇ ਵੇਲੇ ਆਗਿਆ ਮੰਗ ਕੇ ਤੁਰਨ ਦੀ ਕਰੋ। ਕਈ ਆਦਮੀ ਮੈਂ ਵੇਖੇ ਹਨ, ਪੰਦਰਾਂ-ਪੰਦਰਾਂ ਮਿੰਟ ਚੁੱਪ ਹੀ ਬੈਠੇ ਰਹਿੰਦੇ ਹਨ, ਪਰ ਉੱਠ ਕੇ ਤੁਰਨ ਦਾ ਹੀਆ ਨਹੀਂ ਕਰਦੇ।

ਵਕਤ ਧਨ ਹੈ। ਵਕਤ ਨੂੰ ਐਵੇਂ ਨਾ ਗਵਾਓ। ਥੋੜ੍ਹਾ-ਥੋੜ੍ਹਾ ਸਮਾਂ ਰੋਜ਼ ਚੰਗੀ ਤਰ੍ਹਾਂ ਵਰਤਿਆਂ ਦਸਾਂ ਵਰ੍ਹਿਆਂ ਵਿੱਚ ਜ਼ਿੰਦਗੀ ਬਦਲ ਸਕਦਾ ਹੈ। ਗਰੀਬ ਅਮੀਰ ਹੋ ਸਕਦੇ ਹਨ, ਕੁਹਜੇ ਸੁਹਣੇ ਹੋ ਸਕਦੇ ਹਨ, ਅਨਪੜ੍ਹ ਆਲਮ ਬਣ ਸਕਦੇ ਹਨ।


# ਵਧੇਰੀ ਪ੍ਰੋਟੀਨ ਗੁਣਵੱਤਾ ਵਾਲੀ ਮੱਕੀ

ਡਾ. ਆਲਾ ਸਿੰਘ, ਡਾ. ਧਰਮਪਾਲ


ਕ੍ਰਿਸ਼ੀ ਭਾਰਤ ਵਿੱਚ ਇੱਕ ਮਹੱਤਵਪੂਰਨ ਸਥਾਨ ਰੱਖਦੀ ਹੈ ਕ੍ਰਿਸ਼ੀ ਬਾਰੇ ਆਖਿਆ ਜਾਂਦਾ ਹੈ ਕਿ ਹਰ ਚੀਜ਼ ਇੰਤਜ਼ਾਰ ਕਰ ਸਕਦੀ ਹੈ ਪਰ ਕ੍ਰਿਸ਼ੀ ਨਹੀਂ। ਕ੍ਰਿਸ਼ੀ ਜਾਂ ਖੇਤੀ ਨੂੰ ਦੇਸ਼ ਦੀ ਜੀਵਨ ਰੇਖਾ ਆਖਿਆ ਜਾਂਦਾ ਹੈ ਭਾਰਤ ਵਿੱਚ ਪੰਜਾਬ ਅਤੇ ਹਰਿਆਣਾ ਦੋ ਖੇਤੀ ਪ੍ਰਧਾਨ ਰਾਜ ਹਨ। ਜਿਨ੍ਹਾਂ ਦੇ ਕਿਸਾਨ ਅਗਾਂਹਵਾਧੂ ਵਿਚਾਰਧਾਰਾ ਦੇ ਧਨੀ ਮੰਨੇ ਜਾਂਦੇ ਹਨ। ਖੇਤੀ ਇੱਕ ਉੱਭਰਦਾ ਹੋਇਆ ਖੇਤਰ ਹੈ ਜਿਸ ਵਿੱਚ ਨਵੀਆਂ ਕਿਸਮਾਂ ਚੰਗੇ ਬੀਜਾਂ ਅਤੇ ਰਸਾਇਣਾਂ ਦੀ ਨਿੱਤ ਲੋੜ ਰਹਿੰਦੀ ਹੈ।

ਉੱਤਰ ਭਾਰਤ ਵਿੱਚ ਝੋਨੇ ਕਣਕ ਦੇ ਫ਼ਸਲੀ ਚੱਕਰ ਦੇ ਵਿਕਲਪਾਂ ਦੀ ਅੱਜ ਕੱਲ ਚਰਚਾ ਹੁੰਦੀ ਹੈ। ਝੋਨਾ ਪਾਣੀ ਦੀ ਵਰਤੋਂ ਬਹੁਤ ਮੰਗਦਾ ਹੈ। ਇਸ ਲਈ ਘੱਟ ਵਰਤੋਂ ਵਾਲੀਆਂ ਫ਼ਸਲਾਂ ਨੂੰ ਵਿਕਲਪ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ ਇਨ੍ਹਾਂ ਵਿਕਲਪਾਂ ਚ ਮੱਕੀ (maize/corn) ਬਹੁਤ ਕਾਰਗਰ ਮੰਨੀ ਜਾ ਰਹੀ ਹੈ।

ਮੱਕੀ ਦੀਆਂ ਕਈ ਕਿਸਮਾਂ ਮੌਜੂਦ ਹਨ ਜਿਵੇਂ ਕਿ ਮੱਕੀ (normal corn) ਮਿੱਠੀ ਮੱਕੀ (sweet corn) ਸ਼ਿਸ਼ੂ ਮੱਕੀ (baby corn) ਆਦਿ ਇੱਕ ਹੋਰ ਕਿਸਮ ਦੀ ਮੱਕੀ ਤੇ ਕੰਮ ਚੱਲ ਰਿਹਾ ਹੈ। ਜਿਸ ਨੂੰ ਵਧੇਰੇ ਪ੍ਰੋਟੀਨ ਗੁਣਵੱਤਾ ਮੱਕੀ ਜਾਂ quality protein maize (QPM) ਆਖਿਆ ਜਾਂਦਾ ਹੈ। ਇਸ ਖਾਸ ਕਿਸਮ ਦੀ ਮੱਕੀ QPM ਬਾਰੇ ਚਰਚਾ ਇਸ ਲੇਖ ਦਾ ਵਿਸ਼ਾ ਹੈ QPM ਤੇ ਭਾਰਤ ਵਿਚ ਵੀ ਕਾਫੀ ਕੰਮ ਹੋਇਆ ਹੈ। ਇਸ ਦੇ ਉਦਗਮ ਵਿੱਚ ਇੱਕ ਅੰਤਰਰਾਸ਼ਟਰੀ ਸੰਸਥਾ CIMMYT ਵਿੱਚ ਕੰਮ ਕਰ ਰਹੇ ਭਾਰਤੀ ਵਿਗਿਆਨ ਸ਼੍ਰੀ ਵਾਸਲ ਨੇ ਯੋਗਦਾਨ ਦਿੱਤਾ ਉਨ੍ਹਾਂ ਨੂੰ ਖੇਤ ਵਿੱਚ ਇੱਕ ਖਾਸ ਕਿਸਮ ਦੇ ਬੀਜ ਮਿਲੇ ਜੋ ਆਮ ਮੱਕੀ ਦੇ ਬੀਜਾਂ ਤੋਂ ਵੱਖਰੇ ਸਨ ਮੱਕੀ ਦੇ ਬੀਜਾਂ ਨੂੰ ਜਦੋਂ ਚਿੱਟੀ ਰੌਸ਼ਨੀ ਸਾਹਵੇਂ ਰੱਖੀਏ ਤਾਂ ਉਹ ਪਾਰਦਰਸ਼ੀ (Transparent) ਪ੍ਰਤੀਤ ਹੁੰਦੇ ਹਨ ਪਰ ਸ਼੍ਰੀ ਬਾਂਸਲ ਨੂੰ ਮਿਲੇ ਬੀਜ ਧੁੰਦਲੇ (*opaque*) ਸਨ। ਇਸ ਵਾਸਤੇ ਉਨ੍ਹਾਂ ਇਸ ਮੱਕੀ ਦਾ ਨਾਮ opaque maize ਰੱਖ ਦਿੱਤਾ। opaque ਮੱਕੀ ਆਮ ਮੱਕੀ opaque ਬਾਕੀ ਦੇ ਪ੍ਰੀਖਣ ਤੋਂ ਪਤਾ ਲੱਗਿਆ ਕਿ ਇਸ ਦੀ ਪ੍ਰੋਟੀਨ ਗੁਣਵੱਤਾ ਕਾਫੀ ਚੰਗੀ ਹੈ opaque ਅਤੇ ਆਮ ਮੱਕੀ ਚ ਪ੍ਰੋਟੀਨ ਦੀ ਮਾਤਰਾ ਲਗਪਗ ਇੱਕੋ ਜਿਹੀ ਹੈ। ਪਰ *opaque* ਮੱਕੀ ਮੱਕੀ ਵਿੱਚ ਦੋ ਪੌਸ਼ਟਿਕ ਤੱਤ lysine ਅਤੇ tryptophan ਵਧੇਰੀ ਮਾਤਰਾ ਚ ਸਨ। lysine ਅਤੇ tryptophan ਪ੍ਰੋਟੀਨ ਦਾ ਹੀ ਹਿੱਸਾ ਹੁੰਦੇ ਹਨ ਇਹ ਪਸ਼ੂ ਅਤੇ ਇਨਸਾਨ ਦੀ ਸਿਹਤ ਲਈ ਚੰਗੇ ਮੰਨੇ ਜਾਂਦੇ ਹਨ। ਇਸ ਕਾਰਨ ਹੀ ਕਿਸਮਾਂ ਲਾਹੇਵੰਦ ਹੁੰਦੀ ਹੈ ਪਰ opaque ਮੱਕੀ ਦਾ ਪ੍ਰਯੋਗ ਖੇਤੀ ਲਈ ਨਹੀਂ ਕੀਤਾ ਜਾ ਸਕਦਾ। ਇਸ ਦਾ ਕਾਰਨ ਹੈ ਕਿ ਇਹ ਦਾਣੇ ਬਹੁਤ ਕੋਮਲ ਹੁੰਦੇ ਹਨ ਸਖ਼ਤ ਨਾ ਹੋਣ ਕਰਕੇ ਇਨ੍ਹਾਂ ਵਿੱਚ ਛੇਤੀ ਕੀੜੇ ਲੱਗ ਜਾਂਦੇ ਹਨ opaque ਮੱਕੀ ਦੀ ਇਸ ਸਮੱਸਿਆ ਨੂੰ ਦੂਰ ਕਰਨ ਵਾਸਤੇ ਵਿਗਿਆਨੀਆਂ ਨੇ ਇਸ ਵਿੱਚ ਸੁਧਾਰ ਕਰਨੇ ਸ਼ੁਰੂ ਕੀਤੇ। ਕਾਫੀ ਪ੍ਰਯੋਗਾਂ ਅਤੇ ਅਭਿਆਸ ਬਾਅਦ ਉਨ੍ਹਾਂ ਇਸ ਦੀ ਸਮੱਸਿਆ ਕੋਮਲ ਦਾਨਿਆਂ ਨੂੰ ਸੁਲਝਾ ਲਿਆ ਇੱਕ ਨਵੀਂ ਕਿਸਮ ਦੀ ਮੱਕੀ




25% ਧੁੰਦਲੇਪਨ ਵਾਲੀ ਮੱਕੀ ਵਿੱਚ ਪ੍ਰੋਟੀਨ ਗੁਣਵੱਤਾ ਚੰਗੀ ਪਾਈ ਗਈ ਹੈ।
50, 75 ਅਤੇ 100% ਧੁੰਦਲੇਪਨ ਵਾਲੇ ਬੀਜ ਕੋਮਲ ਹੁੰਦੇ ਹਨ।
25% ਧੁੰਦਲੇਪਨ ਵਾਲੀ ਮੱਕੀ ਨੂੰ ਪ੍ਰਯੋਗਸ਼ਾਲਾ ਦੀ ਜਾਂਚ ਅਤੇ ਮਾਹਰਾਂ ਦੀ ਰਾਏ ਲੈਣ ਤੋਂ ਬਾਅਦ ਵਰਤਣ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ।




**(ਤਸਵੀਰ ਰਾਹੀਂ) ਵੱਖ ਵੱਖ ਮੱਕੀ ਦੀ ਵਿਸ਼ੇਸ਼ਤਾ**

ਤਸਵੀਰ ਕੇਵਲ ਸੰਕੇਤਕ ਹੈ

ਨੂੰ ਵਿਕਸਿਤ ਕੀਤਾ, ਜਿਸ ਦੇ ਵਿੱਚ ਪ੍ਰੋਟੀਨ ਗੁਣਵਤਾ ਅਰਥਾਤ *lysine* ਅਤੇ *Tryptophan* ਵੱਧ ਹਨ ਅਤੇ ਦਾਣੇ ਵੀ ਸਖ਼ਤ ਹਨ।

ਇਸ ਮੱਕੀ ਨੂੰ QPM ਜਾਂ Quality Protein Maize ਆਖਿਆ ਗਿਆ। ਇਸ ਮੱਕੀ ਦੇ Hybrid ਵੀ ਉਪਲੱਬਧ ਹਨ ਇਸ ਬਾਰੇ ਵਧੇਰੀ ਜਾਣਕਾਰੀ ਲਈ ਭਾਰਤੀ ਕ੍ਰਿਸ਼ੀ ਖੋਜ ਕੌਂਸਲ *(icar)* ਅਤੇ ਭਾਰਤੀ ਮੱਕੀ ਖੋਜ ਸੰਸਥਾ (iimr) ਨੂੰ ਸੰਪਰਕ ਕੀਤਾ ਜਾ ਸਕਦਾ ਹੈ।

# The Dampness in the Eyes

**- Taranjit Singh Namdhari**

Every year as the 13th of December approaches, a kind of emptiness starts to envelop me which makes me uneasy, it reminds me of the immense loss that we have all faced as humans despite knowing that in the end everything and everyone shall pass - nobody gets away with it, yet the question still remains how and why did it happen. Such was the impact that Satguru Jagjit Singh ji had on our lives. Thus this year was no different except for the fact that the emptiness struck early and in a moment of celebration in the midst of the pandemic.

Like every December, every November is the time to celebrate the Prakash of Satguru Jagjit Singh Ji. 2020 was going to be special as it was the first centenary - the 100th year. As always a music concert marked the culmination of the celebrations. Pt Rajan-Sajan Mishra - long time favourites of Satguru ji were singing. Midway through the second bandish Pt Sajan Mishra looked at the picture of Satguru Ji that was kept on the stage and the heart skipped a beat - a lump formed in the throat and the eyes went damp - just like that - the song in the mind changed as memories came rushing back - in that moment the celebration became a personal experience of the little little things, gestures and conversations, bringing me to the crossroad of happiness and grief - but there was no choice and no turning back - such is life that despite what one may try both will always be there.

Truth be told it was hard to fathom on the 13th off December 2012 and has been henceforth. The ideal way to look at it is as Satguru ji would say - the happiness outweighs the sorrow always - there is always something to take strength from - look at the positives and the pain is relatively painless, pun unintended, but hey I don't know, I still feel like a lost child, without His Satguru - looking always for Him even in the wilderness of my dreams, I miss Him and His endearing smile, the way He made me feel, confident and raring to go, nothing was impossible - for I knew that He had my back, always - there!

Perhaps in that lies the answer as well - none of us ever realised it but He was preparing us all for the journey of our lifetimes, where we would be the ones who would walk the path, be the examples that He wanted us to be, responsible and steadfast to the ideals that He stood for - and so ever since that day we have tried - but hey when December approaches - the eyes go damp, a lump forms in the throat and I miss You Satguru ji - my beloved Satguru Jagjit Singh Ji - bless us and may Your divine light continue to shine upon all of us - Dhan Satguru Jagjit Singh Ji

.....................................................

# ਬੀਤੇ ਦੀਆਂ ਪੈੜਾਂ- ਕਵੀ ਪ੍ਰੀਤਮ ਸਿੰਘ

## (ਅਣਛਪਿਆ-ਭਾਗ)

### (ਪਿਛਲੇ ਅੰਕ ਤੋਂ ਅੱਗੇ)

**ਮੁੜ ਚਰਨ ਪਾਉਣੇ -** ਅੰਦਰ ਗੱਲ ਬਾਤ ਕਰਦਿਆਂ 11.05 ਹੋ ਗਏ ਅਤੇ ਏਥੋਂ ਉੱਠਦਿਆਂ ਹੀ ਕੇ. ਐਸ. ਗੁਰਚਰਨ ਸਿੰਘ ਦੇ ਇਹ ਫਲੈਟ ਤਿਆਗ ਮੁੜ ਚਰਨ ਪਾਉਣ ਦਾ ਸਿਲਸਿਲਾ ਸ਼ੁਰੂ ਕਰ ਲਿਆ ਗਿਆ। ਪਰ ਹੁਣ ਇਹ ਇੱਕੋ ਪਰਵਾਰ ਦੇ ਮੈਂਬਰਾਂ ਦੇ ਘਰੀਂ ਜਾਣਾ ਸੀ। ਅਰਥਾਤ ਇਹ ਸਾਰੇ, ਸੰਤ ਹਰੀ ਸਿੰਘ ਬੁੱਧੀਰਾਜਾ ਦੇ ਸਪੁੱਤਰ ਹਨ :

44. ਸ. ਹਰਦਿੱਤ ਸਿੰਘ ਬੁੱਧੀਰਾਜਾ ਯਵਰਾਟ ਸੋਇ 92/33

45. ਸ. ਗੁਰਦਿੱਤ ਸਿੰਘ ਬੁੱਧੀਰਾਜਾ ਯਵਰਾਟ ਸੋਇ 92/32

46. ਸ. ਬਲਬੀਰ ਸਿੰਘ ਬੁੱਧੀਰਾਜਾ ਯਵਰਾਟ ਸੋਇ 92/33

47. ਸ. ਹਰਭਜਨ ਸਿੰਘ ਬੁੱਧੀਰਾਜਾ ਯਵਰਾਟ ਸੋਇ 92/34

48. ਸ. ਗੁਰਦਰਸ਼ਨ ਸਿੰਘ ਬੁੱਧੀਰਾਜਾ ਯਵਰਾਟ ਸੋਇ 92/35

49. ਸੰਤ ਹਰੀ ਸਿੰਘ ਬੁੱਧੀਰਾਜਾ ਯਵਰਾਟ ਸੋਇ 92/44

ਸੰਤ ਹਰੀ ਸਿੰਘ ਅਜੇ ਵੀ ਕਾਲੀ ਦਾੜ੍ਹੀ ਵਾਲੇ ਅਤੇ ਸਰੀਰ ਵਲੋਂ ਨਵੇਂ ਨਰੋਏ ਸਨ। ਸੰਤ ਜੀ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਸ-ਸਨੇਹ ਇੱਕ ਸੋਨੇ ਦੀ ਜ਼ੰਜੀਰ ਭੇਟਾ ਕੀਤੀ।

**ਸੇਠ ਜੀ ਦੇ ਬੰਗਲੇ -** 11.30 ਤੱਕ ਅਸੀਂ ਸਾਰੇ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿੱਚ ਰਹਿੰਦੇ ਸੇਠ ਤਰਲੋਕ ਸਿੰਘ ਜੀ ਦੇ ਬੰਗਲੇ ਆਪਣੇ ਡੇਰਿਆਂ ਵਿੱਚ ਆ ਗਏ। ਅੱਜ ਸ੍ਰੀ ਸਤਿਗੁਰੂ ਜੀ ਨੇ ਇਸ਼ਨਾਨ ਪਾਣੀ ਕਰਕੇ ਲੰਗਰ ਛਕਿਆ ਤਾਂ ਮੈਂ ਲੰਗਰ ਨਾਲ ਸੰਬੰਧਤ ਸੇਵਕਾਵਾਂ ਹੇਠ ਲਿਖੀਆਂ ਨੋਟ ਕੀਤੀਆਂ-

1. ਬੀਬੀ ਹਰਮੀਤ ਕੌਰ ਸੁਪਤਨੀ ਸੇਠ ਜੁਗਿੰਦਰ ਸਿੰਘ

2. ਬੀਬੀ ਸੁਖਵੰਤ ਕੌਰ ਸੁਪਤਨੀ ਸ. ਮੋਹਰ ਸਿੰਘ

3. ਬੀਬੀ ਕੁਸ਼ੱਲਿਆ ਸੁਪਤਨੀ ਸੰਤ ਕਰਤਾਰ ਸਿੰਘ ਸਾਬਾਜਪੁਰੀ

4. ਬੀਬੀ ਜੁਸਜੀਵ ਰਾਜ ਸੁਪਤਨੀਸੇਠ ਧਰਮ ਸਿੰਘ ਚਾਵਲਾ

ਕੁਛ ਪਹਿਲਾਂ ਜ਼ਿਕਰ ਕੀਤੀਆਂ ਬੀਬੀਆਂ

**ਬੇਬੇ ਜੀ ਦੀ ਆਗਿਆ ਕਾਰਤਾ -** ਕੱਲ੍ਹ ਪ੍ਰਸ਼ਾਦ ਛਕਦਿਆਂ, ਜਦੋਂ ਮੈਂ ਵੀ ਸ੍ਰੀ ਸਤਿਗੁਰੂ ਜੀ ਦੇ ਕੋਲ ਬੈਠਿਆਂ ਲੰਗਰ ਛਕ ਰਿਹਾ ਸਾਂ, ਸੱਚੇ ਪਾਤਸ਼ਾਹ ਜੀ ਨੇ ਬੇਬੇ ਦਲੀਪ ਕੌਰ ਜੀ ਦੇ ਬਚਨ ਮੰਨਣ ਦਾ ਜ਼ਿਕਰ ਇਹਨਾਂ ਸ਼ਬਦਾਂ ਨਾਲ ਕੀਤਾ : ਜੇ ਇਹਨਾਂ ਨੂੰ ਕਹੀਏ ਕਿ ਜਾਓ ਮਹਾਰਾਜ ਜੀ ਨੂੰ ਲੈ ਕੇ ਆਓ। ਇਹ ਓਸੇ ਵੇਲੇ ਤੁਰ ਪੈਣਗੇ। ਮਹਾਰਾਜ ਜੀ ਆਉਂਦੇ ਹਨ ਕਿ ਨਹੀਂ ਇਹ ਉਹਨਾਂ ਦੀ ਰਜ਼ਾ ਤੇ ਹੈ। ਇਹਨਾਂ ਵਲੋਂ ਬਚਨ ਮੰਨ ਕੇ ਜਾਣ ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਕਹਿਣ ਵਿੱਚ ਕੋਈ ਕਸਰ ਨਹੀਂ ਰਹੇਗੀ।

**ਡਾ. ਮੂਸਾ ਇੰਟਰਨੈਸ਼ਨਲ -** ਡਾ. ਮੁਸ਼ੱਰਫ ਅਲੀ ਮੂਸਾ ਅਜੇ 30-35 ਦੀ ਉਮਰ ਦਾ ਹੀ ਹੈ ਪਰ ਸ੍ਰੀ ਸਤਿਗੁਰੂ ਜੀ ਨਾਲ ਜਦ ਦਾ ਉਸਦਾ ਸੰਪਰਕ ਹੋਇਆ ਹੈ ਅਤੇ ਸ੍ਰੀ ਹਜ਼ੂਰ ਨੇ ਉਸਦੀ ਨੈਚਰੋਪੈਥ ਪ੍ਰਕਿਰਤੀ ਤੇ ਪਹੁੰਚ ਨੂੰ ਵੇਖਿਆ ਹੈ ਤਦ ਤੋਂ ਉਨ੍ਹਾਂ ਨੇ ਡਾ. ਮੂਸਾ ਨੂੰ ਆਪਣੇ ਦੇਸ਼ ਵਿਦੇਸ਼ ਦੇ ਸਾਰੇ ਪ੍ਰੇਮੀਆਂ ਲਈ ਇਸਨੂੰ ਯੋਗ ਪਾਇਆ ਹੈ ਅਤੇ ਹੁਣ ਡਾ. ਮੂਸਾ ਕਦੇ ਅਮਰੀਕਾ ਵਿੱਚ ਹੁੰਦਾ ਹੈ, ਕਦੇ ਅਫਰੀਕਾ ਵਿੱਚ, ਕਦੇ ਇੰਗਲੈਂਡ ਅਤੇ ਕਦੇ ਬੈਂਕੋਕ। ਡਾ. ਮੂਸਾ ਦੀ ਆਪਣੀ ਸਿਫਤ ਵੀ ਹੈ ਕਿ ਉਹ ਸਦ ਮੁਸਕਰਾਂਦਾ ਅਤੇ ਹਰੇਕ ਦੇ ਸੁਭਾਉ ਦੇ ਅਨੁਕੂਲ ਹੋ ਜਾਂਦਾ ਹੈ। ਏਥੇ ਇੱਕ ਦਿਨ ਮੈਂ ਉਸਨੂੰ ਪ੍ਰਧਾਨ ਜਸਪਾਲ ਸਿੰਘ ਨਾਲ ਵੇਖਿਆ ਉਹ ਉਸ ਨੂੰ ਆਪਣੇ ਬੈੱਡ ਤੇ ਲਿਟਾ ਕੇ 5-7 ਮਿੰਟ ਵਿੱਚ ਉਸਦੀ ਸਾਰੀ ਪ੍ਰਕਿਰਤੀ ਜਾਣ ਉਸ ਨੂੰ ਹੁੰਦੀ ਇੱਕ ਵਿਸ਼ੇਸ਼ ਪੀੜਾ ਦਾ ਝਟ ਪਟ ਇੰਤਜ਼ਾਮ ਕਰ ਦਿੱਤਾ, ਇਹ ਉਸ ਦੀ ਮਾਲਸ਼ ਅਤੇ ਅਕੂਪ੍ਰੈਸ਼ਰ ਦੀ ਕਰਾਮਾਤ ਸੀ।

ਡਾ. ਮੂਸਾ ਜਿੰਨੇ ਦਿਨ ਸਤਿਗੁਰੂ ਜੀ ਏਥੇ ਰਹਿਣਗੇ

ਸਾਰੇ ਥਾਈਲੈਂਡ ਵਾਸੀ ਨਾਮਧਾਰੀ ਮਰੀਜ਼ਾਂ ਦੀ ਖ਼ਬਰਸਾਰ ਲੈ ਸੁਅਸਥ ਕਰੇਗਾ।

**ਧੀਰ ਜੀ ਦੀ ਪ੍ਰਥਮ ਸੁਪਤਨੀ –** ਸੇਠ ਤਰਲੋਕ ਸਿੰਘ ਦੇ ਵੱਡਿਓਂ ਛੋਟੇ ਭਾਈ ਸੇਠ ਸੁਹੇਲ ਸਿੰਘ 'ਧੀਰ' ਜੋ ਕਈ ਵਰ੍ਹੇ ਹੋਏ ਇਸ ਧਰਤੀ ਤੋਂ ਜਾ ਚੁੱਕੇ ਹਨ, ਪ੍ਰਥਮ ਪਤਨੀ ਬੀਬੀ ਹਰਭਜਨ ਕੌਰ ਨਾਲ ਅੱਜ ਹੀ ਮੇਲ ਹੋਇਆ। ਇਸ ਬਿਰਧਾ ਇਸਤਰੀ ਨੂੰ ਮੇਰੇ ਪ੍ਰਤੀ ਵਿਸ਼ੇਸ਼ ਸਨੇਹ ਉਪਜਿਆ ਅਤੇ ਉਸਨੇ ਮੈਨੂੰ ਮਾਣ ਦੇਣ ਹਿਤ ਇੱਕ ਸੂਤ ਦੇ ਬਸਤਰ ਤੇ ਮਾਲਾ ਭੇਟ ਕੀਤੀ। ਤਾਂ ਹੀ ਮੈਨੂੰ ਪਤਾ ਲੱਗ ਸਕਿਆ, ਨਹੀਂ ਤਾਂ ਮੈਂ ਇਸ ਪਰਵਾਰ ਵਲੋਂ ਏਨੀ ਵਾਰ ਬੈਂਕੋਕ ਆਉਣ ਤੋਂ ਵੀ ............. ਸਾਂ। ਇਹ ਬੀਬੀ ਜੀ ਆਪਣੀ ਦੂਜੀ ਭੈਣ (ਅਰਥਾਤ ਸੌਂਕਣ) ਤੋਂ ਵੱਖਰੇ ਸਥਾਨ ਤੇ ਆਰਾਮ ਨਾਲ ਰਹਿੰਦੇ ਹਨ। ਸ਼ਾਇਦ ਕੁਛ ਧੀਆਂ ਦੇ ਮਾਤਾ ਜੀ ਹੋਣ।

ਏਥੇ ਮੈਨੂੰ ਬੈਂਕੋਕ ਵਾਲੀਆਂ ਇਸਤਰੀਆਂ ਦੀ ਇੱਕ ਖਾਸ ਹੋਣੀ ਦਾ ਪਤਾ ਲੱਗਾ। ਮੇਰੇ ਧਿਆਨ ਵਿੱਚ ਆਇਆ ਹੈ ਕਿ ਏਸ ਖਾਨਦਾਨ, ਅਰਥਾਤ ਸੰਤ ਫੂਲਾ ਸਿੰਘ ਚਾਵਲਾ ਦੀ ਸੰਤਾਨ ਵਿੱਚ ਰੰਡੇਪਾ ਪ੍ਰਧਾਨ ਹੈ। ਕੇਵਲ ਦੋ ਪਰਵਾਰ– ਸੇਠ ਗੁਰਬਖਸ਼ ਸਿੰਘ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਪ੍ਰਕਾਸ਼ ਕੌਰ (ਸੰਤ ਫੂਲਾ ਸਿੰਘ ਜੀ ਦੇ ਵੱਡੇ ਨੂੰਹ ਪੁੱਤਰ), ਸੇਠ ਸੁਦਰਸ਼ਨ ਸਿੰਘ ਤੇ ਮਨਜੀਤ ਕੌਰ (ਪੋਤ ਨੂੰਹ ਤੇ ਪੋਤਾ) ਲਗਭਗ ਇਕੱਠੇ ਜਾਂ ਇਕੱਠੇ ਹੀ ਸੁਰਗਵਾਸ ਹੋਏ ਹਨ, ਨਹੀਂ ਤਾਂ ਬਹੁਤੀਆਂ ਬੀਬੀਆਂ ਰੰਡੇਪਾ ਝਾਗ ਰਹੀਆਂ ਹਨ। ਜਿਵੇਂ–

1. ਬੀਬੀ ਹਰਭਜਨ ਕੌਰ ਸੁਪਤਨੀ ਧੀਰ
   ਬੀਬੀ ਰਜਵੰਤ ਕੌਰ ਸੁਪਤਨੀ ਧੀਰ
2. ਬੀਬੀ ਸੁਰਜੀਤ ਕੌਰ ਸੁਪਤਨੀ ਸੇਠ
3. ਬੀਬੀ ਹਰਮੀਤ ਕੌਰ ਸੁਪਤਨੀ ਸੇਠ ਸੁਰਿੰਦਰ ਸਿੰਘ
4. ਬੀਬੀ ਪ੍ਰਿਤਪਾਲ ਕੌਰ ਸੁਪਤਨੀ ਸੇਠ ਅਵਤਾਰ ਸਿੰਘ

ਅਤੇ ਹੋਰ ਵੀ ਬੀਬੀਆਂ ਹੋ ਸਕਦੀਆਂ ਹਨ। ਆਪਣੇ ਮਨੁੱਖ ਤੋਂ ਪਹਿਲਾਂ ਸੁਰਗ ਸਿਧਾਰਨ ਵਾਲੀ ਬੀਬੀ ਮਹਿੰਦਰ ਕੌਰ ਸੁਪਤਨੀ ਚਾਵਲਾ ਹੈ।

**ਸੇਠ ਕੁਲਦੀਪ ਸਿੰਘ ਨਮਿਤ ਮੇਲਾ –** ਅੱਜ ਦਾ ਸਾਰਾ ਦੀਵਾਨ ਪ੍ਰੋਗਰਾਮ ਧਰਮਸਾਲਾ 55 ਦੀ ਥਾਂ ਸੇਠ ਸੁਰੰਮ੍ਰਿਤ ਸਿੰਘ ਦੀ ਉਸ ਚੀਨੀ ਸਾਖਤ ਦੇ ਬੰਗਲੇ ਵਿੱਚ ਹੋਇਆ, ਜੋ ਕਦੇ ਸੇਠ ਤਰਲੋਕ ਸਿੰਘ ਦੀ ਰਿਹਾਇਸ਼ਗਾਹ ਸੀ। ਅੱਜ ਕਲ ਏਸੇ ਥਾਂ ਸੇਠ ਸੁਰੰਮ੍ਰਿਤ ਸਿੰਘ ਅਤੇ ਬੀਬੀ ਮਨਜੀਤ ਕੌਰ ਦੇ ਪਰਵਾਰ ਦਾ ਨਿਵਾਸ ਹੈ। ਸੇਠ ਗੁਰਦੀਪ ਸਿੰਘ ਅਤੇ ਸੇਠ ਧਰਮ ਸਿੰਘ ਪਹਿਲਾਂ ਵਾਲੀ ਜਗਹ, ਏਸੇ ਬੰਗਲੇ ਦੇ ਨਾਲ ਹੀ ਵਸੋਂ ਰੱਖਦੇ ਹਨ।

ਸੇਠ ਕੁਲਦੀਪ ਸਿੰਘ ਪਿਛਲੇ ਸਾਲ (ਕਿ ਏਸੇ ਹੀ) ਪੇਟ ਦੇ ਕੈਂਸਰ ਨਾਲ ਪ੍ਰਲੋਕ ਸਿਧਾਰ ਗਏ ਸਨ। ਇਹ ਸੇਠ ਗੁਰਬਖਸ਼ ਸਿੰਘ ਪ੍ਰੀਤਮ ਦੇ ਦਾਮਾਦ ਅਤੇ ਸੁਰੰਮ੍ਰਿਤ ਭਰਾਵਾਂ ਦੇ ਭਣਵੱਯੇ ਸਨ। ਬੀਬੀ ਅਵਿਨਾਸ਼ ਕੌਰ ਨੂੰ ਇਸੇ ਕਾਰਨ ਸੱਚੇ ਪਾਤਸ਼ਾਹ ਬੈਂਕੋਕ ਵਿੱਚ ਆਮਦ ਵਾਲੇ ਦਿਨ ਹੀ ਪਾਰ ਜਾ ਕੇ ਦਰਸ਼ਨ ਦੇ ਆਏ ਸਨ ਤੇ ਅੱਜ ਕੁਲਦੀਪ ਸਿੰਘ ਜੀ ਦੀ ਯਾਦ ਵਿੱਚ ਮੇਲਾ ਸੀ। ਪੂਰਬੀ ਸਿਹਨ ਵਿੱਚ ਵਿਛਾਈਆਂ ਹੋ ਗਈਆਂ ਅਤੇ 5 ਤੋਂ 6 ਤੱਕ ਏਥੇ ਹੀ ਸ਼ਾਮੀਂ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬੈਂਕੋਕ ਦੀ ਸੰਗਤ ਨੇ ਨਾਮ ਸਿਮਰਨ ਕੀਤਾ। ਸੰਗਤ ਬਹੁਤ ਆ ਗਈ ਸੀ।

ਨਾਮ ਸਿਮਰਨ ਦੇ ਦੌਰਾਨ ਹੀ ਪ੍ਰਾਣੀ ਨਮਿਤ ਸਾਧਾਰਨ ਪਾਠਾਂ ਦੇ ਭੋਗ ਪੈ ਗਏ। ਸੁਰੰਮ੍ਰਿਤ ਸਿੰਘ ਸ਼ਾਇਦ ਬੈਂਕੋਕ ਤੋਂ ਬਾਹਰ ਸਨ ਪਰ ਧਰਮ ਸਿੰਘ ਅਤੇ ਬੀਬੀ ਅਵਿਨਾਸ਼ ਤਾਂ ਨਜ਼ਰ ਆ ਰਹੇ ਸਨ। ਬੀਬੀ ਨੇ ਸ੍ਰੀ ਸਤਿਗੁਰੂ ਜੀ ਦੀ ਭੇਟਾ ਪੂਜਾ ਨਾਲ ਨਾਲ ਆਏ ਸਿੱਖਾਂ ਦੀ ਵੀ ਬਸਤਰਾਂ ਨਾਲ ਸੇਵਾ ਕੀਤੀ। ਸ੍ਰੀ ਹੰਸਪਾਲ ਜੀ, ਡਾ. ਮੂਸਾ ਤੇ ਹੋਰ ਭਾਰਤੋਂ ਆਇਆ ਜਥਾ ਵੀ ਏਥੇ ਮੌਜੂਦ ਸੀ।

ਰਾਗੀ ਸਿੰਘਾਂ ਨੇ ਮਧੂਮੰਤੀ ਵਿੱਚ ਮੋਹਿ ਨ ਬਿਸਾਰਹੁ ਮੈ ਜਨ ਤੇਰਾ ਸ਼ਬਦ ਪੜ੍ਹਿਆ। ਸ੍ਰੀ ਸਤਿਗੁਰੂ ਜੀ ਨੇ ਦੂਜੇ ਸ਼ਬਦ ਦਾ ਆਰੰਭ ਆਪ ਕੀਤਾ : ਪਿਰ ਦੇਖਨ ਕੀ ਆਸ.........॥

ਅਤੇ ਏਨੇ ਵਿੱਚ ਕੈਨੇਡਾ ਤੋਂ ਕਿਸੇ ਦਾ ਫ਼ੋਨ ਆਇਆ। ਸੱਚੇ ਪਾਤਸ਼ਾਹ 6.45 ਤੇ ਫ਼ੋਨ ਸੁਣਨ ਪਧਾਰੇ ਤੇ ਦੋ ਮਿੰਟਾਂ ਵਿੱਚ ਹੀ ਗੱਲ ਮੁਕਾ ਕੇ ਆ ਗਏ। ਸ਼ਾਇਦ ਸ. ਰਣਜੀਤ ਸਿੰਘ ਬਾਜਵਾ ਨਾਲ ਗੱਲਬਾਤ ਹੋਈ ਹੋਵੇ।

ਦੀਵਾਨ ਦੀ ਸਮਾਪਤੀ ਪਿੱਛੋਂ, ਅੱਜ ਦਾ ਲੰਗਰ ਵੀ ਏਥੇ ਹੀ ਵਰਤਿਆ। ਸੇਠ ਸੁਰੰਮ੍ਰਿਤ ਸਿੰਘ ਪਰਵਾਰ ਵਲੋਂ ਹੀ ਇਹ ਲੰਗਰ ਸੀ। ਸਮਾਪਤੀ ਤੱਕ ਸੇਠ ਸੁਰੰਮ੍ਰਿਤ ਸਿੰਘ ਵੀ ਆ ਗਿਆ ਤੇ ਕੁਛ ਸਮਾਂ ਸ੍ਰੀ ਸਤਿਗੁਰੂ ਜੀ ਨਾਲ ਬਿਤਾਇਆ।

ਉਪਰੰਤ ਸੱਚੇ ਪਾਤਸ਼ਾਹ ਜੀ ਆਪਣੇ ਡੇਰੇ ਨੂੰ ਪ੍ਰਸਥਾਨ ਕਰ ਗਏ।

**17 ਸਤੰਬਰ 1986, ਬੁੱਧਵਾਰ**

**ਬੰਗਸੈਨ, ਥਾਈਲੈਂਡ**

**ਵਾਰ ਸੇਠ ਮੋਹਰ ਸਿੰਘ ਘਰ –** ਆਸਾ ਦੀ ਵਾਰ ਦਾ ਸੁਕੀਰਤਨ ਤਾਂ ਬੈਂਕੋਕ ਵਿੱਚ ਹੀ ਸੇਠ ਮੋਹਰ ਸਿੰਘ-ਬੀਬੀ ਇੰਦਰ ਕੌਰ (ਸਾਡੇ ਸਹਿਪਾਠੀ ਸ. ਜਵਾਹਰ ਸਿੰਘ ਕਾਮੋਕੇ ਦੀ ਭੈਣ) ਕੇ ਫਲੈਟਸ, ਪ੍ਰਤਾਪ ਵਿਲਾ ਗਲੀ ਨੰ. 71 ਵਿੱਚ ਹੋਇਆ। ਸ੍ਰੀ ਸਤਿਗੁਰੂ ਜੀ ਨੇ ਸਮੇਂ ਸਿਰ ਅੰਮ੍ਰਿਤ ਵੇਲੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਾਧ ਸੰਗਤ ਚੋਖੀ ਗਿਣਤੀ ਵਿੱਚ ਆਈ। ਦੋਹਾਂ ਫਲੈਟਾਂ ਵਿੱਚ ਹੀ ਖੂਬ ਰੌਣਕ ਰਹੀ। ਸਵੇਰੇ 5.50 ਤੇ ਆਸਾ ਦੀ ਵਾਰ ਦੀ ਸਮਾਪਤੀ ਦੀ ਅਰਦਾਸ ਹੋ ਗਈ। ਸਾਰੀ ਸੰਗਤ ਨੇ ਸਵੇਰ ਦਾ ਨਾਸ਼ਤਾ ਭਰਪੂਰ ਮਾਤਰਾ ਵਿੱਚ ਕੀਤਾ ਪ੍ਰਾਉਂਠੇ, ਸਬਜ਼ੀਆਂ, ਦਹੀਂ, ਦਾਲਾਂ, ਨਮਕੀਨ ਆਦਿ। ਸ੍ਰੀ ਸਤਗਿਰੂ ਜੀ ਨੇ ਫਲਾਹਾਰ ਕੀਤਾ।

ਅਤੇ ਸ੍ਰੀ ਸਤਿਗੁਰੂ ਜੀ ਤਾਂ ਏਥੋਂ ਹੀ ਆਪਣੇ ਪਿਆਰਿਆਂ ਅਤੇ ਸੇਵਕਾਂ ਨਾਲ ਪੱਤਈਆ ਬੀਚ (ਸਮੁੰਦਰ ਕੰਢੇ) ਜਾਣ ਵਾਸਤੇ ਕਾਰਾਂ ਤੇ ਰਵਾਨਾ ਹੋ ਗਏ। ਬਾਕੀ ਦਾ ਜਥਾ ਵੀ ਹੌਲੀ ਹੌਲੀ ਏਧਰ ਹੀ ਜਾਵੇਗਾ।

**ਸੇਠੀ ਜੀ ਦੇ ਫਲੈਟ –** ਮੈਨੂੰ ਸ. ਹਰਮਹਿੰਦਰ ਸਿੰਘ ਸੇਠੀ ਆਪਣੇ ਨਵੇਂ ਬਣਾਏ ਫਲੈਟਾਂ ਆਸਾ ਗਾਰਡਨ ਵਿਖੇ ਲੈ ਗਏ। ਇਹ 19 ਛੱਤੇ 71 ਫਲੈਟ ਆਧੁਨਿਕਤਾ ਦੀ ਪੂਰੀ ਸ਼ਾਨ ਲਈ ਖਲੋਤੇ ਹਨ। ਸੇਠੀ ਜੀ ਨੇ ਦੱਸਿਆ ਕਿ ਇਹਨਾਂ ਦੀ ਤਿਆਰੀ ਤੇ 20 ਕਰੋੜ ਬਾਟ ਖਰਚ ਆਇਆ ਹੈ ਪਰ ਇਹ ਫਲੈਟ ਮੌਜੂਦਾ ਸੁਖ ਸਹੂਲਤਾਂ ਕਾਰਨ ਬਹੁਤ ਜਲਦੀ ਕਰਾਏ ਚੜ੍ਹ ਰਹੇ ਹਨ, ਪ੍ਰਤੀ ਫਲੈਟ 30 ਤੋਂ 35 ਹਜ਼ਾਰ ਹਰ ਮਹੀਨੇ ਦਾ ਕਰਾਇਆ ਹੈ। ਦੂਜੇ ਅਰਥਾਂ ਵਿੱਚ 21 ਲੱਖ ਤੋਂ 25 ਲੱਖ ਬਾਟ ਮਹੀਨੇ ਦੀ ਆਮਦਨ।

ਸੇਠੀ ਜੀ ਸ੍ਰੀ ਸਤਿਗੁਰੂ ਜੀ ਦੇ ਚਰਨ ਵੀ ਪੁਆਣਾ ਚਾਹੁੰਦੇ ਹਨ। ਸੇਠੀ ਜੀ ਨਾਮਧਾਰੀ ਸੰਤ ਆਸਾ ਸਿੰਘ ਜੀ ਦੇ ਸਪੁੱਤਰ ਹਨ ਤੇ ਹੁਣ ਰਾਧਾ ਸੁਆਮੀ ਬਿਆਸ ਵਾਲਿਆਂ ਦੇ ਬੈਂਕੋਕ ਵਿੱਚ ਮੁੱਖ ਪਰਚਾਰਕ। ਪਰ ਇਹ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਨਾਲ ਵੀ ਪ੍ਰੇਮ ਬਣਾਈ ਰੱਖ ਰਹੇ ਹਨ। ਬੈਂਕੋਕ ਵਿੱਚ ਸਿੱਖ ਜਨਤਾ ਵਿੱਚ ਇਹਨਾਂ ਦਾ ਕਾਫੀ ਰਸੂਖ ਹੈ, ਮਿਠਬੋਲੜੇ ਤੇ ਦੂਜਿਆਂ ਦੇ ਕੰਮ ਆਉਣ ਵਾਲੇ ਹਨ। ਅੱਛੇ ............ ਵਕਤਾ ਹਨ।

ਸੇਠੀ ਜੀ ਮੈਨੂੰ 6.30 ਸੇਠ ਤਰਲੋਕ ਸਿੰਘ ਜੀ ਦੇ ਬੰਗਲੇ ਛੱਡ ਗਏ।

**ਤਰਸੇਮ ਸਿੰਘ ਦੀ ਦੁਬਿਧਾ –** ਸ੍ਰੀ ਸਤਿਗੁਰੂ ਜੀ ਦੇ ਸਕੱਤਰ ਨੂੰ ਮਿਲਿਆ ਤਾਂ ਉਹ ਕਾਫੀ ਦੁਬਿਧਾ ਗ੍ਰਸਤ ਜਾਪਿਆ। ਮੇਰਾ ਮਿੱਤਰ ਵੀ ਹੈ ਤੇ ਸ਼ੁਭਚਿੰਤਕ ਵੀ। ਵੇਲੇ ਕੁਵੇਲੇ ਢਿੱਡ ਦੀ ਗੱਲ ਕਰ ਲੈਂਦਾ ਹੈ। ਇਸ ਵਾਰ ਇਸਨੂੰ ਇੰਤਰਾਜ਼ ਹੈ ਕਿ ਸੱਚੇ ਪਾਤਸ਼ਾਹ ਉਸ ਵੱਲ ਧਿਆਨ ਨਹੀਂ ਦੇ ਰਹੇ। ਉਸਦਾ ਡੇਰਾ ਕਿੰਨੀ ਦੂਰ ਤੇ ਕਿੱਥੇ ਹੈ, ਉਹਨਾਂ ਕੋਈ ਫਿਕਰ ਨਹੀਂ ਕੀਤਾ। ਘਰ ਵਾਲਿਆਂ ਵੀ ਉਸਨੂੰ ਸਤਿਗੁਰੂ ਜੀ ਦੇ ਨਜ਼ਦੀਕ ਡੇਰਾ ਦੇਣ ਦੀ ਥਾਂ, ਸੇਵਕਾਂ ਵਾਲੇ ਕੁਆਟਰਾਂ ਵਿੱਚ ਸੁੱਟ ਛੱਡਿਆ ਹੈ। ਸਤਿਗੁਰੂ ਜੀ ਬੁਲਾਣ ਹੀ ਤਾਂ ਉਹ ਕੋਲ ਜਾਵੇ। ਉਹਨਾਂ ਨੂੰ ਜ਼ਰੂਰਤ ਹੋਵੇਗੀ ਤਾਂ ਉਹ ਸੱਦ ਲੈਣਗੇ।

ਮੈਂ ਨੋਟ ਕਰਦਾ ਹਾਂ ਕਿ ਸਤਿਗੁਰੂ ਜੀ ਦੇ ਜਥੇ ਦੇ ਹੋਰ ਮੈਂਬਰ ਤਾਂ ਰੱਜ ਕੇ ਖਾਂਦੇ ਤੇ ਭੱਜ ਕੇ ਆਪਣਾ ਕੰਮ ਕਰਦੇ ਮੋਟੇ ਤਕੜੇ ਰਹਿੰਦੇ ਹਨ ਪਰ ਤਰਸੇਮ ਸਿੰਘ ਦੇ ਪਿੰਡੇ ਤੇ ਮਾਸ ਨਹੀਂ ਚੜ੍ਹਦਾ। ਉਸਨੂੰ ਕਾਫ਼ੀ ਮਾਨਸਿਕ ਸੰਘਰਸ਼ ਵਿੱਚੋਂ ਗੁਜ਼ਰਨਾ ਪੈਂਦਾ ਹੈ। ਪ੍ਰਤੀਤ ਹੁੰਦਾ ਹੈ ਹੁਣ ਉਸ ਦੀ ਦੁਬਿਧਾ ਦਾ ਕਾਰਨ ਅਵਤਾਰ ਸਿੰਘ ਘੁੰਮਣ ਹੋਵੇਗਾ ਕਿਉਂਕਿ ਅਜ ਕਲ ਸਤਿਗੁਰੂ ਜੀ ਦੇ ਅੰਤਰੰਗ ਵਿਅਕਤੀ ਸ. ਘੁੰਮਣ ਤੇ ਸੁਖਦੇਵ ਸਿੰਘ ਸੰਤ ਨਗਰੀਆ ਹੀ ਹਨ ਜਾਂ ਪੂਰਬਾ ਤੇ ਬਲਦੇਵ ਸਿੰਘ ਨਿਜੀ ਸੇਵਕ। ਮੈਨੂੰ ਤਾਂ ਉਸਦੇ ਹਾਲ ਤੇ ਤਰਸ ਹੀ ਆਉਂਦਾ ਹੈ, ਉਹ ਸ੍ਰੀ ਸਤਿਗੁਰੂ ਜੀ ਦਾ ਸੰਗ ਨਾ ਛੱਡ ਸਕਦਾ ਹੈ ਨਾ ਫੜ ਸਕਦਾ ਹੈ।

**ਸਾਰੇ ਪੱਤਈਆ ਬੀਚ ਨੂੰ –** ਕੋਈ ਸਵਾ ਡੇਢ ਸੌ ਕਿਲੋਮੀਟਰ ਉਹ ਸਮੁੰਦਰੀ ਕਿਨਾਰਾ ਹੈ, ਜਿੱਥੇ ਕਦੇ ਅਮਰੀਕੀ ਫੌਜੀਆਂ ਦਾ ਡੇਰਾ ਸੀ। ਦੂਜੇ ਅਰਥਾਂ ਵਿੱਚ ਇਹ ਜਗਹ ਤਫਰੀਹ ਤਬਹ ਤੇ ਵੇਸ਼ਿਆਲਾ ਵੀ ਸੀ। ਸ਼ਾਂਤ ਸਮੁੰਦਰ ਵਿੱਚ ਮੋਟਰ ਬੋਟ, ਵੱਡੀਆਂ ਮੋਟਰ-ਬੇੜੀਆਂ ਤੇ ਜਹਾਜ਼ ਆਦਿ ਤੈਰਦੇ ਰਹਿੰਦੇ ਹਨ। ਬੈਂਕੋਕ ਆਇਆ ਹਰ ਵਿਅਕਤੀ ਪਤੱਈਆ ਜਾਣਾ ਜ਼ਰੂਰੀ ਸਮਝਦਾ ਹੈ।

ਸਾਡੇ ਜਥੇ ਵਿੱਚੋਂ ਵੀ ਲਗਭਗ ਸਾਰੇ ਸਰੀਰ ਵੱਖ ਵੱਖ ਥਾਵਾਂ ਤੇ ਬੈਂਕੋਕ ਵਾਲੇ ਪ੍ਰੇਮੀ ਸਿੱਖਾਂ ਦੇ ਸਹਿਯੋਗ ਨਾਲ ਪਤੱਈਆ ਬੀਚ ਲਈ ਚਲੇ ਗਏ।

**ਸੰਤ ਮਹਿੰਦਰ ਸਿੰਘ ਅੰਮ੍ਰਿਤਸਰੀ –** ਮੇਰੀ ਬੀਚ ਯਾਤਰਾ ਲਈ ਸੰਤ ਮਹਿੰਦਰ ਸਿੰਘ ਅੰਮ੍ਰਿਤਸਰੀ ਆ ਗਿਆ। ਸੰਤ ਮਹਿੰਦਰ ਸਿੰਘ ਸੇਵਾ ਭਾਵੀ ਵਿਅਕਤੀ ਹੈ ਅਤੇ ਜਿੰਨੇ ਦਿਨ ਸੱਚੇ ਪਾਤਸ਼ਾਹ ਬੈਂਕੋਕ ਦਰਸ਼ਨ ਦਿੰਦੇ ਹਨ, ਉਹ ਨਮਰਭਾਵ ਨਾਲ ਆਪਣੀ ਗੱਡੀ ਤੇ ਪੈਟਰੋਲ ਸਮੇਤ ਸੇਵਾ ਕਰਦਾ ਕਰਵਾਂਦਾ ਹੈ। ਇਹ ਉਹ ਵਿਅਕਤੀ ਹੈ ਜਿਹੜਾ ਹਰ

ਕਿਸੇ ਦੀ ਮਦਦ ਲਈ ਤਿਆਰ ਰਹਿੰਦਾ ਹੈ। ਸੋ ਇਹ ਮੇਰੇ ਵੀ ਕੰਮ ਆ ਗਿਆ। ਸੰਤ ਗੁਰਚਰਨ ਸਿੰਘ ਮੱਲੂਵਾਲ ਦਿੱਲੀ ਤੋਂ ਅਤੇ ਸੰਤ ਸਵਰਨ ਸਿੰਘ ਲੰਮੀ ਦਾੜ੍ਹੀ ਮੇਰੇ ਸਾਥੀ ਸਨ। ਸਾਨੂੰ ਇਹ ਆਪਣੀ ਕਾਰ ਤੇ ਆਪਣੇ ਮਕਾਨ-ਦੁਕਾਨ ਤੇ ਲੈ ਗਿਆ ਅਤੇ ਓਥੋਂ ਇੱਕ ਵੈਨ ਲੈ ਕੇ ਇਸਦੇ ਕੁਛ ਪਰਵਾਰਕ ਮੈਂਬਰਾਂ ਨਾਲ ਪਤੱਈਆ ਲਈ ਚੱਲੇ।

ਰਾਹ ਵਿੱਚ ਮੈਂ ਮਹਿੰਦਰ ਸਿੰਘ ਜੀ ਨੂੰ ਇਹਨਾਂ ਦੀ ਪ੍ਰਗਤੀ ਗਾਥਾ ਪੁੱਛੀ। ਇਹ ਬੋਲੇ : ਮੈਂ ਅੰਮ੍ਰਿਤਸਰ ਖਾਲਸਾ ਕਾਲਜ ਤੋਂ ਬੀ. ਐਸ. ਸੀ. ਕੀਤੀ ਹੋਈ ਹੈ। ਮੇਰਾ ਵੱਡਾ ਭਰਾ ਸ. ਪ੍ਰੀਤਮ ਸਿੰਘ ਐਮ. ਏ. ਇਕਨਾਮਿਕਸ ਹੈ ਤੇ ਉਹ ਲੰਮਾ ਸਮਾਂ ਪ੍ਰੋਫੈਸਰ ਰਿਹਾ ਹੈ ਕਾਲਿਜ ਵਿੱਚ। ਸਭ ਤੋਂ ਵੱਡੇ ਭਾਈ ਦੀਦਾਰ ਸਿੰਘ ਜੀ ਕਾਰੋਬਾਰੀ ਪ੍ਰਵਿਰਤੀ ਦੇ ਆਦਮੀ ਹਨ। ਦੀਦਾਰ ਸਿੰਘ ਜੀ ਤੇ ਮੈਂ 1959 ਤੋਂ 1962 ਤੱਕ ਸੰਤ ਨਗਰ ਜ਼ਿਲ੍ਹਾ ਸਰਸਾ ਹਰਿਆਣਾ ਵਿੱਚ ਬਜਾਜੀ ਦਾ ਕੰਮ ਕਰਦੇ ਹਾਂ ਅਤੇ ਫੇਰ ਮੈਨੂੰ ਮੇਰੇ ਭੂਆ ਤੇ ਫੁੱਫੜ ਜੀ ਆਪਣੀ ਸਹਾਇਤਾ ਲਈ ਥਾਈਲੈਂਡ, ਬੈਂਕੋਕ ਲੈ ਆਏ। ਮੈਂ ਉਹਨਾਂ ਨਾਲ ਉਨ੍ਹਾਂ ਦੀ ਇੱਛਾ ਅਨੁਸਾਰ ਕੰਮ ਕੀਤਾ।

ਇੱਕ ਦਿਨ ਮੇਰੇ ਜੀ ਵਿੱਚ ਆਈ ਕਿਉਂ ਨਾ ਮੈਂ ਆਪਣਾ ਕੰਮ ਕਰਕੇ ਭਾਗ ਅਜਵਾਵਾਂ। ਅਕਸਰ ਲੋਕੀਂ ਏਥੇ ਕੰਮ ਕਰਕੇ ਹੀ ਖਾਂਦੇ ਹਨ। ਮੈਂ ਵੀ ਹੋਰ ਆਸਰੇ ਛੱਡ ਗੁਰੂ ਕੇ ਆਸਰੇ ਤੇ ਆਪਣੇ ਉੱਦਮ ਨਾਲ ਜੀਵਾਂ। ਦ੍ਰਿੜ ਪ੍ਰਤਗਿਆ ਕਰਕੇ ਮੈਂ ਡਿੰਗ ਡੈਂਗ (ਫੇਰੀ) ਦਾ ਕੰਮ ਸ਼ੁਰੂ ਕੀਤਾ। ਕਵੀ ਜੀ, ਤੁਸੀਂ ਹੈਰਾਨ ਹੋਵੋਗੇ ਕਿ ਮੈਂ ਆਪਣਾ ਕਾਰਜ ਕੇਵਲ 300 ਬਾਟ ਅਰਥਾਤ 180/- ਨਾਲ ਸ਼ੁਰੂ ਕੀਤਾ। 1970 ਉਹ ਭਾਗਾਂ ਵਾਲਾ ਸਾਲ ਸੀ ਜਿਸ ਵਿੱਚ ਮੈਂ ਕੰਮ ਆਰੰਭ ਕੀਤਾ। ਕੀ ਹੁੰਦੀਆਂ ਹਨ ਲੁੰਙੀਆਂ ! ਮੈਂ ਇੱਕ ਹਿੰਦੀ ਭਾਈ ਤੋਂ ਉਧਾਰ ਵਿੱਚ ਲੁੰਙੀਆਂ ਚੁੱਕਣੀਆਂ ਅਤੇ ਬੈਂਕੋਕ ਦੀਆਂ ਦੂਰ ਦੁਰਾਡੀਆਂ ਥਾਵਾਂ ਤੇ ਡਿਉਦਰ ਮੁਨਾਫ਼ਾ ਰੱਖ ਕੇ ਉਧਾਰੀਆਂ ਹੀ ਦੇ ਆਉਣੀਆਂ। ਕੁਛ ਕਰਮ ਪਹਿਲਾਂ ਲੈ ਕੇ ਫਿਰ ਲੋਕਾਂ ਤੋਂ ਰੋਜ਼ ਦਾ ਇੱਕ ਇੱਕ ਬਾਟ ਉਗ੍ਰਾਹੁਣਾ। ਡਿੰਗ ਡੈਂਗ ਦਾ ਇਹੋ ਮਤਲਬ ਹੈ : ਚੀਜ਼ ਬਜ਼ਾਰੋਂ ਲਿਆ ਕੇ, ਪੰਡਾਂ ਜਾਂ ਦੂਰ ਦੇ ਇਲਾਕਿਆਂ ਵਿੱਚ ਥੋੜ੍ਹਾ ਮੁੱਲ ਨਕਦ ਬਾਕੀ ਉਧਾਰ ਤੇ ਦਿਓ ਤੇ ਰੋਜ਼ ਉਗ੍ਰਾਹੀ ਕਰਦੇ ਰਹੋ। ਮੇਰੇ ਪਾਸ ਪੈਸੇ ਤਾਂ ਹੈ ਨਹੀਂ ਸਨ ਸੁ ਇਸ ਕਾਰਜ ਨਾਲ ਅਸਾਸਾ ਬਣਾਉਣਾ ਸ਼ੁਰੂ ਕੀਤਾ। ਲਗਾਤਾਰ ਦੋ ਸਾਲ ਇਹ ਕੰਮ ਕਰਕੇ ਮੈਂ ਥੋੜ੍ਹਾ ਅਸਾਸਾ ਜੋੜ ਲਿਆ। ਫਿਰ ਇੱਕ 5 ਛੱਤਾ ਮਕਾਨ ਦੁਕਾਨਾਂ ਸਮੇਤ ਬਾਜ਼ਾਰ ਵਿੱਚ 20 ਸਾਲਾ ਲੀਜ਼ ਤੇ ਲਿਆ। ਦੁਕਾਨ ਵਿੱਚ ਫਰਨੀਚਰ ਲਿਆ ਰੱਖਿਆ। ਇਹ ਵੀ ਉਸੇ ਤਰੀਕੇ ਵਿਕਰੀ ਹੁੰਦਾ ਰਿਹਾ। ਮੈਨੂੰ ਹੋਰ ਸਾਥੀਆਂ ਦੀ ਲੋੜ ਸੀ। ਫਿਰ ਮੈਂ ਆਪਣੇ ਦੋਵੇਂ ਭਰਾ ਏਥੇ ਮੰਗਵਾ ਲਏ। ਕਾਰੋਬਾਰ ਨੂੰ ਵਧਾਇਆ। ਅੱਜ ਸਾਡੇ ਪਾਸ ਦੁਕਾਨ-ਮਕਾਨ ਤਾਂ ਲੀਗ਼ ਵਾਲੇ ਹੀ ਹਨ ਪਰ ਇੱਕ ਮਕਾਨ ਅਸਾਂ 4 ਲੱਖ ਬਾਟ ਦਾ ਖਰੀਦ ਲਿਆ। ਅੱਜ ਮਹਿੰਗਾਈ ਦੇ ਜ਼ਮਾਨੇ ਵਿੱਚ ਉਹਦਾ ਮੁੱਲ 18 ਲੱਖ ਬਾਟ ਹੋ ਗਿਆ ਹੈ। ਇੱਕ ਲੱਖ ਬਾਟ ਦਾ ਇੱਕ ਹੋਰ ਮਕਾਨ ਲੀਜ਼ ਤੇ ਲਿਆ ਹੈ। ਅੱਜ ਸਤਿਗੁਰਾਂ ਦੀ ਕਿਰਪਾ ਨਾਲ ਅਸੀਂ ਫਰਨੀਚਰ ਭਰੀਆਂ ਦੁਕਾਨਾਂ ਨਾਲ ਤਿੰਨੇ ਭਰਾ ਅਨੰਦ ਨਾਲ ਆਪਣੇ ਪਰਵਾਰਾਂ ਵਿੱਚ ਵਸਦੇ ਹਾਂ। ਬੱਚੇ ਸਾਰੇ ਪੜ੍ਹਦੇ ਹਨ ਤੇ ਅਸੀਂ ਕੰਮ ਕਰਦੇ ਹਾਂ। ਇਹ ਸਮਾਂ ਜੁ ਅਸੀਂ ਤੁਹਾਡੇ ਤੇ ਜਾਂ ਸਾਧ ਸੰਗਤ ਲਈ ਖਰਚ ਕਰਦੇ ਹਾਂ, ਇਹ ਤਾਂ ਸਾਰੇ ਦਾ ਦਸਵੰਧ ਹੀ ਹੈ, ਕੋਈ ਅਹਿਸਾਨ ਨਹੀਂ।

**ਪੱਤਈਆ ਤੇ –** ਅਸੀਂ 9.30 ਤੱਕ ਪਤੱਈਆ ਪਹੁੰਚ ਗਏ। ਏਨੇ ਵਿੱਚ ਸ੍ਰੀ ਸਤਿਗੁਰੂ ਜੀ ਆਪਣੇ ਨਿਵਾਜੇ ਦੋ ਜੋੜਿਆਂ ਘੁੰਮਣ ਅਵਤਾਰ ਸਿੰਘ ਅਤੇ ਸੁਖਦੇਵ ਸਿੰਘ ਸੰਧੂ (ਸੰਤ ਨਗਰ) ਨੂੰ ਵਹੁਟੀਆਂ ਸਮੇਤ ਮੋਂਗਾ ਆਈਲੈਂਡ ਵਿਚਲੇ ਜੀਵ ਜੰਤੂਆਂ ਅਤੇ ਮੋਂਗਿਆਂ ਨੂੰ ਸ਼ੀਸ਼ੇ ਦੇ ਪੇਂਦੇ ਵਾਲੀਆਂ ਨੌਕਾਵਾਂ ਤੇ ਚੱਕਰ ਲੁਆ ਕੇ ਮੋਟ ਬੋਟ ਦੁਆਰਾ ਕਿਨਾਰੇ ਵੀ ਨਾ ਲੱਗੇ ਕਿ ਫੇਰ ਦੂਜੀ ਮੋਟਰ ਬੋਟ ਲੈ ਕੇ ਪੈਰਾਸ਼ੂਟ ਖੇਤਰ ਵਿੱਚ ਲੈ ਗਏ, ਜਿੱਥੇ ਉਨ੍ਹਾਂ ਨੂੰ ਪੈਰਾਸ਼ੂਟ ਤੇ ਬਹਾ ਕੇ ਚੱਕਰ ਲੁਆਏ। ਸ੍ਰੀ ਸਤਿਗੁਰੂ ਜੀ ਪਰਵਾਨਿਤ ਨਵੇਂ ਆਇਆਂ ਨੂੰ ਖਾਸ ਧਿਆਨ ਦਿੰਦੇ ਹਨ। ਜਿਨ੍ਹਾਂ ਸਿੱਖਾਂ ਪਾਸੋਂ ਇਹ ਖਰਚ ਕਰਵਾਣਾ ਹੁੰਦਾ ਹੈ, ਉਨ੍ਹਾਂ ਨੂੰ ਵੀ ਨਾਲ ਲੈ ਤੁਰਦੇ ਤੇ ਸੰਗਤ ਦਾ ਲਾਭ ਦੇਂਦੇ ਹਨ।

**ਅਦੁਤੀ ਫੋਟੋ –** ਮੈਂ ਵਿੱਚੋਂ ਬੜਾ ਲੁੜਛਦਾ ਸਾਂ ਕਿ ਸੱਚੇ ਪਾਤਸ਼ਾਹ ਮੋਂਗਾ ਆਈਲੈਂਡ ਤੋਂ ਵੀ ਹੋ ਆਏ ਅਤੇ ਪੈਰਾਸ਼ੂਟ ਤੇ ਝੂਟੇਂ ਵੀ ਦਿਵਾ ਲਿਆਏ, ਮੈਂ ਵਿਰਵਾ ਰਹਿ ਗਿਆ। ਉਂਜ ਮੈਂ 1972 ਵਿੱਚ ਉਸ ਟਾਪੂ ਲੋਕ ਜਾ ਸ਼ੀਸ਼ੇ ਦੇ ਪੇਂਦੇ ਵਾਲੀਆਂ ਬੇੜੀਆਂ ਵਿੱਚ ਬੈਠ ਬਹੁ ਰੰਗੀਆਂ ਛੋਟੀਆਂ ਛੋਟੀਆਂ ਮੱਛੀਆਂ ਵੇਖ ਆਇਆ ਸਾਂ, ਪਰ ਉਸ ਲੂਹ-ਲੂਹ ਵਰਨ ਵਾਲੀ ਧੁੱਪ ਵਿੱਚ ਮੈਂ ਪੈਰਾਸ਼ੂਟ ਦੀ ........ ਵਿਚ ਬੈਠ ਕੇ ਨਹੀਂ ਸੀ ਵੇਖਿਆ। ਜਿਉਂ ਹੀ ਸ੍ਰੀ ਸਤਿਗੁਰੂ ਜੀ ਆਪਣੇ ਨਿਵਾਜੇ ਹੋਏ ਇਸਤਰੀ ਪੁਰਸ਼ਾਂ ਨਾਲ ਪਤੱਈਆ ਦੇ ਕਿਨਾਰੇ ਵੱਲ ਵਧੇ ਮੈਂ ਸਣਕੱਪੜੀਂ ਸਮੁੰਦਰ ਵਿੱਚ ਜਾ ਵੜਿਆ।

**ਚਲਦਾ........**

# A Saga Of Sri Satguru Jagjit Singh Ji

- Dr. Sharada Jayagovind

As instructed, Balwant Singh met the gentleman and collected the envelope. When he reached the Ustad's house he offered *pranams* and the envelope. The Ustad asked Balwant:

"What is this?"

Balwant Singh replied:

"Patsha ji has sent this to you with his blessings."

When Ustad Vilayat Khan ji opened the envelope, he was in tears. For Patsha ji had sent one thousand dollars as *Guru Dakshina* even before the first class had commenced.

Another episode reveals the way in which Patsha ji used to fulfill the wishes of musicians. Before a concert of Ustad Vilayat Khan ji in New York, USA, the artiste called up Patsha ji and sought his blessings.

Patsha ji asked him:

"Ustad ji, what can we do for you?"

The Ustad answered:

"Satguru ji, I wish that the Namdharis residing in the USA would attend the concert."

Patsha ji instructed Balwant Singh who was at New York studying music at the feet of Vilayat Khan ji:

"Balwant, buy the necessary tickets and give them to the Namdharis residing in the city. Tell them that it is their Satguru's wish that they attend the concert."

Needless to say, the hall was brimming with Namdharis who are an initiated, interested audience which every artiste values.

Patsha ji had a wonderful relationship with almost all great musicians of his time. How he met the famous *sarod* maestro Ustad Amjad Ali Khan makes a very interesting story.

In 1967, Patsha ji and Maharaj Bir Singh ji had gone to Delhi to attend the Hola Mela. Patsha ji had heard about Ustad Amjad Ali Khan, the sarod maestro and wanted to listen to him. He conveyed his wish to the Ustad through a musician friend.

Ustad Amjad Ali Khan sent a reply:

“Satguru ji can come to my house at nine in the evening when I am practising and listen to me.”

Patsha ji readily agreed to do so. For this votary of music, nothing stood in the way of appreciation.

Ustad Amjad Ali Khan described the first meeting thus:

“At 9 pm, a fleet of cars stopped in front of my house. Satguru Jagjit Singh ji, Maharaj Bir Singh ji and some musicians including a *tabla* artiste, Pandit Prem Vallabh ji, came inside and the session started. I played on, for more than three hours till the Satguru stayed. He appreciated the *raag desh.*”

Patsha ji was very much impressed by the young artiste's performance. This was the beginning of a lifelong relationship. He requested Ustad Amjad Ali Khan ji to teach sitar and sarod to two Namdhari disciples, namely Harbhajan Singh and Gurdev Singh. They made Patsha ji and Ustad Amjad Ali Khan proud by their dedication and mastery over the instrument. When a student of music excelled, Patsha ji's happiness knew no bounds. On one occasion, before a large gathering, Patsha ji said about Gurdev Singh:

“He is the biggest thief, a chor, who has stolen everything from his Guru.”

These words show his large heartedness and genuine love of music. Patsha ji invited Ustad Amjad Ali Khan to Sri Bhaini Sahib and provided an opportunity for other students to interact and learn from him.

Patsha ji always opted for the very best teachers for his students. It was his way of immortalizing the art. A Guru lives in the voice and hands of his shishyas.

Patsha ji sent Kirpal Singh fondly called 'Palli', a UK-based Namdhari student, to Ustad Bismillah Khan, the legendary shehnai player to learn taar shehnai. Kirpal came down to India and travelled to Benares with great expectations. As he walked through the narrow alleys of Benares with slaughterhouses and sweet shops on both sides, he wondered why Patsha ji wanted him to undergo this ordeal.

Kirpal recalls that he was deeply disappointed when the Ustad expressed his inability to take him as disciple and asked him to come the following year. Kirpal returned home and came back the following year but the second time too, the Ustad turned him away with some excuse. The third time, Kirpal was determined that he would not move from Benares unless the Ustad accepted him as his disciple.

On his third visit when Kirpal reached Benares, the Ustad was about to take a train to Delhi. Kirpal ran to the railway station, bought a ticket and traveled in the same coach as the Ustad. This journey established the bond between the Guru and the shishya.

Here is a glimpse into one of the learning sessions that would take place on the terrace of Ustad Bismillah Khan's house in Benares. The great musician would be seated on the charpoy and would ask Kirpal to play the taar shehnai. Hours would go by and the Ustad would drift off to sleep. When Kirpal stopped playing, the Ustad would wake up and order him to continue.

Kirpal said:

“The sun would beat down on me and I would continue playing hoping for the rare word of appreciation from the Ustad.”

Patsha ji knew that more than the actual teaching of the notes, one learns by being in the presence of such great masters, who impart the culture of music. The Ustad illustrated by example how to sit on the stage, how to tune the self and the instrument to perfection.

In 1987, when Satguru Partap Singh Academy was started in Sri Bhaini Sahib, the music classes attracted more students. In this school, Bibi Narinder Kaur ji and Ustad Mohan Singh ji started teaching music. When the number of students increased, Patsha ji appointed a person named Mastana Hardev Singh to supervise and monitor the learning of music. Mastana Hardev Singh was a strict taskmaster. Children were mortally scared of him as he used to beat them if they did not practise music.

**To be continued......**

# ਸੁੱਚੇ ਮੋਤੀ

## ਸਚਮੁੱਚ ਵੱਡੇ ਹਨ

23 ਅਗਸਤ 1959 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਰਾਤੀਂ 8 ਵਜੇ ਦੇ ਕਰੀਬ ਵੱਡੇ ਮਹਾਰਾਜ ਜੀ (ਸਤਿਗੁਰੂ ਜਗਜੀਤ ਸਿੰਘ) ਮੈਨੂੰ (ਕਵੀ ਪ੍ਰੀਤਮ ਸਿੰਘ) ਮਿਲੇ। ਵੱਖ ਲੈ ਜਾ ਕੇ ਰੋ ਪਏ। ਕਹਿਣ ਲੱਗੇ- "ਅੱਜ ਜਦ ਦੁਪਹਿਰੇ ਬਾਬਾ ਜੀ ਛੋਟੇ (ਮਹਾਰਾਜ ਬੀਰ ਸਿੰਘ) ਮੇਰੇ ਬਰਾਬਰ ਕੱਪੜੇ 'ਤੇ ਨਾ ਬੈਠੇ ਤਾਂ ਮੇਰੇ ਕਲੇਜੇ ਵਿੱਚ ਚੀਰ ਫਿਰ ਗਿਆ। ਗੱਦੀ ਕਾਰ ਅਜਿਹੀ ਹੈ। ਮੇਰਾ ਜੀ ਕਰੇ ਮੈਂ ਇਹ ਥਾਂ ਛੱਡ ਦਿਆਂ, ਜੋ ਇਸ ਪਿਆਰੇ ਵੀਰ ਤੋਂ ਵੀ ਇਸ ਤਰ੍ਹਾਂ ਵਿਛੋੜ ਰਹੀ ਹੈ। ਮੈਨੂੰ ਬਹੁਤ ਵੱਡਿਆਂ ਬਣਾ ਰਹੀ ਹੈ ਤੇ ਉਹਨਾਂ ਨੂੰ ਮੇਰਾ ਏਨਾ ਆਦਰ ਕਰਨ 'ਤੇ ਮਜ਼ਬੂਰ ਕਰ ਰਹੀ ਹੈ। ਪਰ ਮੈਂ ਨਾਮਧਾਰੀ ਪੰਥ ਦੀਆਂ ਲੋੜਾਂ ਨੂੰ ਅਤੇ ਸਤਿਗੁਰਾਂ ਵੱਲੋਂ ਸੰਭਾਲੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਮਜ਼ਬੂਰ ਹਾਂ।"

ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ) ਰੋ ਰਹੇ ਸਨ। ਮੈਂ ਗਲਵੱਕੜੀ ਪਾਈ ਤੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਲਈ ਕਿਹਾ। ਦੂਜੀ ਅਰਜ਼ ਮੈਂ ਕੀਤੀ- "ਤੁਹਾਡੇ ਮੋਢੇ ਇਸ ਭਾਰ ਨੂੰ ਚੁੱਕਣ ਦੇ ਕਾਬਲ ਹਨ। ਤੁਸਾਂ ਇਸ ਸਮੇਂ ਵਿੱਚ ਉਹਨਾਂ ਨੂੰ ਵੀ ਜ਼ਰੂਰ ਸੰਤੁਸ਼ਟ ਕਰਨਾ, ਜਿਹੜੇ ਹੁਣ ਤੱਕ ਤੁਹਾਡੀ ਮੁਖਾਲਫਤ ਕਰਦੇ ਰਹੇ ਹਨ। ਭਾਈ ਵਜੀਰ ਸਿੰਘ ਜੀ ਅਤੇ ਰਤਨ ਸਿੰਘ ਹੁਰਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨਿੰਨ ਸੇਵਕ ਤੇ ਪ੍ਰੇਮੀ ਜਾਣ ਕੇ ਕਿਸੇ ਤਰ੍ਹਾਂ ਦਾ ਕੋਈ ਕਸ਼ਟ ਨਾ ਆਉਣ ਦੇਣਾ ਤਨ, ਮਨ ਤੇ ਧਨ ਕਰਕੇ। ਮਹਾਰਾਜ ਜੀ ਵੱਡਿਆਂ (ਸਤਿਗੁਰੂ ਜਗਜੀਤ ਸਿੰਘ) ਨੇ ਉੱਤਰ ਦਿੱਤਾ- "ਮੈਂ ਕਈ ਸਾਲਾਂ ਤੋਂ ਭਾਈ ਵਜ਼ੀਰ ਸਿੰਘ ਜੀ ਨਾਲ ਨਹੀਂ ਬੋਲਿਆ ਸਾਂ, ਪਰ ਅੱਜ ਉਚੇਚਿਆਂ ਉਹਨਾਂ ਕੋਲ ਗਿਆ। ਪਹਿਲੀ ਵਾਰ ਕੋਲ ਗਿਆ ਤਾਂ ਮੇਰਾ 'ਗਲਾ' ਭਰ ਆਇਆ, ਬੋਲਿਆ ਨਹੀਂ ਗਿਆ। ਫਿਰ ਮਹਾਰਾਜ ਨਿਹਾਲ ਸਿੰਘ ਜੀ ਨੂੰ ਮਿਲ ਕੇ ਦੁਬਾਰਾ ਗਿਆ ਤਾਂ ਉਹ ਵੀ ਪਛਾਣ ਨ ਸਕੇ। ਰਤਨ ਸਿੰਘ ਨੇ ਦੱਸਿਆ ਕਿ ਇਹ ਵੱਡੇ ਬਾਬਾ ਜੀ ਨੇ। ਮੈਂ ਭਾਈ ਜੀ ਨੂੰ ਕਿਹਾ- ਭਾਈ ਜੀ ! ਹੁਣ ਸਤਿਗੁਰਾਂ ਦੀ ਥਾਂ ਤੁਸੀਂ ਸਾਡਾ ਆਸਰਾ ਜੇ।"

ਮੈਂ (ਕਵੀ ਪ੍ਰੀਤਮ ਸਿੰਘ) ਇੱਕ ਗਲਵੱਕੜੀ ਫੇਰ ਪਾਈ ਤੇ ਤਸੱਲੀ ਕੀਤੀ ਕਿ ਵੱਡੇ ਮਹਾਰਾਜ ਜੀ (ਸਤਿਗੁਰੂ ਜਗਜੀਤ ਸਿੰਘ) ਸਚੁਮੱਚ ਵੱਡੇ ਹਨ- ਉਹ ਸਮਰੱਥ ਪੁਰਖ ਹੋਣਗੇ।

## ਵਿਉਂ ਕਿ ਵਿਉਂਤ

25 ਅਕਤੂਬਰ 1977 ਨੂੰ ਮਨਾਲੀ ਬੈਠਿਆਂ ਸੰਤ ਤਰਨ ਸਿੰਘ ਵਹਿਮੀ ਦੇ ਪਰਵਾਰ ਦੀ ਗੱਲ ਛਿੜ ਪਈ। ਸਤਿਗੁਰਾਂ ਬਚਨ ਕੀਤਾ- ਉਹਨਾਂ ਦਾ ਸੁਖਦਾਈ ਵਸੇਬਾ ਤਾਂ ਬੁੱਢੀ ਮਾੜੀਓਂ ਜ਼ਮੀਨ ਵੇਚ ਕੇ ਕਿਸੇ ਹੋਰ ਥਾਂ ਜਾ ਖਰੀਦਣ ਨਾਲ ਹੀ ਠੀਕ ਤਰ੍ਹਾਂ ਚੱਲੇਗਾ। ਨਹੀਂ ਤਾਂ ਜੱਟਾਂ ਦੀ ਦੁਸ਼ਮਣੀ ਅਨੇਕਾਂ ਕਤਲਾਂ ਦੀ ਜਣਨੀ ਹੁੰਦੀ ਹੈ।

ਮੈਂ ਡਫਰਕਿਆਂ ਦੇ ਨਿਹਾਲ ਸਿੰਘ ਤੇ ਹਵੇਲੀ ਵਾਲੇ ਪਰਵਾਰਾਂ ਦੀ ਦੁਸ਼ਮਣੀ ਤੇ ਕਤਲ ਦੀ ਕਹਾਣੀ ਸੁਣਾਈ, ਜਿਸ ਅਨੁਸਾਰ ਭਲਿਆਂ ਸਮਿਆਂ ਵਿੱਚ ਦੋ-ਦੋ ਕਤਲ ਤੇ ਡੇਢ ਲੱਖ ਰੁਪਿਆ ਮੁਕੱਦਮਿਆਂ ਵਿੱਚ ਖਰਚ ਹੋ ਗਿਆ ਸੀ।

ਗੁਰਮੁਖ ਸਿੰਘ ਡਰਾਈਵਰ ਨੇ ਕੋਲੋਂ ਆਖਿਆ- ਗਰੀਬ ਨਿਵਾਜ, ਸਾਧੂ ਸਿੰਘ, (ਵਹਿਮੀ ਜੀ ਦਾ ਵੱਡਾ ਲੜਕਾ) ਤਾਂ ਤਿਆਰ ਹੈ, ਪਰ ਉਹ ਸਾਰੀ ਜ਼ਮੀਨ ਖਰੀਦੇ ਕਿਹੜਾ?

ਸਤਿਗੁਰੂ ਜੀ- ਮੈਨੂੰ ਤਾਂ ਨਹੀਂ ਸੁ ਦੱਸਿਆ !

ਮੈਂ ਆਪਣੇ ਪਿੰਡ ਦੀ ਕਹਾਣੀ ਸੁਣਾਉਂਦਿਆਂ ਆਖਿਆ- ਜੱਟ ਵਿਉਂ ਵਿੱਚ ਆਏ ਪਿੱਛੇ ਨਹੀਂ ਹਟਦੇ, ਮਰਨ ਮਾਰਨ ਦਾ ਨੁਕਸਾਨ ਭਾਵੇਂ ਕਿੰਨਾ ਕਰ ਬਹਿਣ। ਸਤਿਗੁਰਾਂ ਮੇਰੇ ਸ਼ਬਦ 'ਵਿਉਂ'' ਨੂੰ ਨੋਟ ਕਰਦਿਆਂ ਫੁਰਮਾਇਆ- "ਜੇ ਪਿਛੇ 'ਤੱਤਾ' ਲਗ ਜਾਏ ਤਾਂ ਸਾਰੀਆਂ ਗੱਲਾਂ ਠੀਕ ਢੰਗ ਨਾਲ ਹੋ ਜਾਂਦੀਆਂ ਹਨ। ਅਰਥਾਤ 'ਵਿਉਂ' ਦੀ ਥਾਂ ਜੇ 'ਵਿਉਂਤ' ਹੋ ਜਾਏ ਤਾਂ ਨਤੀਜੇ ਸਦਾ ਚੰਗੇ ਨਿਕਲਦੇ ਹਨ।"

ਮੈਂ ਸਤਿਗੁਰੂ ਜੀ ਵੱਲ ਵੇਖ ਕੇ ਮੁਸਕਰਾਇਆ ਕਿ ਗੱਲ ਕਿੰਨੀ ਜਲਦੀ ਪਕੜੀ ਤੇ ਪੂਰਨ ਕੀਤੀ ਹੈ।

## ਭੂਤਾਂ ਪ੍ਰੇਤਾਂ ਦਾ ਚੱਕਰ

ਦਿੱਲੀ ਦਾ ਇੱਕ ਸਿੰਘ ਆਪਣੀ ਪਤਨੀ ਨਾਲ ਸਤਿਗੁਰੂ ਜੀ ਨੂੰ ਮੱਥਾ ਟੇਕਣ ਵਾਸਤੇ ਆਇਆ। ਉਸ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ- "ਦੀਨ ਦਿਆਲ ਜੀ, ਪਤਾ ਨਹੀਂ ਇਸ ਨੂੰ ਕੀ ਰੋਗ ਹੈ, ਇਕਦਮ ਛਾਈਂ-ਮਾਈਂ (ਐਸੀ ਹਾਲਤ ਜਿਸ ਵਿੱਚ ਮਨੁੱਖ ਬਗੈਰ ਕਿਸੇ ਸਰੀਰਕ ਹਰਕਤ ਤੋਂ ਸਥਿਰ ਹੋ ਜਾਵੇ) ਹੋ ਜਾਂਦੀ ਹੈ। ਸਰੀਰ ਤਣਿਆ ਜਾਂਦਾ ਹੈ। ਡਾਕਟਰਾਂ ਨੂੰ ਕੁਝ ਪਤਾ ਨਹੀਂ ਲੱਗਦਾ। "

ਸਤਿਗੁਰੂ ਜੀ ਨੇ ਫੁਰਮਾਇਆ- "ਜ਼ਰੂਰੀ ਨਹੀਂ ਕਿ ਹਰ ਰੋਗ ਡਾਕਟਰਾਂ ਦੁਆਰਾ ਠੀਕ ਹੋ ਜਾਏ। ਲੋਕ ਡਾਕਟਰਾਂ 'ਤੇ ਵਿਸ਼ਵਾਸ ਕਰਕੇ ਉਨ੍ਹਾਂ ਪਾਸ ਜਾਂਦੇ ਹਨ ਤੇ ਕਈ ਵਾਰ ਨਵੇਂ ਰੋਗ ਲੈ ਕੇ ਘਰ ਮੁੜ ਆਉਂਦੇ ਹਨ। ਇਲਾਜ ਕਰਵਾਣ ਗਿਆਂ ਕਈ ਮਰ ਵੀ ਜਾਂਦੇ ਹਨ। ਪਰ ਡਾਕਟਰਾਂ ਪਾਸ ਜਾਣੋਂ ਲੋਕ ਹਟਦੇ ਨਹੀਂ। ਫਿਰ ਭੂਤਾਂ-ਪ੍ਰੇਤਾਂ ਦਾ ਵਹਿਮ ਕਈ ਪਰੇਸ਼ਾਨੀਆਂ ਪੈਦਾ ਕਰਦਾ ਹੈ। ਵਿਸ਼ਵਾਸ ਕਰਕੇ ਸਾਧ ਸੰਗਤ ਤੇ ਸਤਿਗੁਰੂ ਵੱਲ ਧਿਆਨ ਕਰੋ। ਸਾਧ ਸੰਗਤ ਵਿੱਚ ਅਰਦਾਸ ਹੋ ਜਾਵੇਗੀ। "

ਸਤਿਗੁਰਾਂ ਆਪਣੀ ਮਿਸਾਲ ਦਿੱਤੀ- "ਮੇਰੇ ਪੇਟ ਦੀ ਖਰਾਬੀ ਬਾਰੇ ਸਾਰੇ ਵੱਡੇ-ਵੱਡੇ ਡਾਕਟਰਾਂ ਨੂੰ ਪਤਾ ਹੈ, ਪਰ ਕੋਈ ਡਾਕਟਰ ਜਾਂ ਹਕੀਮ ਇਸ ਨੂੰ ਠੀਕ ਨਹੀਂ ਕਰ ਸਕਿਆ। ਜੇ ਕਿਸੇ ਦੀ ਦਵਾਈ ਕਾਰਗਰ ਜਾਪੇ ਤਾਂ ਉਹ ਵੀ ਦੋ ਚਾਰ ਦਿਨ ਲਈ ਆਰਾਮ ਦਿੰਦੀ ਹੈ। ਪਰ ਮੈਂ ਤਾਂ ਸਤਿਗੁਰੂ ਦੀ ਕਿਰਪਾ ਨਾਲ ਨਾ ਰੋਗ ਤੋਂ ਡਰਦਾ ਹਾਂ ਤੇ ਨਾ ਕਿਸੇ ਹੋਰ ਤੋਂ। ਸਿਹਤ ਬਹਾਲ ਰੱਖਣ ਲਈ ਸਾਰਾ ਯਤਨ ਕਰਨਾ ਤਾਂ ਬਣਦਾ ਹੈ। ਵਧੇਰੇ ਕੁਦਰਤੀ ਜੀਵਨ ਅਖਤਿਆਰ ਕਰੋ। "

## ਹਿੰਮਤ ਰੱਖਣੀ ਚਾਹੀਦੀ ਹੈ

8 ਜੁਲਾਈ 1977 ਈ. ਨੂੰ ਸਤਿਗੁਰੂ ਜੀ ਨੇ ਆਸਾ ਦੀ ਵਾਰ ਨਾਮਧਾਰੀ ਕਾਲੋਨੀ ਰਮੇਸ਼ ਨਗਰ (ਦਿੱਲੀ) ਵਿਖੇ ਸੁਣੀ। ਮੈਂ ਪੂਸਾ ਰੋਡ ਕੋਠੀ 10 ਵਜੇ ਪਹੁੰਚਾ। ਮੇਰੇ ਜਾਂਦਿਆਂ ਨੂੰ ਸਤਿਗੁਰੂ ਜੀ ਡਾਲਟਨ ਗੰਜ (ਬਿਹਾਰ) ਦੇ ਸੁਰਿੰਦਰ ਸਿੰਘ ਨਾਲ ਗੱਲਬਾਤ ਕਰ ਰਹੇ ਸਨ। ਫ਼ੁਰਮਾਇਆ- "ਤੇਰੀ ਗੱਲ ਸੁਣ ਕੇ ਮੈਨੂੰ ਪਰੇਸ਼ਾਨੀ ਹੋਈ ਹੈ। ਤੇਰੇ ਮਨ ਵਿੱਚ ਏਨੀ ਕਮਜ਼ੋਰੀ ਕਿਵੇਂ ਆ ਗਈ? ਤੂੰ ਤਾਂ ਮਾਇਆ ਵੱਲੋਂ ਵੀ ਕੋਈ ਮੁਸ਼ਕਲ ਨਹੀਂ ਰੱਖਦਾ, ਪਰ ਏਥੇ ਕਵੀ ਹੁਰਾਂ ਵਰਗੇ ਵੀ ਹਨ ਜੁ ਕਿਸੇ ਵੱਡੀ ਤੋਂ ਵੱਡੀ ਮੁਸੀਬਤ ਨੂੰ ਵੀ ਟਿੱਚ ਜਾਣਦੇ ਹਨ। ਬੰਦੇ ਨੂੰ ਹਿੰਮਤ ਰੱਖਣੀ ਚਾਹੀਦੀ ਹੈ। ਮਸਲੇ ਆਪਣੇ ਆਪ ਠੀਕ ਹੋ ਜਾਂਦੇ ਹਨ। "

## ਦਿਲਾਂ ਦੇ ਜੇਤੂ ਸਤਿਗੁਰੂ

2 ਫਰਵਰੀ 1960 ਈ. ਸੰਤ ਨਗਰ ਬਸੰਤ ਪੰਚਮੀ ਮੇਲੇ ਦੌਰਾਨ ਮੈਂ ਸਤਿਗੁਰੂ ਜੀ ਕੋਲੋਂ ਜ਼ਰਾ ਦੂਰ ਹੋ ਕੇ ਬੈਠਿਆ ਤਾਂ ਸਤਿਗੁਰਾਂ ਪਿਆਰ ਨਾਲ ਕੋਲ ਬੁਲਾ ਕੇ ਆਖਿਆ- "ਮੇਰਾ ਜੀ ਨਹੀਂ ਲੱਗਦਾ ਜਦ ਤੂੰ ਕੋਲ ਨ ਹੋਵੇਂ। "

ਅਜਿਹੇ ਕਥਨ ਉਹ ਦੂਜਿਆਂ ਦੇ ਹਿਰਦੇ ਜਿੱਤਣ ਲਈ ਤੇ ਸਿੱਧਾ ਰਾਬਤਾ ਬਣਾਈ ਰੱਖਣ ਲਈ ਕਰਿਆ ਕਰਦੇ ਹਨ ਅਤੇ ਉਹਨਾਂ ਨੂੰ ਪਤਾ ਹੈ ਕਿ ਕਿਹੋ ਜਿਹੇ ਸ਼ਬਦ ਮੇਰੇ ਧੁਰ ਅੰਦਰ ਉਤਰ ਜਾਂਦੇ ਹਨ।

## ਸਦ-ਉਪਦੇਸ਼

27 ਜਨਵਰੀ 1962 ਈ. ਨੂੰ ਜੀਵਨ ਨਗਰ ਵਿਖੇ, ਮੇਰੇ ਕੋਠੀ ਜਾਂਦਿਆਂ ਨੂੰ ਸਤਿਗੁਰੂ ਜੀ ਨਵੇਂ ਗੈਰਿਜ ਦੀ ਉਸਾਰੀ ਪਾਸ ਖਲੋਤੇ ਉਸਾਰੀ ਵੇਖ ਰਹੇ ਸਨ। ਫਿਰ ਚੱਲਦੇ ਫਿਰਦਿਆਂ ਦੂਜੀ ਵਾਰ ਮਿਲਣ 'ਤੇ ਬਹੁਤ ਸਾਰੀਆਂ ਗੱਲਾਂ ਹੋਰ ਦੱਸ ਕੇ ਆਖਿਆ- "ਜੇ ਕੋਈ ਕਦੇ ਦਿਲ ਦੀ ਰੰਜਿਸ਼ ਖ਼ਤਮ ਕਰ ਹੱਥ ਮਿਲਾਣ ਲਈ ਅੱਗੇ ਵਧਾਏ ਤਾਂ ਉਹਦੇ ਚਰਨੀਂ ਹੱਥ ਲਾ ਦੇਣਾ ਵੀ ਵਾਜਬ ਹੀ ਹੈ। ਇਸ ਹਾਰਦਿਕਤਾ ਨਾਲ ਦੂਜਾ ਪਾਸਾ ਜਿੱਤਿਆ ਜਾ ਸਕਦਾ ਹੈ। "

# ਬੱਚਿਆਂ ਦਾ ਪੰਨਾ

ਸ੍ਰੀ ਕ੍ਰਿਸ਼ਨ ਜੀ ਅਤੇ ਸੁਦਾਮਾ ਸੰਦੀਪਨ ਰਿਸ਼ੀ ਦੇ ਆਸ਼ਰਮ ਵਿੱਚ ਇੱਕਠੇ ਪੜਾਈ ਕਰਦੇ ਸੀ ।ਪੜ੍ਹਾਈ ਉਪਰੰਤ ਕ੍ਰਿਸ਼ਨ ਜੀ ਦੁਆਰਕਾ ਦੇ ਰਾਜਾ ਬਣੇ ਅਤੇ ਸੁਦਾਮਾ ਆਪਣੇ ਘਰ ਰਹਿੰਦਿਆਂ ਗਰੀਬੀ ਵਿਚ ਦਿਨ ਕੱਟਣ ਲੱਗਾ। ਸੁਦਾਮੇ ਦੇ ਕਈ ਬੱਚੇ ਸਨ । ਉਹ ਬਹੁਤ ਮੁਸ਼ਕਿਲ ਨਾਲ ਘਰ ਦਾ ਗੁਜ਼ਾਰਾ ਕਰਦਾ।

ਉਸ ਦੀ ਪਤਨੀ ਤੋਂ ਇਹ ਸਭ ਨਹੀਂ ਦੇਖਿਆ ਗਿਆ। ਉਹ ਜਾਣਦੀ ਸੀ ਕਿ ਸੁਦਾਮਾ ਸ੍ਰੀ ਕ੍ਰਿਸ਼ਨ ਜੀ ਦਾ ਬਚਪਨ ਦਾ ਮਿੱਤਰ ਹੈ। ਉਸਨੇ ਆਪਣੇ ਪਤੀ ਸੁਦਾਮੇ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਮਿੱਤਰ ਨੂੰ ਮਿਲਣ ਜਾਵੇ ਅਤੇ ਮਦਦ ਮੰਗੇ ।



ਸੁਦਾਮਾ ਆਪਣੇ ਮਿੱਤਰ ਨੂੰ ਮਿਲਣਾ ਤੇ ਚਾਹੁੰਦਾ ਸੀ ਪਰ ਮਦਦ ਲਈ ਨਹੀਂ, ਸਿਰਫ਼ ਆਪਣੀ ਮਿੱਤਰਤਾ ਦਾ ਆਨੰਦ ਲੈਣ ਲਈ। ਉਹ ਆਪਣੀ ਪੋਟਲੀ ਵਿੱਚ ਥੋੜ੍ਹੇ ਜਿਹੇ ਚੌਲ ਲੈ ਕੇ ਤੁਰ ਪਿਆ।

ਸ੍ਰੀ ਕ੍ਰਿਸ਼ਨ ਜੀ ਨੂੰ ਪਤਾ ਲੱਗਾ ਕਿ ਸੁਦਾਮਾ ਆਇਆ ਹੈ ਤੇ ਉਹ ਦੌੜ ਕੇ ਦਰਵਾਜ਼ੇ 'ਤੇ ਪਹੁੰਚੇ ਅਤੇ ਸੁਦਾਮੇ ਦਾ ਸੁਆਗਤ ਕੀਤਾ । ਉਸਨੂੰ ਆਪਣੇ ਗਲੇ ਲਗਾਇਆ ਅਤੇ ਉਸ ਦੀ ਬਹੁਤ ਸੇਵਾ ਕੀਤੀ । ਸੁਦਾਮਾ ਬਹੁਤ ਹੀ ਸ਼ਰਮਿੰਦਾ ਹੋ ਗਿਆ ਜਦੋਂ ਭਗਵਾਨ ਕ੍ਰਿਸ਼ਨ ਨੇ ਉਸਨੂੰ ਪੁੱਛਿਆ "ਮੇਰੇ ਲਈ ਕੀ ਲੈ ਕੇ ਆਇਆ ਹੈਂ?" ਭਗਵਾਨ ਕ੍ਰਿਸ਼ਨ ਜੀ ਨੇ ਚੌਲਾਂ ਦੀ ਪੋਟਲੀ ਵਿੱਚੋਂ 3 ਮੁੱਠੀ ਚੌਲ ਖਾਧੇ ਅਤੇ ਸੁਦਾਮੇ ਦੇ ਪਰਿਵਾਰ 'ਤੇ ਕਿਰਪਾ ਕੀਤੀ ਅਤੇ ਉਸਦੀ ਗਰੀਬੀ ਦੂਰ ਕਰ ਦਿੱਤੀ । ਸੁਦਾਮਾ ਕੁਝ ਦਿਨ ਆਪਣੇ ਮਿੱਤਰ ਕੋਲ ਰਹਿ ਕੇ ਵਾਪਸ ਘਰ ਆ ਗਿਆ ।ਵਾਪਸ ਆ ਕੇ ਸੁਦਾਮਾ ਹੈਰਾਨ ਰਹਿ ਗਿਆ ਜਦੋਂ ਉਸਨੇ ਦੇਖਿਆ ਕਿ ਝੌਂਪੜੀ ਦੀ ਥਾਂ ਮਹੱਲ ਸੀ ਅਤੇ ਉਸ ਮਹੱਲ ਵਿੱਚ ਬਹੁਤ ਨੌਕਰ ਕੰਮ ਕਰ ਰਹੇ ਸਨ। ਬੱਚਿਆਂ ਅਤੇ ਉਸਦੀ ਪਤਨੀ ਨੇ ਬਹੁਤ ਵਧੀਆ ਕੱਪੜੇ ਪਾਏ ਹੋਏ ਸਨ। ਉਸਦੀ ਪਤਨੀ ਨੇ ਦੱਸਿਆ ਕਿ ਇਹ ਕਿਰਪਾ ਉਸਦੇ ਮਿੱਤਰ ਸ੍ਰੀ ਕ੍ਰਿਸ਼ਨ ਜੀ ਨੇ ਕੀਤੀ ਹੈ । ਅਸਲੀ ਮਿੱਤਰਤਾ ਤਾਂ ਇਹ ਹੀ ਹੈ, ਕਿ ਤੁਸੀਂ ਆਪਣੇ ਮਿੱਤਰ ਦੇ ਔਖੇ ਸਮੇਂ ਵੀ ਕੰਮ ਆਉ ।

**– ਸੰਤਾ ਸਿੰਘ (ਸ੍ਰੀ ਭੈਣੀ ਸਾਹਿਬ)**

# ਖ਼ਬਰਨਾਮਾ

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦੌਰੇ

ਮਿਤੀ 7 ਦਸੰਬਰ 2020 ਦਿਨ ਸੋਮਵਾਰ ਸ੍ਰੀ ਭੈਣੀ ਸਾਹਿਬ ਦੁਪਹਿਰ ਦੇ ਨਾਮ ਸਿਮਰਨ ਅਤੇ ਕੀਰਤਨ ਤੋਂ ਬਾਅਦ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਸਿੱਖ ਸੇਵਕਾਂ ਸਹਿਤ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਪਿੰਡ ਬਹਾਦਰਗੜ੍ਹ ਵਿਖੇ ਦਰਸ਼ਨ ਦੇਣ ਲਈ ਅਰਦਾਸ ਕਰ ਚਾਲੇ ਪਾਏ ਵਾਇਆ ਮੋਰਿੰਡਾ ਖਮਾਣੋਂ ਹੁੰਦੇ ਹੋਏ ਸ਼ਾਮ ਤਕਰੀਬਨ ਪੰਜ ਵਜੇ ਸ੍ਰੀ ਸਤਿਗੁਰੂ ਜੀ ਸਰਹਿੰਦ ਸ਼ਹਿਰ ਦੀ ਗੋਦ ਵਿੱਚ ਵਸੇ ਪਿੰਡ ਬਹਾਦਰਗੜ੍ਹ ਵਿਖੇ ਸਰਦਾਰ ਜਸਵੰਤ ਸਿੰਘ ਆਗੂ ਭਾਰਤੀ ਜਨਤਾ ਪਾਰਟੀ ਦੇ ਅਰਜ਼ ਕਰਨ ਤੇ ਦਰਸ਼ਨ ਦਿੱਤੇ ਸਰਦਾਰ ਜਸਵੰਤ ਸਿੰਘ ਦਾ ਵੱਡੇ ਭਰਾ ਸੇਵਾ ਸਿੰਘ ਪੁੱਤਰ ਗੁਰਬਚਨ ਸਿੰਘ ਕੁਝ ਦਿਨ ਪਹਿਲਾਂ ਚੜ੍ਹਾਈ ਕਰ ਗਏ ਸਨ ਸ੍ਰੀ ਸਤਿਗੁਰੂ ਜੀ ਪਰਿਵਾਰ ਨੂੰ ਦਰਸ਼ਨ ਦੇਣ ਅਤੇ ਧੀਰਜ ਦੇਣ ਲਈ ਇਹ ਕਿਰਪਾ ਕੀਤੀ ਅਤੇ ਪਰਿਵਾਰ ਨੂੰ ਤਕੜੇ ਹੋ ਕੇ ਭਾਣਾ ਮੰਨਣ ਦਾ ਹੁਕਮ ਕੀਤਾ ਇੱਥੋਂ ਹੀ ਸ੍ਰੀ ਸਤਿਗੁਰੂ ਜੀ ਪਿੰਡ ਡੇਰਾ ਮੀਰ ਮੀਰਾਂ ਸੂਬਾ ਸੁਖਵਿੰਦਰ ਸਿੰਘ ਦੇ ਭਰਾ ਸਰਦਾਰ ਝਿਰਮਲ ਸਿੰਘ ਤੇ ਚੜ੍ਹਾਈ ਕਰ ਜਾਣ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਸਰਦਾਰ ਝਿਰਮਲ ਸਿੰਘ ਦੇ ਸਪੁੱਤਰ ਸਰਦਾਰ ਗੁਰਜੀਵਨ ਸਿੰਘ ਨੂੰ ਅਤੇ ਸਮੁੱਚੇ ਪਰਿਵਾਰ ਨੂੰ ਗੁਰੂ ਕੇ ਭਾਣੇ ਨੂੰ ਮੰਨਣ ਦਾ ਹੁਕਮ ਕੀਤਾ ਅਤੇ ਸਾਰੇ ਪਰਿਵਾਰ ਨੂੰ ਪਿਆਰ ਭਰੀ ਹਮਦਰਦੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪ੍ਰਗਟ ਕੀਤੀ ਅਤੇ ਪੂਰੇ ਪਰਿਵਾਰ ਨੂੰ ਆਪਣਾ ਪਿਆਰ ਬਖ਼ਸ਼ਿਆ ਇਸ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਸੂਬਾ ਸੁਖਵਿੰਦਰ ਸਿੰਘ ਜੀ ਸਰਦਾਰ ਦਰਸ਼ਨ ਸਿੰਘ ਵਿਵੇਕ ਸਿੰਘ ਸੇਵਾ ਸਿੰਘ ਤੇਜਾ ਸਿੰਘ ਜਸਵੰਤ ਸਿੰਘ ਤਰਸੇਮ ਸਿੰਘ ਅਤੇ ਸੁਖਦੇਵ ਸਿੰਘ ਦੇ ਘਰਾਂ ਵਿੱਚ ਦਰਸ਼ਨ ਦੇਣ ਅਤੇ ਚਰਨ ਪਾਉਣ ਦੀ ਕਿਰਪਾ ਕੀਤੀ ਉਪਰੰਤ ਵਾਇਆ ਖੰਨਾ ਦੋਰਾਹਾ ਹੁੰਦੇ ਹੋਏ ਸ੍ਰੀ ਭੈਣੀ ਸਾਹਿਬ ਦੇਰ ਰਾਤ ਤੱਕ ਆਣ ਵਿਸ਼ਰਾਮ ਕੀਤਾ।

.....................................................

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਇੱਕ ਦਿਨ ਦਾ ਦੌਰਾ ਇਲਾਕਾ ਸ੍ਰੀ ਜੀਵਨ ਨਗਰ ਇਹ ਸ੍ਰੀ ਸਤਿਗੁਰੂ ਜੀ ਦੀ ਬਖਸ਼ਿਸ਼ ਹੀ ਹੁੰਦੀ ਹੈ ਜਦੋਂ ਉਹ ਆਪਣੇ ਸਿੱਖ ਸੇਵਕਾਂ ਦੀ ਅਰਜ਼ ਬੇਨਤੀ ਪ੍ਰਵਾਨ ਕਰਦੇ ਹੋਏ ਉਨ੍ਹਾਂ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕਰਦੇ ਹਨ ਮਿਤੀ ਤੇਈ ਗਿਆਰਾਂ ਦੋ ਹਜਾਰ ਵੀਹ ਦਿਨ ਸੋਮਵਾਰ ਮੁਤਾਬਕ ਨੌਂ ਮੱਘਰ ਦੋ ਹਜਾਰ ਸਤੱਤਰ ਬਿਕਰਮੀ ਨੂੰ ਸ੍ਰੀ ਭੈਣੀ ਸਾਹਿਬ ਪੰਜ ਵਜੇ ਕੇ ਵੀਹ ਮਿੰਟ ਤੇ ਇਲਾਕਾ ਸ੍ਰੀ ਜੀਵਨ ਨਗਰ ਵਿਖੇ ਦਰਸ਼ਨ ਦੇਣ ਲਈ ਸ੍ਰੀ ਸਤਿਗੁਰੂ ਜੀ ਅਰਦਾਸ ਕਰ ਚਾਲੇ ਪਾਏ ਵਾਇਆ ਬਰਨਾਲਾ ਬਠਿੰਡਾ ਹੁੰਦੇ ਹੋਏ ਨੌਂ ਵਜੇ ਸਤਿਗੁਰੂ ਜੀ ਨਾਮਧਾਰੀ ਫਾਰਮ ਟਿੱਬਾ ਵਿਖੇ ਪਧਾਰੇ ਇੱਥੇ ਹੀ ਫਾਰਮ ਦੀ ਫ਼ਸਲਵਾੜੀ ਵੱਲ ਨਜ਼ਰ ਮਾਰ ਕੁਝ ਸਮਾਂ ਰੁਕਣ ਤੋਂ ਬਾਅਦ ਪਿੰਡ ਸੰਤਨਗਰ ਵਿਖੇ ਸਰਦਾਰ ਮਹਿੰਦਰ ਸਿੰਘ ਰਾੜੇਵਾਲੇ ਗੁਰਮੇਲ ਸਿੰਘ ਹੰਸ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ ਇਸ ਤੋਂ ਬਾਅਦ ਨਾਮਧਾਰੀ ਪੰਥ ਦੇ ਹੋ ਚੁੱਕੇ ਮਹਾਨ ਸੰਤ ਗੁਲਾਬ ਸਿੰਘ ਦੇ ਸਪੁੱਤਰ ਸਰਦਾਰ ਬਖਸ਼ੀਸ਼ ਸਿੰਘ ਵਰ੍ਹਨ ਦੀ ਧਰਮ ਪਤਨੀ ਬੀਬੀ ਗੁਰਦੀਪ ਕੌਰ ਤੇ ਚੜ੍ਹਾਈ ਕਰਨ ਤੇ ਸਰਦਾਰ ਪੂਰਨ ਸਿੰਘ ਵਰਨ ਦੇ ਘਰ ਚਰਨ ਪਾ ਦਰਸ਼ਨ ਦਿੱਤੇ ਜ਼ਿਕਰਯੋਗ ਹੈ ਕਿ ਬੀਬੀ ਗੁਰਦੀਪ ਕੌਰ ਸ ਪੂਰਨ ਸਿੰਘ ਵਰ੍ਹਨ ਦੀ ਮਾਤਾ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਲਾਂਗਰੀ ਸਰਦਾਰ ਤਾਰਾ ਸਿੰਘ ਜੀਆ ਬੁੰਗਾ ਦੀ ਸਪੁੱਤਰੀ ਸੀ ਸਰਦਾਰ ਪੂਰਨ ਸਿੰਘ ਘਰ ਹੀ ਪ੍ਰਸ਼ਾਦਾ ਪਾਣੀ ਛਕਣ ਉਪਰੰਤ ਸੰਤ ਨਗਰ ਵਿਖੇ ਹੀ ਪ੍ਰਤਾਪ ਮੰਦਰ ਵਿੱਚ ਬੀਬੀ ਗੁਰਦੀਪ ਕੌਰ ਦੇ ਭੋਗ ਤੇ ਦਰਸ਼ਨ ਦੇਣ ਦੀ ਕ੍ਰਿਪਾ ਸਤਿਗੁਰੂ ਜੀ ਨੇ ਕੀਤੀ ਭੋਗ ਸਮਾਗਮ ਸਮੇਂ ਸਰਦਾਰ ਜਸਵਿੰਦਰ ਸਿੰਘ ਭਿੰਡਰ ਨੇ ਦੀਵਾਨ ਸਜਾਇਆ ਅਤੇ ਸਰਦਾਰ ਸਵਰਨ ਸਿੰਘ ਵਿਰਕ ਸਰਦਾਰ ਗੁਰਭੇਜ ਸਿੰਘ ਗੁਰਾਇਆ ਐਡਵੋਕੇਟ ਗੁਰਦੇਵ ਸਿੰਘ ਕੂਕਾ ਅਤੇ ਸੂਬਾ ਬਲਵਿੰਦਰ ਸਿੰਘ ਝੱਲ ਨੇ ਸ਼ਰਧਾਂਜਲੀ ਸਮਾਗਮ ਸਮੇਂ ਆਪਣੇ ਵਿਚਾਰ ਰੱਖੇ ਇੱਥੋਂ ਹੀ ਜਗਜੀਤ ਨਗਰ ਵਿਖੇ ਸਰਦਾਰ ਮੱਖਣ ਸਿੰਘ ਦੇ ਘਰ ਚਰਨ ਪਾਏ ਅਤੇ ਵਾਪਸੀ ਸਮੇਂ ਸ੍ਰੀ ਜੀਵਨ ਨਗਰ ਵਿਖੇ ਸ੍ਰੀ ਜਗਜੀਤ ਮੰਦਰ ਵਿੱਚ ਸਰਦਾਰ ਗੁਲਾਬ ਸਿੰਘ ਨਮਿੱਤ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ ਵਾਪਸੀ ਸਮੇਂ ਸਿਰਸਾ ਵਿਖੇ ਸਰਦਾਰ ਅਜੈਬ ਸਿੰਘ ਰਿਟਾਇਰ ਡੀ ਐੱਸ ਪੀ ਦੀ ਪਤਨੀ ਬੀਬੀ ਬਲਵਿੰਦਰ ਕੌਰ ਨੂੰ

ਦਰਸ਼ਨ ਦੇਣ ਦੀ ਕ੍ਰਿਪਾ ਕੀਤੀ ਇਸ ਉਪਰੰਤ ਸਿਰਸਾ ਤੋਂ ਹੀ ਸ੍ਰੀ ਸਤਿਗੁਰੂ ਜੀ ਆਪਣੇ ਇੱਕ ਦਿਨ ਦੇ ਇਲਾਕਾ ਸ੍ਰੀ ਜੀਵਨ ਨਗਰ ਦੇ ਦੌਰੇ ਦੀ ਸਮਾਪਤੀ ਕਰਦੇ ਹੋ ਹੋਏ ਦੇਰ ਰਾਤ ਤੱਕ ਵਾਪਸੀ ਸ੍ਰੀ ਭੈਣੀ ਸਾਹਿਬ ਆਣ ਪਧਾਰੇ ਅਤੇ ਵਿਸ਼ਰਾਮ ਕੀਤਾ।

**– ਸੂਬਾ ਬਲਵਿੰਦਰ ਸਿੰਘ ਝੱਲ**

.....................................................................

## ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਲੁਧਿਆਣਾ ਵਾਲੇ ਸ਼ਹੀਦਾਂ ਦੀ ਯਾਦ ਵਿੱਚ ਮੇਲਾ

6 ਦਿਸੰਬਰ 2020 ਐਤਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਰਾਏਕੋਟ ਸਾਕੇ ਵਿੱਚ ਸਾਮਿਲ ਸੂਬਾ ਗਿਆਨੀ ਰਤਨ ਸਿੰਘ ਜੀ ਅਤੇ ਸੰਤ ਰਤਨ ਸਿੰਘ ਜੀ ਜਿਨਾਂ ਨੂੰ ਅੰਗਰੇਜੀ ਸਰਕਾਰ ਵੱਲੋਂ 26 ਨਵੰਬਰ 1871 ਈ. ਨੂੰ ਫਾਂਸੀਆਂ ਦੇ ਰੱਸੇ ਪਾ ਕੇ ਸ਼ਹੀਦ ਕਰ ਦਿੱਤਾ ਗਿਆ ਸੀ ਉਹਨਾਂ ਦੀ ਯਾਦ ਵਿੱਚ ਮਹਾਨ ਸ਼ਹੀਦੀ ਸਮਾਗਮ ਹੋਇਆ। ਅਮ੍ਰਿਤ ਵੇਲੇ ਸ਼ਹੀਦਾਂ ਨਮਿਤ ਹਵਨ ਹੋਏ ਅਤੇ ਪਾਠਾਂ ਦੇ ਭੋਗ ਪਾਏ ਗਏ। ਸਵੇਰੇ 10:30 ਵਜੇ ਸਮਾਗਮ ਦੀ ਆਰੰਭਤਾ ਹਰਨਾਮ ਸਿੰਘ ਜੀ ਨੇ ਲੁਧਿਆਣਾ ਦੇ ਜਥੇ ਨਾਲ ਕੀਰਤਨ ਕਰ ਕੇ ਕੀਤੀ ਉਪਰੰਤ ਜਥੇਦਾਰ ਸੂਬਾ ਨਿਰੰਜਨ ਸਿੰਘ ਜੀ ਟਮਕੌਦੀ ਨੇ ਦੀਵਾਨ ਲਗਾਇਆ। 11:30 ਜਥੇਦਾਰ ਕਮਾਲ ਸਿੰਘ ਜੀ (ਸ੍ਰੀ ਭੈਣੀ ਸਾਹਿਬ) ਨੇ ਆਪਣੇ ਜਥੇ ਨਾਲ ਦੀਵਾਨ ਸਜਾਉਂਦਿਆ ਦੱਸਿਆ ਕਿ ਕਿਸ ਤਰਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਨੇ ਅੰਗਰੇਜ਼ਾਂ ਦੇ ਤਸੀਹਿਆਂ ਦੀ ਨਾ ਪਰਵਾਹ ਕਰਦਿਆਂ ਹੋਇਆਂ ਹੱਸਦਿਆਂ-ਹੱਸਦਿਆਂ ਸ਼ਹੀਦੀਆਂ ਦਿੱਤੀਆਂ ਦੀਵਾਨ ਦੇ ਦੌਰਾਨ ਹੀ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਕਾਕਾ ਗੰਗਾ ਸਿੰਘ ਮੰਡੀ ਅਤੇ ਕਵੀ ਦਲਬੀਰ ਸਿੰਘ ਜੋਸ਼ ਤੇ ਕੰਗ ਜੀ ਨੇ ਸ਼ਹੀਦਾਂ ਦੀ ਯਾਦ ਵਿੱਚ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਪਮਾ ਵਿੱਚ ਕਵਿਤਾਵਾਂ ਪੜ੍ਹੀਆਂ ਸੰਤ ਅਜੀਤ ਸਿੰਘ ਨਾਮਧਾਰੀ ਨੇ ਬੋਲਦਿਆ ਦੱਸਿਆ ਕਿ ਸ਼ਹੀਦਾਂ ਦੀ ਸ਼ਹੀਦੀ ਨੂੰ ਅੱਜ ਡੇਢ ਸੌ ਸਾਲ ਹੋ ਗਿਆ ਹੈ ਉਨ੍ਹਾਂ ਦੱਸਿਆ ਕਿ ਜਦੋਂ ਗਿਆਨੀ ਜੀ ਹੋਰਾਂ ਨੂੰ ਫਾਂਸੀ ਦੇਣ ਲੱਗੇ ਤਾਂ ਅੰਗਰੇਜ਼ ਅਫਸਰ ਨੇ ਆਪਣਾ ਮੂੰਹ ਦੂਸਰੀ ਤਰਫ ਫੇਰ ਲਿਆ ਤਾਂ ਗਿਆਨੀ ਜੀ ਕਿਹਾ ਬਿੱਲਿਆ ਹੁਣ ਪਿੱਠ ਕਰ ਕੇ ਕਿਉਂ ਖੜ੍ਹਾ ਹੈ ਇੱਧਰ ਮੂੰਹ ਕਰ ਅਸੀਂ ਫੇਰ ਕਿਸੇ ਜੱਟੀ ਦੇ ਪੇਟ ਚੋਂ ਜਨਮ ਲਵਾਂਗੇ ਅਤੇ ਉਦੋਂ ਤੱਕ ਆਉਂਦੇ ਰਹਾਂਗੇ ਜਦੋਂ ਤੱਕ ਦੇਸ਼ ਆਜ਼ਾਦ ਨਹੀਂ ਹੋ ਜਾਂਦਾ। ਸੂਬਾ ਸੁਰਿੰਦਰ ਕੌਰ ਖਰਲ ਨੇ ਬੋਲਦਿਆਂ ਦੱਸਿਆ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਮੇਲੇ ਮਨਾਉਣੇ ਆਰੰਭ ਕੀਤੇ ਅਤੇ ਮੇਰੇ ਵੱਡੇ ਭਾਗ ਸਤਿਗੁਰੂ ਜੀ ਨੇ ਮੇਰੀ ਸੇਵਾ ਇਹਨਾਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਲੱਭਣ ਅਤੇ ਉਹਨਾਂ ਤੋਂ ਸ਼ਹੀਦਾਂ ਦਾ ਇਤਿਹਾਸ ਜਾਣ ਕੇ ਲਿਖਣ ਦੀ ਸੇਵਾ ਬਖਸ਼ਿਸ਼ ਕੀਤੀ। ਸ੍ਰੀ ਸਤਿਗੁਰੂ ਜੀ ਦੇ ਕਰ ਕੰਵਲਾ ਤੋਂ ਡਾ ਰਾਜਵੰਤ ਕੌਰ ਹੋਰਾਂ ਨੇ ਵਰਿਆਮ ਮੈਗਜ਼ੀਨ ਦਾ ਅੰਕ ਰਿਲੀਜ ਕਰਵਾਇਆ ਜੋ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੇ ਸ਼ਤਾਬਦੀ ਵਰੇ ਨੂੰ ਸਮਰਪਿਤ ਹੈ। ਸੂਬਾ ਬਲਵਿੰਦਰ ਸਿੰਘ ਜੀ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦਿਆਂ ਦੱਸਿਆ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਿੱਖਾਂ ਵਿੱਚ ਨਾਮ ਸਿਮਰਨ ਕਰਾ ਐਸਾ ਜਜਬਾ ਪੈਦਾ ਕਰ ਦਿੱਤਾ ਸੀ ਕਿ ਉਹ ਮੌਤ ਤੋਂ ਬਿਲਕੁਲ ਨਹੀਂ ਸਨ ਡਰਦੇ। ਅੰਮ੍ਰਿਤਸਰ ਸਾਕੇ ਦੇ ਸ਼ਹੀਦ ਆਪ ਜਾ ਕਚਿਹਰੀ ਪੇਸ਼ ਹੋਏ। ਸੰਤ ਨਿਸ਼ਾਨ ਸਿੰਘ ਜੀ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਦਿਆਂ ਕਿਹਾ ਕਿ ਲੁਧਿਆਣੇ ਦੇ ਜੋ ਦੋ ਸ਼ਹੀਦ ਗਿਆਨੀ ਸੂਬਾ ਰਤਨ ਸਿੰਘ ਜੀ ਅਤੇ ਸੰਤ ਰਤਨ ਸਿੰਘ ਜੀ ਹੋਏ ਹਨ ਇਹਨਾਂ ਨੂੰ ਨਿਰਦੋਸ਼ ਹੋਣ ਕਰਕੇ ਸਜ਼ਾ ਨਹੀਂ ਮਿਲੀ ਇਹਨਾਂ ਦਾ ਦੋਸ਼ ਇਹ ਸੀ ਕੀ ਇਹ ਬਹੁਤ ਵੱਡੇ ਪ੍ਰਚਾਰਕ ਸਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਦੇ ਸਨ ਅਤੇ ਦੇਸ਼ ਦੀ ਆਜ਼ਾਦੀ ਲਈ ਅੰਗਰੇਜ਼ਾਂ ਨੂੰ ਵੰਗਾਰਦੇ ਸਨ ਸੋ ਇਹਨਾਂ ਸ਼ਹੀਦਾਂ ਨੂੰ ਨਿਰਦੋਸ਼ੇ ਕਹਿਣਾ ਉਹਨਾਂ ਦੀ ਮਹਾਨ ਸ਼ਹੀਦੀ ਨੂੰ ਨਕਾਰਨਾ ਸਾਡੀ ਬਹੁਤ ਵੱਡੀ ਗਲਤੀ ਹੋਵੇਗੀ। ਤੁਹਾਨੂੰ ਇਹਨਾਂ ਸ਼ਹੀਦੀਆਂ ਤੋਂ ਬੜਾ ਕੁਝ ਸਿੱਖਣ ਦੀ ਲੋੜ ਹੈ ਕਿ ਕਿਸ ਤਰ੍ਹਾਂ ਆਪਣੇ ਦੇਸ਼ ਲਈ ਆਪਣੇ ਧਰਮ ਲਈ ਸ਼ਹੀਦ ਹੋਣਾ ਮਨਜ਼ੂਰ ਕਰ ਲਿਆ ਪਰ ਈਨ ਨਹੀਂ ਮਨੀ।ਉਹਨਾ ਆਖਿਆ ਕਿ ਸਤਿਗੁਰੂ ਸਦਾ ਹੀ ਹੁੰਦੇ ਹਨ ਉਹ ਕਦੇ ਗੁਜਰ ਗਿਆ ਕਲ ਨਹੀ ਹੁੰਦੇ। ਸਤਿਗੁਰੂ ਜਗਜੀਤ ਸਿੰਘ ਜੀ ਜੋਤੀ ਜੋਤ ਸਮਾਨ ਹਨ ਉਹਨਾ ਨਾਲ ਬ੍ਰਹਮਲੀਨ ਸ਼ਬਦ ਦੀ ਵਰਤੋਂ ਕਰਨੀ ਵੱਡੀ ਭੁੱਲ ਹੋਵੇਗੀ ਇਹ ਯਾਦ ਰੱਖਣਾ ਚਾਹੀਦਾ ਹੈ। ਸੰਤ ਸੁਖਵਿੰਦਰ ਸਿੰਘ ਲਾਇਲ ਨੇ ਜਿੱਥੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਓਥੇ ਇਹ ਦੱਸਿਆ ਕਿ ਨਾਮਧਾਰੀ ਸੰਗਤ ਲੁਧਿਆਣਾ ਵੱਲੋਂ ਇਸ ਮੇਲੇ ਦੌਰਾਨ ਸੇਵਾਦਾਰ ਬੁਜ਼ੁਰਗ ਜਿਨ੍ਹਾਂ ਨੇ ਨਾਮਧਾਰੀ ਸੰਗਤ ਅਤੇ ਨਾਮਧਾਰੀ ਪੰਥ ਦੀ ਸੇਵਾ ਕੀਤੀ ਹੈ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ ਜਿੰਨਾ 5 ਬੁਜ਼ੁਰਗ ਸਖਸ਼ੀਅਤਾਂ ਦਾ ਅੱਜ ਸਨਮਾਨ ਸ੍ਰੀ ਸਤਿਗੁਰੂ ਜੀ ਕੀਤਾ ਉਹ ਸਨ ਮਾਤਾ ਗੁਰਬਖਸ਼ ਕੌਰ ਜੀ ਮੋਤੀ ਨਗਰ, ਸੰਤ ਉਜਾਗਰ

ਅਤੇ ਸੰਤ ਬਲਦੇਵ ਸਿੰਘ ਜੀ ਪਧਾਣਾ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣਾ ਪਵਿੱਤਰ ਉਪਦੇਸ਼ ਬਖਸ਼ਿਸ਼ ਕੀਤਾ। ਆਪਣੇ ਉਪਦੇਸ਼ ਵਿੱਚ ਸਤਿਗੁਰੂ ਜੀ ਨੇ ਜਿੱਥੇ ਸ਼ਹੀਦਾਂ ਨੂੰ ਯਾਦ ਕੀਤਾ ਓਥੇ ਸਾਧ ਸੰਗਤ ਖਾਸ ਕਰਕੇ ਨੌਜਵਾਨ ਬੱਚੇ-ਬੱਚੀਆਂ ਨੂੰ ਨਾਮ ਸਿਮਰਨ ਅਤੇ ਗੁਰਬਾਣੀ ਨਾਲ ਜੁੜਨ ਦਾ ਉਪਦੇਸ਼ ਕੀਤਾ ਇਸ ਲੌਕਡਾਊਨ ਦੌਰਾਨ ਸਾਧ ਸੰਗਤ ਨੇ ਬਹੁਤ ਭਜਨ ਬਾਣੀ ਕੀਤਾ ਹੈ ਸਤਿਗੁਰੂ ਜੀ ਕਿਰਪਾ ਕਰਨ ਅੱਗੇ ਤੋਂ ਵੀ ਇਸ ਤਰ੍ਹਾਂ ਇਸ ਤੋਂ ਵੀ ਵੱਧ ਕੇ ਨਾਮ ਸਿਮਰਨ ਪਾਠ ਕੀਤੇ ਜਾਣ ਆਪਣੇ ਬੱਚਿਆਂ ਨੂੰ ਪੰਜਾਬੀ ਨਾਲ ਜੋੜੋ ਜੇ ਉਹ ਪੰਜਾਬੀ ਪੜ੍ਹਨਗੇ ਤਾਂ ਉਹ ਪਾਠ ਕਰ ਸਕਣਗੇ ਬੱਚੇ ਪਾਠ ਜ਼ਰੂਰ ਸਿੱਖਣ ਇੱਥੇ ਗੁਰਬਾਣੀ ਦੀਆਂ ਕਲਾਸਾਂ ਲੱਗਣ ਸਾਨੂੰ ਆਪ ਪਾਠ ਕਰਨੇ ਚਾਹੀਦੇ ਹਨ ਜੇ ਨਹੀਂ ਕਰ ਸਕਦੇ ਤਾਂ ਘੱਟੋ-ਘੱਟ ਕੋਲ ਬੈਠ ਕੇ ਪਾਠ ਸੁਣੋ ਜਰੂਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ ਜ਼ਰੂਰ ਸੁਣੋ ਸਾਨੂ ਇਹਨਾ ਉਪਦੇਸ਼ਾਂ ਵਿੱਚੋ ਬੜਾ ਕੁਝ ਸਿੱਖਣ ਨੂੰ ਮਿਲੇਗਾ ਹਰੇਕ ਨਾਮਧਾਰੀ ਰਾਤ ਨੂੰ ਜਲਦੀ ਸੌਂਏ ਅਤੇ ਸਵੇਰੇ ਅੰਮ੍ਰਿਤ ਵੇਲੇ ਜਰੂਰ ਉਠੇ। ਅੱਜ ਦੇ ਮੇਲੇ ਦੀ ਸੇਵਾ ਸਵਰਗਵਾਸੀ ਸੰਤ ਰਜਿੰਦਰਪਾਲ ਸਿੰਘ ਸੂਰਾ ਦੇ ਪਰਿਵਾਰ ਵੱਲੋਂ ਕੀਤੀ ਗਈ।

**-ਬਲਵੀਰ ਸਿੰਘ ਲੁਧਿਆਣਾ**

.......................................................


## ਸਤਿਗੁਰੂ ਜੀ ਨੇ ਗੁਰਦੁਆਰਾ ਨਾਨਕਸਰ ਸਮਰਾਲਾ ਚੌਂਕ ਲੁਧਿਆਣਾ ਵਿਖੇ ਦਰਸ਼ਨ ਦਿਤੇ

ਪਿਛਲੇ ਦਿਨੀਂ ਬ੍ਰਹਮ ਗਿਆਨੀ ਬਾਬਾ ਜਸਵੰਤ ਸਿੰਘ ਜੀ ਗੁਰਪੁਰੀ ਸਿਧਾਰ ਗਏ ਸਨ। ਉਹਨਾਂ ਦੀ ਦਸਤਾਰ ਬਾਬਾ ਅਨਹਦਰਾਜ ਸਿੰਘ ਹੋਰਾਂ ਦੇ ਸੀਸ ਤੇ ਸਜਾਈ ਗਈ। ਬਾਬਾ ਅਨਹਦਰਾਜ ਸਿੰਘ ਜੀ ਵੀ ਬੜੇ ਸਾਧੂ ਸੁਭਾਅ ਦੇ ਮਾਲਕ ਹਨ। ਉਹਨਾਂ ਬਹੁਤ ਹੀ ਅਦਬ ਤੇ ਸਤਿਕਾਰ ਨਾਲ ਸਤਿਗੁਰੂ ਜੀ ਦਾ ਸਵਾਗਤ ਕੀਤਾ ਤੇ ਬਖਸ਼ਿਸ਼ ਰਖਣ ਵਾਸਤੇ ਬੇਨਤੀ ਕੀਤੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਦ ਬਾਬਾ ਜਸਵੰਤ ਸਿੰਘ ਹੋਰਾਂ ਦਾ ਇਕ ਵਾਰ ਐਕਸੀਡੈਂਟ ਹੋਇਆ ਤਾਂ ਦਰਸ਼ਨ ਦੇਣ ਪਧਾਰੇ ਸਨ। ਉਸ ਵਕਤ ਦੀਆਂ ਯਾਦਗਾਰੀ ਤਸਵੀਰਾਂ ਦੀ ਐਲਬਮ ਵੀ ਉਹਨਾਂ ਸਤਿਗੁਰੂ ਜੀ ਨੂੰ ਵਿਖਾਈ। ਸਤਿਗੁਰੂ ਜੀ ਇਸ ਗਲ ਤੇ ਖੁਸ਼ੀ ਪ੍ਰਗਟਾਈ ਕਿ ਬਾਬਾ ਅਨਹਦਰਾਜ ਸਿੰਘ ਹੋਰਾਂ ਵੀ ਰਾਗ ਦੇ ਜਾਣੂ ਹਨ ਤੇ ਉਹਨਾਂ ਨੂੰ ਸ੍ਰੀ ਭੈਣੀ ਸਾਹਿਬ ਆਉਣ ਵਾਸਤੇ ਸਨੇਹ ਭਰਿਆ ਸੱਦਾ ਦਿੱਤਾ। ਬਾਬਾ ਜੀ ਵਲੋਂ ਸਤਿਗੁਰੂ ਜੀ ਨੂੰ ਦੁਸ਼ਾਲਾ, ਮਾਲਾ, ਫਲ ਆਦਿ ਨਾਲ ਸਤਿਕਾਰ ਭੇਟ ਕੀਤਾ ਗਿਆ। ਜਦ ਬਾਬਾ ਜੀ ਨੇ ਮਾਇਆ ਭੇਟ ਕੀਤੀ ਤਾਂ ਸਤਿਗੁਰੂ ਜੀ ਬਹੁਤ ਹੀ ਪਿਆਰ ਨਾਲ ਹੁਕਮ ਕੀਤਾ ਇਹ ਮਾਇਆ ਤੁਹਾਡੀ ਆ ਗਈ ਹੈ ਸਮਝੋ ਤੁਸੀਂ ਇਹ ਲੰਗਰ ਵਿੱਚ ਪਾਓ। ਮਾਤਾ ਗੁਰਸ਼ਰਨ ਕੌਰ ਜੀ ਵੀ ਸਤਿਗੁਰੂ ਜੀ ਦੇ ਨਾਲ ਸਨ। ਸਤਿਗੁਰੂ ਜੀ ਦੇ ਨਾਲ ਗਏ ਸਿੰਘਾਂ ਦਾ ਵੀ ਬਾਬਾ ਜੀ ਵਲੋਂ ਸਰੋਪੇ ਪਾਕੇ ਸਤਿਕਾਰ ਕੀਤਾ ਗਿਆ। ਸਤਿਗੁਰੂ ਜੀ ਸੂਬਾ ਹਰਭਜਨ ਸਿੰਘ ਹੋਰਾਂ ਨੂੰ ਆਖਿਆ ਕਿ ਆਪਾਂ ਹੁਣ ਇਹਨਾਂ ਤੋਂ ਆਗਿਆ ਲਈਏ ਤਾਂ ਬਹੁਤ ਹੀ ਨਿਮਰਤਾ ਸਹਿਤ ਬਾਬਾ ਅਨਹਦਰਾਜ ਸਿੰਘ ਹੋਰਾਂ ਨਿਰਮਾਣ ਹੋ ਬੇਨਤੀ ਕੀਤੀ- ਜੀ ਅਸੀਂ ਆਪ ਜੀ ਨੂੰ ਆਗਿਆ ਦੇਣ ਵਾਲੇ ਕੌਣ ਹੁੰਦੇ ਹਾਂ ਆਪ ਜੀ ਦਾ ਥਾਂ ਹੁਕਮ ਕਰਨ ਵਾਲਾ ਹੈ। ਇਸ ਤਰਾਂ ਇਹ ਛੋਟੀ ਜਿਹੀ ਮੁਲਾਕਾਤ ਸਨੇਹ ਤੇ ਸਾਂਝੀਵਾਲਤਾ ਦਾ ਸੁਨੇਹਾ ਦੇਂਦਿਆਂ ਹੋਇਆ ਅਮਿਟ ਛਾਪ ਛੱਡ ਗਈ।

**-ਸੁਖਵਿੰਦਰ ਸਿੰਘ ਲਾਇਲ**

.......................................................

## ਸ. ਭਜਨ ਸਿੰਘ ਗਰੇਵਾਲ ਨਹੀਂ ਰਹੇ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨ ਸੇਵਕ ਸ. ਭਜਨ ਸਿੰਘ ਗਰੇਵਾਲ 1 ਦਸੰਬਰ 2020 ਨੂੰ ਇਸ ਫਾਨੀ ਸੰਸਾਰ ਨੂੰ ਸਦਾ ਵਾਸਤਾ ਅਲਵਿਦਾ ਆਖ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਇਹਨਾਂ ਨਮਿੱਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ 12 ਦਸੰਬਰ 2020 ਨੂੰ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਭੋਗ ਸਮੇਂ ਜਥੇਦਾਰ ਕਮਾਲ ਸਿੰਘ ਨੇ ਆਪਣੇ ਜਥੇ ਨਾਲ ਦੀਵਾਨ ਸਜਾਉਂਦਿਆਂ ਇਸ ਸੰਸਾਰ ਦੀ ਨਾਸ਼ਵਾਨਤਾ ਦਾ ਜ਼ਿਕਰ ਕੀਤਾ। ਸ. ਭਜਨ ਸਿੰਘ ਗਰੇਵਾਲ ਹੁਰਾਂ ਦਾ ਪਰਿਵਾਰ ਲੰਮੇ ਸਮੇਂ ਤੋਂ ਸ੍ਰੀ ਭੈਣੀ ਸਾਹਿਬ ਰਹਿ ਰਿਹਾ ਹੈ। ਇਸ ਪਰਿਵਾਰ ਤੇ ਪਹਿਲਾਂ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਤੇ ਹੁਣ ਸਤਿਗੁਰੂ ਉਦੇ ਸਿੰਘ ਜੀ ਦੀਆਂ ਅਪਾਰ ਖੁਸ਼ੀਆਂ ਹਨ।

**- ਗੁਰਦੇਵ ਸਿੰਘ ਚੀਮਾ**

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਮੇਲਾ

12-13 ਦਿਸੰਬਰ 2020 ਈ. ਨੂੰ ਸ੍ਰੀ ਭੈਣੀ ਸਾਹਿਬ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਮੇਲਾ ਮਨਾਇਆ ਗਿਆ। ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਸੰਗਤ 12 ਤਰੀਖ ਸ਼ਾਮ ਨੂੰ ਪ੍ਰਤਾਪ ਮੰਦਰ ਵਿੱਚ ਸਮੇਂ ਅਨੁਸਾਰ ਪਹੁੰਚ ਗਈ।

6 ਵਜੇ ਪ੍ਰੋਗਰਾਮ ਆਰੰਭ ਹੋਇਆ। ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੀ ਇਕ ਵਿਡੀਓ ਰਿਕਾਡਿੰਗ ਜੋ ਉਹਨਾਂ ਕੁਝ ਦਿਨ ਪਹਿਲਾਂ ਸਤਿਗੁਰੂ ਜਗਜੀਤ ਸਿੰਘ ਜੀ ਲੱਗੀ ਉਹ ਅਭੁੱਲ ਯਾਦਾਂ, ਪ੍ਰੇਮ ਮਿਲਣੀਆਂ ਨੂੰ ਯਾਦ ਕਰਦਿਆਂ ਰਿਕਾਡਿੰਗ ਕਰਵਾਈ ਸੀ। ਉਹਨਾਂ ਕਿਹਾ ਮੇਰੀ ਪਹਿਲੀ ਮੁਲਾਕਾਤ ਜਗਦੀਸ਼ ਸਿੰਘ 'ਵਰਿਆਮ' ਹੁਰਾਂ ਦੇ ਰਾਹੀਂ ਹੋਈ ਸੀ ਤੇ ਇਕ ਵਿਨੋਦੀ ਬਚਨ ਨੂੰ ਯਾਦ ਕਰਦਿਆਂ ਆਖਿਆ ਸਤਿਗੁਰੂ ਜੀ ਸਾਨੂੰ ਦੋਵਾਂ ਨੂੰ ਇਕੱਠਿਆਂ ਇਕ ਸਭਾ ਵਿੱਚ ਆਇਆਂ ਦੇਖ ਕਿਹਾ ਸੀ। ਜਗਦੀਸ਼ ਸਿੰਘ ਵਰਿਆਮ ਤੇ ਵਰਿਆਮ ਸਿੰਘ ਸੰਧੂ ਉਹਨਾਂ ਦਾ ਕਹਿਣਾ ਇਸ ਢੰਗ ਦਾ ਸੀ ਕਿ ਦੋਵਾਂ ਨਾਵਾਂ ਵਿੱਚ ਕਾਮਨ ਸ਼ਬਦ 'ਵਰਿਆਮ' ਨੂੰ ਇਸ ਤਰੀਕੇ ਨਾਲ ਕਿਹਾ ਕੇ ਸਭਾ ਵਿੱਚ ਬੈਠੀ ਸਾਰੀ ਸੰਗਤ ਖੁਸ਼ ਹੋ ਗਈ। ਸੰਧੂ ਸਾਹਿਬ ਨੇ ਸਤਿਗੁਰੂ ਜੀ ਦੇ ਸੰਵੇਦਨਸ਼ੀਲਤਾ ਬਾਰੇ ਗਲ ਕਰਦਿਆਂ ਕਿਹਾ ਕਿ ਵੱਡੇ ਲੋਕਾਂ ਦਾ ਇਹ ਹੀ ਦੂਜਿਆਂ ਨਾਲੋਂ ਫ਼ਰਕ ਹੁੰਦਾ ਹੈ ਕਿ ਉਹ ਆਪਣੇ ਕੋਲ ਬੈਠੇ ਕਿਸੇ ਨੂੰ ਨੀਵਾਂ ਨਹੀਂ ਦਿਖਾਉਂਦੇ ਸਗੋਂ ਉਚਾ ਕਰ ਦਿੰਦੇ ਹਨ। ਸਤਿਗੁਰੂ ਜੀ ਨੇ ਨਾਮਧਾਰੀ ਪੰਥ ਦਾ ਵਿਕਾਸ ਹਰ ਖੇਤਰ ਵਿੱਚ ਕੀਤਾ ਉਹਨਾਂ ਬੱਚਿਆਂ ਨੂੰ ਵੱਧ ਤੋਂ ਵੱਧ ਸੰਭਾਵਨਾਵਾਂ ਪੈਦਾ ਕਰ ਕੇ ਦਿੱਤੀਆ ਜਿਸ ਕਾਰਨ ਬਹੁਤ ਸਾਰੇ ਨਾਮਧਾਰੀ ਮੁੰਡੇ ਵੱਖਰੇ-ਵੱਖਰੇ ਖੇਤਰਾਂ ਵਿੱਚ ਆਪਣੀ ਯੋਗਤਾ ਸਾਬਤ ਕਰ ਸਕੇ। ਸੰਧੂ ਸਾਹਿਬ ਨੇ ਕਈ ਬੱਚਿਆਂ ਦਾ ਨਾਮ ਲੈ ਕੇ ਦੱਸਿਆ ਕਿ ਕਿਵੇਂ ਇਹ ਅੱਜ ਜਗਤ ਪ੍ਰਸਿੱਧ ਹਨ ਪਰ ਜੇ ਸਤਿਗੁਰੂ ਜੀ ਇਨ੍ਹਾਂ ਲਈ ਸੰਭਾਵਨਾਵਾਂ ਨਾ ਪੈਦਾ ਕਰਦੇ ਤਾਂ ਇਹ ਬਹੁਤ ਸਾਰੇ ਲੋਕਾਂ ਵਾਂਗ ਰੁਲ ਜਾਂਦੇ।

ਸਤਿਗੁਰੂ ਜੀ ਦੇ ਸੁਭਾਅ ਦੀ ਗੱਲ ਕਰਦਿਆਂ ਵਰਿਆਮ ਸੰਧੂ ਨੇ ਆਖਿਆ 'ਸਤਿਗੁਰੂ ਜੀ ਅਣਹੋਣੀ ਨੂੰ ਹੋਣੀ ਬਣਾ ਦੇਣ ਵਾਲੇ ਸਨ ਜੋ ਕਾਰਜ ਲੋਕਾਂ ਲਈ ਅਸੰਭਵ ਸੀ ਉਹ ਸਤਿਗੁਰੂ ਜੀ ਨੇ ਸੰਭਵ ਬਣਾ ਦਿੱਤਾ ਤਕਰੀਬਨ ਇਕ ਘੰਟਾ ਸੰਧੂ ਸਾਹਬ ਸੰਗਤ ਨੂੰ ਸੰਬੋਧਨ ਹੋਏ।

ਉਪਰੰਤ ਸ੍ਰੀ ਭੈਣੀ ਸਾਹਿਬ ਸਹਿਤ ਸਭਾ ਵਲੋਂ ਕਵੀ ਦਰਬਾਰ ਹੋਇਆ ਇਸ ਕਵੀ ਦਰਬਾਰ ਦੀ ਪ੍ਰਧਾਨਗੀ ਕਵੀਸ਼ਰ ਗੁਰਸੇਵਕ ਸਿੰਘ ਨੇ ਕੀਤੀ। ਸਭ ਤੋਂ ਪਹਿਲਾ ਕਵਿਤਾ ਨਾਲ ਹਾਜ਼ਰੀ ਰਜਿੰਦਰ ਕੌਰ ਪੰਨੂ, ਕੇ ਬਣਾਈ ਉਪਰੰਤ ਸੁਲੱਖਣ ਸਿੰਘ ਅਟਵਾਲ, ਜਗਤਾਰ ਸਿੰਘ ਰਾਈਆਂ, ਹਰਬੰਸ ਸਿੰਘ ਰਾਏ, ਬੀਬੀ ਸ਼ਿਦਰ ਕੌਰ ਦਿੱਲੀ, ਸੇਵਾ ਸਿੰਘ, ਸੂਬਾ ਬਲਵਿੰਦਰ ਸਿੰਘ ਝੱਲ, ਸੰਤ ਕੌਰ, ਹਰਸ਼ਦੀਪ ਸਿੰਘ, ਕਿਰਪਾ ਸਿੰਘ, ਪਿਆਰਾ ਸਿੰਘ ਰਾਗੀ ਅਤੇ ਤਰਨ ਸਿੰਘ ਬੱਲ ਨੇ ਆਪਣੀਆਂ ਕਵਿਤਾਵਾਂ ਸੰਗਤ ਨੂੰ ਸੁਣਾਈਆਂ। ਕਵੀਸ਼ਰ ਗੁਰਸੇਵਕ ਸਿੰਘ ਨੇ ਅੰਤ ਵਿੱਚ ਆਪਣੀ ਕਵਿਤਾ ਤਰੰਨਮ ਵਿੱਚ ਸੁਣਾ ਕਵੀ ਦਰਬਾਰ ਦੀ ਸਮਾਪਤੀ ਕੀਤੀ। ਸਤਿਗੁਰੂ ਜੀ ਸਾਰਾ ਸਮਾਂ ਦੀਵਾਨ ਵਿੱਚ ਮੌਜੂਦ ਰਹੇ ਅਤੇ ਕਵੀਆਂ ਨੂੰ ਖੁਸ਼ੀਆਂ ਬਖ਼ਸ਼ਦੇ ਰਹੇ। 13 ਤਰੀਖ਼ ਦੇ ਪ੍ਰੋਗਰਾਮ ਬਾਰੇ ਸੰਗਤ ਨੂੰ ਦੱਸਿਆ ਗਿਆ।

13 ਦਸੰਬਰ 2012 ਈ. ਨੂੰ ਸਤਿਗੁਰੂ ਜਗਜੀਤ ਸਿੰਘ ਜੀ ਜੋਤੀ ਜੋਤ ਸਮਾਏ ਸੀ ਇਸ ਕਰਕੇ ਹਰ ਸਾਲ 13 ਦਿਸੰਬਰ ਸ਼ਾਮ ਨੂੰ ਸਾਰੀ ਨਾਮਧਾਰੀ ਸੰਗਤ ਆਪਣੇ ਪ੍ਰੀਤਮ ਦੀ ਯਾਦ ਵਿੱਚ ਨਿਤਨੇਮ ਕਰਦੀ ਹੈ। ਸ਼ਾਮ 6 ਵਜ ਕੇ 28 ਮਿੰਟ ਤੇ ਸੰਗਤ ਨੇ ਨਿਤਨੇਮ ਦੀ ਅਰਦਾਸ ਕੀਤੀ। ਇਸ ਦੌਰਾਨ ਸਤਿਗੁਰੂ ਜੀ ਦੀ ਇਕ ਵਿਡੀਓ ਫਿਲਮ ਵਿਖਾਈ ਗਈ।

ਉਪਰੰਤ ਰਾਗੀ ਬਲਵੰਤ ਸਿੰਘ ਨੇ ਸੰਤ ਨਿਸ਼ਾਨ ਸਿੰਘ, ਹਰਪਾਲ ਸਿੰਘ ਸੋਧੀ ਆਦਿ ਕਵੀਆਂ ਦੇ ਗੀਤਾਂ ਰਾਹੀਂ ਸਤਿਗੁਰੂ ਜੀ ਨੂੰ ਅਕੀਦਤ ਭੇਟ ਕੀਤੀ। ਉਨ੍ਹਾਂ ਨਾਲ ਹਰਪ੍ਰੀਤ ਸਿੰਘ ਸੋਨੂੰ, ਬਸੰਤ ਸਿੰਘ, ਹਰਨਾਮ ਸਿੰਘ, ਬ੍ਰਹਮ ਕੌਰ, ਹਰਦੇਵ ਕੌਰ ਨੇ ਸਾਥ ਦਿੱਤਾ। ਇਹ ਸਾਰਾ ਪ੍ਰੋਗਰਾਮ YouTube ਤੇ ਸ੍ਰੀ ਭੈਣੀ ਸਾਹਿਬ ਚੈਨਲ ਤੋਂ ਦੇਸ਼ਾਂ ਵਿਦੇਸ਼ਾਂ ਵਿੱਚ ਵੱਸਦੀ ਸੰਗਤ ਵਾਸਤੇ ਲਾਇਵ ਕੀਤਾ ਗਿਆ।

**– ਗੁਰਦੇਵ ਸਿੰਘ ਚੀਮਾ**




ਸਤਿਜੁਗ ਦਫਤਰ ਵਿੱਚ ਸੇਵਾ ਕਰਦੀ ਹੋਈ ਸਾਧ ਸੰਗਤ



ਮੇਲਿਆਂ ਦੌਰਾਨ ਚਿੱਤਰ-ਪ੍ਰਦਰਸ਼ਨੀ ਦੀ ਸੇਵਾ ਕਰਨ ਵਾਲੇ ਸੰਤ ਸੁਖਵਿੰਦਰ ਸਿੰਘ

Date of Publication: 24-12-2020,
Date of Posting: 25-26 Dec. 2020

RNI NO. 55658/93 Delhi Postal Regd. No. DL(W) 01/2055/18-20

# ਇਹ ਮੇਲਾ ਹੈ

ਹੈ ਜਿਥੋਂ ਤੱਕ ਨਜ਼ਰ ਜਾਂਦੀ
ਤੇ ਜਿਥੋਂ ਤੱਕ ਨਹੀਂ ਜਾਂਦੀ
ਇਹਦੇ ਵਿਚ ਲੋਕ ਸ਼ਾਮਲ ਨੇ
ਇਹਦੇ ਵਿਚ ਲੋਕ ਤੇ ਸੁਰਲੋਕ ਤੇ ਤ੍ਰੈਲੋਕ ਸ਼ਾਮਲ ਨੇ
ਇਹ ਮੇਲਾ ਹੈ

ਇਹਦੇ ਵਿਚ ਧਰਤ ਸ਼ਾਮਲ, ਬਿਰਖ, ਪਾਣੀ, ਪੌਣ ਸ਼ਾਮਲ ਨੇ
ਇਹਦੇ ਵਿਚ ਸਾਡੇ ਹਾਸੇ, ਹੰਝੂ, ਸਾਡੇ ਗੌਣ ਸ਼ਾਮਲ ਨੇ
ਤੇ ਤੈਨੂੰ ਕੁਝ ਪਤਾ ਹੀ ਨਈਂ ਇਹਦੇ ਵਿਚ ਕੌਣ ਸ਼ਾਮਲ ਨੇ

ਇਹਦੇ ਵਿਚ ਪੁਰਖਿਆਂ ਦਾ ਰੰਗਲਾ ਇਤਿਹਾਸ ਸ਼ਾਮਲ ਹੈ
ਇਹਦੇ ਵਿਚ ਲੋਕ-ਮਨ ਦਾ ਸਿਰਜਿਆ ਮਿਥਿਹਾਸ ਸ਼ਾਮਲ ਹੈ
ਇਹਦੇ ਵਿਚ ਸਿਦਕ ਸਾਡਾ, ਸਬਰ, ਸਾਡੀ ਆਸ ਸ਼ਾਮਲ ਹੈ
ਇਹਦੇ ਵਿਚ ਸ਼ਬਦ, ਸੁਰਤੀ, ਧੁਨ ਅਤੇ ਅਰਦਾਸ ਸ਼ਾਮਲ ਹੈ
ਤੇ ਤੈਨੂੰ ਕੁਝ ਪਤਾ ਹੀ ਨਈਂ

ਇਹਦੇ ਵਿਚ ਵਰਤਮਾਨ, ਅਤੀਤ ਨਾਲ ਭਵਿੱਖ ਸ਼ਾਮਲ ਹੈ
ਇਹਦੇ ਵਿਚ ਹਿੰਦੂ, ਮੁਸਲਮ, ਬੁੱਧ, ਜੈਨ ਤੇ ਸਿੱਖ ਸ਼ਾਮਲ ਹੈ
ਬੜਾ ਕੁਝ ਦਿਸ ਰਿਹਾ ਤੇ ਕਿੰਨਾ ਹੋਰ ਅਦਿੱਖ ਸ਼ਾਮਲ ਹੈ
ਇਹ ਮੇਲਾ ਹੈ

ਇਹ ਹੈ ਇਕ ਲਹਿਰ ਵੀ, ਸੰਘਰਸ਼ ਵੀ ਪਰ ਜਸ਼ਨ ਵੀ ਤਾਂ ਹੈ
ਇਹਦੇ ਵਿਚ ਰੋਹ ਹੈ ਸਾਡਾ, ਦਰਦ ਸਾਡਾ ਟਸ਼ਨ ਵੀ ਤਾਂ ਹੈ
ਜੋ ਪੁੱਛੇਗਾ ਕਦੀ ਇਤਿਹਾਸ ਤੈਥੋਂ, ਪ੍ਰਸ਼ਨ ਵੀ ਤਾਂ ਹੈ
ਤੇ ਤੈਨੂੰ ਕੁਝ ਪਤਾ ਹੀ ਨਈਂ, ਇਹਦੇ ਵਿਚ ਕੌਣ ਸ਼ਾਮਲ ਨੇ

ਨਹੀਂ ਇਹ ਭੀੜ ਨਈਂ ਕੋਈ, ਇਹ ਰੂਹਦਾਰਾਂ ਦੀ ਸੰਗਤ ਹੈ
ਇਹ ਤੁਰਦੇ ਵਾਕ ਦੇ ਵਿਚ ਅਰਥ ਨੇ, ਸ਼ਬਦਾਂ ਦੀ ਪੰਗਤ ਹੈ
ਇਹ ਸ਼ੋਭਾ-ਯਾਤਰਾ ਤੋਂ ਵੱਖਰੀ ਹੈ ਯਾਤਰਾ ਕੋਈ
ਗੁਰਾਂ ਦੀ ਦੀਖਿਆ ਤੇ ਚੱਲ ਰਿਹਾ ਹੈ ਕਾਫ਼ਿਲਾ ਕੋਈ
ਇਹ ਮੈਂ ਨੂੰ ਛੋੜ ਆਪਾਂ ਤੇ ਅਸੀਂ ਵੱਲ ਜਾ ਰਿਹਾ ਕੋਈ

ਇਹਦੇ ਵਿਚ ਮੁੱਦਤਾਂ ਤੋਂ ਸਿੱਖੇ ਹੋਏ ਸਬਕ ਸ਼ਾਮਲ ਨੇ
ਇਹਦੇ ਵਿਚ ਸੂਫ਼ੀਆਂ ਫੱਕਰਾਂ ਦੇ ਚੌਦਾਂ ਤਬਕ ਸ਼ਾਮਲ ਨੇ
ਤੁਹਾਨੂੰ ਗੱਲ ਸੁਣਾਉਣਾਂ ਇਕ, ਬੜੀ ਭੋਲੀ ਤੇ ਮਨਮੋਹਣੀ
ਅਸਾਨੂੰ ਕਹਿਣ ਲੱਗੀ ਕੱਲ੍ਹ ਇਕ ਦਿੱਲੀ ਦੀ ਧੀ ਸੁਹਣੀ
ਤੁਸੀਂ ਜਦ ਮੁੜ ਗਏ ਏਥੋਂ, ਬੜੀ ਬੇਰੌਣਕੀ ਹੋਣੀ

ਟ੍ਰੈਫਿਕ ਤਾਂ ਬਹੁਤ ਹੋਵੇਗੀ ਪਰ ਸੰਗਤ ਨਹੀਂ ਹੋਣੀ
ਇਹ ਲੰਗਰ ਛਕ ਰਹੀ ਤੇ ਵੰਡ ਰਹੀ ਪੰਗਤ ਨਹੀਂ ਹੋਣੀ
ਘਰਾਂ ਨੂੰ ਦੌੜਦੇ ਲੋਕਾਂ 'ਚ ਇਹ ਰੰਗਤ ਨਹੀਂ ਹੋਣੀ
ਅਸੀਂ ਫਿਰ ਕੀ ਕਰਾਂਗੇ
ਤਾਂ ਸਾਡੇ ਨੈਣ ਨਮ ਹੋ ਗਏ
ਇਹ ਕੈਸਾ ਨਿਹੁੰ ਨਵੇਲਾ ਹੈ, ਇਹ ਮੇਲਾ ਹੈ

ਤੁਸੀਂ ਪਰਤੋ ਘਰੀਂ, ਰਾਜ਼ੀ ਖੁਸ਼ੀ, ਹੈ ਦੁਆ ਮੇਰੀ
ਤੁਸੀਂ ਜਿੱਤੋ ਬਾਜ਼ੀ ਸੱਚ ਦੀ, ਹੈ ਇਹ ਦੁਆ ਮੇਰੀ
ਤੁਸੀਂ ਪਰਤੋ ਤਾਂ ਧਰਤੀ ਲਈ ਨਵੀਂ ਤਕਦੀਰ ਹੋ ਕੇ ਹੁਣ
ਨਵੇਂ ਅਹਿਸਾਸ, ਸੱਚਰੀ ਸੋਚ ਤੇ ਤਦਬੀਰ ਹੋ ਕੇ ਹੁਣ
ਮੁਹੱਬਤ ਸਾਦਗੀ ਅਪਣੱਤ ਦੀ ਤਾਸੀਰ ਹੋ ਕੇ ਹੁਣ
ਇਹ ਇੱਛਰਾਂ ਮਾਂ ਤੇ ਪੁੱਤ ਪੂਰਨ ਦੇ ਮੁੜ ਮਿਲਣੇ ਦਾ ਵੇਲਾ ਹੈ
ਇਹ ਮੇਲਾ ਹੈ

ਹੈ ਜਿਥੋਂ ਤੱਕ ਨਜ਼ਰ ਜਾਂਦੀ
ਤੇ ਜਿਥੋਂ ਤੱਕ ਨਹੀਂ ਜਾਂਦੀ
ਇਹਦੇ ਵਿਚ ਲੋਕ ਸ਼ਾਮਲ ਨੇ
ਇਹਦੇ ਵਿਚ ਲੋਕ ਤੇ ਸੁਰਲੋਕ ਤੇ ਤ੍ਰੈਲੋਕ ਸ਼ਾਮਲ ਨੇ
ਇਹ ਮੇਲਾ ਹੈ

ਇਹਦੇ ਵਿਚ ਧਰਤ ਸ਼ਾਮਲ, ਬਿਰਖ, ਪਾਣੀ, ਪੌਣ ਸ਼ਾਮਲ ਨੇ
ਇਹਦੇ ਵਿਚ ਸਾਡੇ ਹਾਸੇ, ਹੰਝੂ, ਸਾਡੇ ਗੌਣ ਸ਼ਾਮਲ ਨੇ
ਤੇ ਤੈਨੂੰ ਕੁਝ ਪਤਾ ਹੀ ਨਈਂ ਇਹਦੇ ਵਿਚ ਕੌਣ ਸ਼ਾਮਲ ਨੇ

– ਸੁਰਜੀਤ ਪਾਤਰ

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.